INTERNATIONAL MAGAZINE
RNI No. 61816/95
Postal Regd. No. CHD/0081/2024-26
Date Of Publishing : 22/12/2023
Page No. from 1 to 60
Date of Posting
Last Date of Every Month
Posted by MBU
30/-



ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਜਨਵਰੀ
2024

ਪਟਨਾ ਸਹਰ ਬਿਖੈ ਭਵ ਲਯੋ ॥



ਸੂਫੀ ਫਕੀਰ ਪੀਰ ਭੀਖਣ ਸ਼ਾਹ ਵਲੋਂ ਭੇਟ ਕੀਤੇ ਦੋਨੋਂ ਕੁਜਿਆਂ ਉਪਰ ਆਪਣੇ ਕੋਮਲ ਹੱਥ ਰੱਖ ਕੇ ਬਾਲ ਗੋਬਿੰਦ ਰਾਇ ਨੇ ਇਹ ਭਾਵ ਪ੍ਰਗਟ ਕੀਤਾ ਕਿ ਆਪ ਜੀ ਹਿੰਦੂਆਂ-ਮੁਸਲਮਾਨਾਂ ਅਤੇ ਸਰਬ ਮਨੁੱਖਤਾ ਦੇ ਸਾਂਝੇ ਰਹਿਬਰ ਹੋਣਗੇ।

ਏਕੋ ਬ੍ਰਹਮੁ ਦੁਤੀਯ ਨਾਸਿਤ।
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ



Founder : Shriman Sant Baba Waryam Singh Ji and Mata Ranjit Kaur Ji

# GURU GOBIND SINGH VIDYA MANDIR SR. SEC. SCHOOL



C.B.S.E. Affiliated

*Best School in the Region*

## ADMISSIONS OPEN

## PLAYWAY To IX & XI

**(SCIENCE, COMMERCE & HUMANITIES)**

**LIMITED SEATS**

*Affordable Fee Structure*









- Day starts with Japuji Sahib Path, Ardas and Naam Simran
- Classrooms under CCTV Camera
- Excellent Board Results
- Well-equipped Labs to cater to Physical, Chemical, Biological & Technological aspects of life
- Focus on Confidence Building and Communication Skills
- Practical based Educational Learning Experience
- In-House Training Programmes for Teachers
- Green, Safe and Eco-friendly Environment
- Sikh Martial Arts - Gatka for Boys & Girls
- Divinity Classes / Gurbani / Kirtan
- Mobile Equipped Transport Facility
  - Language Lab
  - Well-Stocked Library
  - Smart Classrooms
  - Excellent Sports Facilities
  - Cricket Academy
  - Inclusion of Moral Values
  - NCC & NSS Wing
  - Divine Environment






ggsvmschool

**E-mail : ggsvmschool@yahoo.in**

**Website : www.ggsvm.com**

GGSVM Sr. Sec. School Ratwara Sahib

Guru Gobind Singh Vidya Mandir School Ratwara Sahib

**RATWARA SAHIB, PO MULLANPUR GARIBDAS (NEW CHANDIGARH) DISTT. S.A.S. NAGAR**

**Contact : 0160-2255003, 97813-34004, 97813-30153**

# ਆਤਮ ਮਾਰਗ

ਸਾਲ-ਉਨੱਤੀਵਾਂ, ਮਹੀਨਾ-ਜਨਵਰੀ, 2024

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**

**ਚੇਅਰਮੈਨ**

ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**

ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ

ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ

ਡਾ. ਜਗਜੀਤ ਸਿੰਘ

**ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ**

**ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।**

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

**Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India**

**SUBSCRIPTION – ਚੰਦਾ – (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| **4500/-** | **45000/-** |

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।**

**Media Broadcast (Ratwara Sahib)**

**Please visit us on internet at :-**

**For Atam Marg Email : atammarg1@yahoo.co.in,**

**Website & Live video -**

**www.ratwarasahib.org**
**www.ratwarasahib.com**
**www.ratwarasahib.in**

**Apps: RATWARASAHIB TV (for both apple & andriod) (Availeble 24 Hours)**

**Email : sratwarasahib.in@gmail.com**

**Live Programme & Cable Tv Network**

**98728-14385, 94172-14385**

**98147-12900**

**ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ**

**ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ**
001-408-263-1844

**ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ**
**001-604-433-0408**

**ਭਾਈ ਤਰਸੇਮ ਸਿੰਘ ਬੈਂਸ**
**001-604-862-9525**

**ਭਾਈ ਜਸਬੀਰ ਸਿੰਘ ਰਾਣੂ**
**001-604-589-9189**

**ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
**0044-121-200-2818**

**ਭਾਈ ਅਰਵਿੰਦਰ ਸਿੰਘ (ਰਾਜ)**
**0044-7968734058**

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
**0061-406619858**

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

**ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ**

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ੍ਰੀ ਮਾਨ ਜੀ - 98551-32009

ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 8 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 3. | **ਸ੍ਰੀ ਗੁਰੂ ਗੋਬਿੰਦ ਸਿੰਘ ਜੀ** | 13 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਅਗੰਮ ਅਗੋਚਰ ਦਾ ਮਾਰਗ** | 30 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਸਿਮਰਉ ਸਿਮਰਿ ਸਿਮਰਿ ਸੁਖ ਪਾਵਉ** | 35 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | **ਵਾਰਾਂ ਭਾਈ ਗੁਰਦਾਸ ਜੀ** | 38 |
| 7. | **ਭਾਈ ਨੰਦ ਲਾਲ ਜੀ** | 40 |
| 8. | **ਗੁਰਬਾਣੀ ਅਰਥ ਭੰਡਾਰ** | 42 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 9. | **ਗੁਰੂ ਨਾਨਕ ਆਗਮਨ** | 46 |
| | *ਡਾ. ਭਾਈ ਵੀਰ ਸਿੰਘ* | |
| 10. | **ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ** | 50 |
| | *ਡਾ. ਜਗਜੀਤ ਸਿੰਘ* | |
| 11. | **ਈਸ਼੍ਵਰ ਅਮੋਲਕ ਲਾਲ** | 54 |
| | *ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ* | |
| 12. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਅਕਾਲ ਪੁਰਖ ਦੀ ਰਚਨਾ 'ਬੇਅੰਤ' ਹੈ –

*ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ*
*ਸਰਬ ਜੀਆ ਕਾ ਦਾਤਾ ਰੇ ॥ ਅੰਗ- ੬੧੨*

ਇਸ ਸ੍ਰਿਸ਼ਟੀ ਦਾ ਅੰਤ ਜਾਂ ਭੇਦ ਪਾਉਣਾ ਨਾਮੁਮਕਿਨ ਹੈ। ***'ਤੂ ਬੇਅੰਤੁ ਕੋ ਵਿਰਲਾ ਜਾਣੈ॥'*** *(ਅੰਗ-੫੬੨)* ਜਾਂ ***'ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥'*** *(ਅੰਗ-੪)* ਉਸ ਦੀ ਰਚਨਾ ਨੂੰ ਜਾਂ ਉਸ ਦੀ ਉਸਤਤੀ ਵਿਚ ਉਸ ਨੂੰ ਵੱਡੇ ਤੋਂ ਵੱਡਾ ਕਹਿਣਾ ਵੀ ਸਾਡੀ ਭੁੱਲ ਹੈ। ਸਤਿਗੁਰੂ ਬਾਣੀ 'ਚ ਫੁਰਮਾਨ ਕਰਦੇ ਹਨ ਕਿ ***'ਕੇਵਡੁ ਵਡਾ ਡੀਠਾ ਹੋਇ॥'*** ਉਹ ਅਕਾਲ ਪੁਰਖ ਕਿਤਨੇ ਕੁ ਵੱਡੇ ਹਨ ਦਸੀਏ ਤਾਂ ਜੇ ਦੇਖੇ ਹੋਣ। ਉਸ ਦੇ ਕ੍ਰੋੜਾਂ ਬ੍ਰਹਿਮੰਡਾਂ ਵਿਚ ਲੱਖਾਂ ਧਰਤੀਆਂ, ਪਾਤਾਲ ਤੇ ਅਕਾਸ਼ ਹਨ –

*ਧਰਤੀ ਹੋਰੁ ਪਰੈ ਹੋਰੁ ਹੋਰੁ॥ ਅੰਗ – ੩*

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਅੰਗ – ੫*

ਇਸ ਸਾਰੀ ਸ੍ਰਿਸ਼ਟੀ ਦੀ ਕੋਈ ਵਿਉਂਤਬੰਦੀ ਹੈ। ਪਰਮੇਸ਼ਰ ਵਲੋਂ ਬਣਾਈ ਗਈ ਨਿਯਮਾਂਵਲੀ ਵਿਚ ਇਹ ਸਾਰੇ ਬੰਨ੍ਹੇ ਹੋਏ ਹਨ –

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥*
*ਭੈ ਵਿਚਿ ਰਾਜਾ ਧਰਮੁ ਦੁਆਰੁ ॥*
*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥*
*ਕੋਹ ਕਰੋੜੀ ਚਲਤ ਨ ਅੰਤੁ ॥*
...............................
*ਸਗਲਿਆ ਭਉ ਲਿਖਿਆ ਸਿਰਿ ਲੇਖੁ ॥*
*ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ ਅੰਗ- ੪੬੪*

ਸਭਨਾਂ ਦੇ ਸਿਰ 'ਤੇ ਲੇਖ ਲਿਖੇ ਹੋਏ ਹਨ ਭਾਵ ***'ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ ॥'*** ਸਭਨਾਂ 'ਚ ਉਸਦਾ ਹੁਕਮ ਵਰਤ ਰਿਹਾ ਹੈ।

ਹੁਣ ਇਸ ਬੇਅੰਤ ਦੇ ਪ੍ਰਬੰਧ ਵਿਚ ਧਰਤੀ, ਪ੍ਰਿਥਵੀ, ਮਾਤ ਲੋਕ, earth planet, ਇਕ ਛੋਟਾ ਜਿਹਾ ਟੁਕੜਾ ਹੈ। ਇਹ ਮਾਤ ਲੋਕ ਸਮੇਂ ਦੀ ਸੀਮਾ ਵਿਚ ਹੈ। ਸਮੇਂ/ਕਾਲ ਦੇ ਫੇਰ ਬਦਲ ਵਿਚ ਇਸ ਦਾ ਵਜੂਦ ਕਦੇ ਪਹਾੜਾਂ ਦੇ ਰੂਪ 'ਚ, ਕਦੇ ਸਮੁੰਦਰ ਦੇ ਰੂਪ ਵਿਚ ਅਤੇ ਕਦੇ ਧਰਤੀ ਦੇ ਰੂਪ ਵਿਚ ਬਦਲਦਾ ਰਹਿੰਦਾ ਹੈ। ਇਸ ਮਾਤ ਲੋਕ ਵਿਚ ਜੀਵਾਂ ਨੇ ਜਨਮ ਲਏ ਹਨ। ਜਨਮ/ਮਰਣ ਦਾ ਚੱਕਰ ਚਲਦਾ ਰਹਿਣਾ ਹੈ। ਇਹ ਜਨਮ ਤੇ ਮੌਤ ਵੀ ਸਮੇਂ ਬੱਧ ਹੈ। ਸੀਮਾ 'ਚ ਹੈ। ਮਾਤ ਲੋਕ ਦਾ ਅਟੱਲ ਨਿਯਮ ਹੈ ਕਿ –

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥*
*ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥*
*ਅੰਗ- ੧੪੨੯*

ਮਾਤ ਲੋਕ ਦੇ ਬਸ਼ਿੰਦਿਆਂ ਨੇ ਇਸ ਕਾਲ ਚੱਕਰ ਨੂੰ ਸਮੇਂ ਬੱਧ ਕੀਤਾ। ਜਿਸ ਦਾ ਨਾਮ ਰਖਿਆ ਭੂਤ, ਭਵਿੱਖ ਤੇ ਵਰਤਮਾਨ। ਇਸ ਤਿੰਨ ਪਰਤੀ ਵੰਡ ਨੂੰ ਯੁੱਗਾਂ ਦੇ ਨਾਲ ਨਾਲ ਜਾਣਿਆ ਤੇ ਸਮਝਿਆ ਗਿਆ। ਜਿਸ ਨੂੰ ਸਤਜੁਗ, ਤ੍ਰੇਤਾ, ਦੁਆਪਰ ਤੇ ਕਲਜੁਗ ਕਿਹਾ ਗਿਆ। ਹੁਣ ਇਨ੍ਹਾਂ ਦੀ ਵੰਡ ਫਿਰ ਸਦੀਆਂ 'ਚ ਕੀਤੀ ਗਈ। ਸਦੀਆਂ ਤੋਂ ਅਰਧ ਸਦੀ, ਫਿਰ ਦਹਾਕਿਆਂ 'ਚ ਤੇ ਫਿਰ ਸਾਲਾਂ 'ਚ, ਸਾਲਾਂ ਤੋਂ ਮਹੀਨਿਆਂ 'ਚ, ਮਹੀਨਿਆਂ ਤੋਂ ਹਫ਼ਤਿਆਂ 'ਚ, ਹਫ਼ਤਿਆਂ ਤੋਂ ਦਿਨਾਂ 'ਚ, ਦਿਨਾਂ ਤੋਂ ਪਹਿਰਾਂ 'ਚ, ਪਹਿਰਾਂ ਤੋਂ ਘੜੀਆਂ 'ਚ, ਘੜੀਆਂ ਤੋਂ ਚਸਿਆ 'ਚ, ਚਸਿਆਂ ਤੋਂ ਵਿਸੁਏ 'ਚ। ਇਸ ਤਰ੍ਹਾਂ ਸਮੇਂ ਦੀ ਲੰਬਾਈ ਵਧਦੀ ਤੇ ਘਟਦੀ ਰਹੀ। ਭਾਵ ਸਮੇਂ ਨੂੰ ਇਸ ਤਰ੍ਹਾਂ ਵੀ ਸਮਝਿਆ ਜਾਂਦਾ ਹੈ –

*ਅਰਬਦ ਨਰਬਦ ਧੁੰਧੂਕਾਰਾ ॥*
*ਧਰਣਿ ਨ ਗਗਨਾ ਹੁਕਮੁ ਅਪਾਰਾ ॥*
*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ*
*ਸੁੰਨ ਸਮਾਧਿ ਲਗਾਇਦਾ ॥ ੧ ॥ ਅੰਗ- ੧੦੩੫*

ਉਸ ਮੁੱਢਲੀ ਅਵਸਥਾ ਤੋਂ ਬਾਅਦ ਵਿਸੁਏ, ਚਸੇ, ਘੜੀਆਂ, ਪਹਿਰ, ਦਿਨ, ਮਹੀਨੇ, ਸਾਲ, ਦਹਾਕੇ, ਅਰਧ ਸਦੀ, ਪੂਰੀ ਸਦੀ ਤੇ ਜੁਗ ਬਣੇ। ਜੁਗਾਂ ਤੋਂ ਫਿਰ ਕਲਪ ਆਦਿ ਬਣ ਗਏ। ਇਹ ਵਰਤਾਰਾ

ਚਲਾਏਮਾਨ ਰਿਹਾ। ਭਾਵ ***'ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥'*** *(ਅੰਗ-੪੬੪)* ਚਲ ਰਹੇ ਨੇ ਸਾਰੇ। ਸਮੇਂ ਦੇ ਅਧੀਨ, ਸਮੇਂ ਦੀ ਪਕੜ 'ਚ ਹਨ ਸਾਰੇ। ਸਮਾਂ ਸਾਲਾਂ ਵਿਚ ਤਬਦੀਲ ਹੁੰਦਾ ਹੈ। ਜਿਸ ਨੂੰ ਅਸੀਂ 2024 ਦਾ ਨਾਮ ਵਰਤਮਾਨਤਾ ਵਿਚ ਦੇ ਰਹੇ ਹਾਂ। ਅਸਲ ਵਿਚ ਇਹ ਇਸ ਮਾਤ ਲੋਕ ਦਾ ਹੀ ਪੈਮਾਨਾ ਹੈ। ਮਾਤ ਲੋਕ ਤੇ ਰਹਿਣ ਵਾਲੇ ਬਸ਼ਿੰਦਿਆਂ ਨੇ ਇਸ ਨੂੰ ਸਾਲਾਂ ਦੀ ਵੰਡ ਕਰਕੇ ਗਿਣਤੀ ਦੇ ਅੱਖਰਾਂ ਵਿਚ ਤਬਦੀਲ ਕੀਤਾ।

ਇਹ ਸਮਾਂ ਤਬਦੀਲ ਹੁੰਦਾ ਹੋਇਆ ਅੱਜ 2024 ਵਿਚ ਪ੍ਰਵੇਸ਼ ਕਰ ਰਿਹਾ ਹੈ। ਆਮਦ ਹੈ ਸਾਲ 2024 ਦੀ। ਉਹ ਵੀ ਇਕ ਸਭਿਅਤਾ ਵਲੋਂ ਕਿ 1 ਜਨਵਰੀ ਨੂੰ ਨਵੇਂ ਸਾਲ 2024 ਦੀ ਆਮਦ ਹੋ ਰਹੀ ਹੈ। ਸਾਰੀਆਂ ਕੌਮਾਂ, ਸਭਿਆਤਾਵਾਂ ਦੀ ਇਹ ਧਾਰਨਾ ਨਹੀਂ ਹੈ ਪਰ ਮਨੌਤ ਬਹੁਤਾਤ ਲਈ ਬਣ ਕੇ ਨਵੇਂ ਸਾਲ ਦੀ ਆਮਦ ਨੂੰ ਬਹੁਤ ਸਾਰੇ 'ਜੀ ਆਇਆਂ' ਕਹਿਣ ਲਈ ਤੱਤਪਰ ਹੈ। ਬਣਦਾ ਵੀ ਹੈ ਇਕ ਦੂਜੇ ਨੂੰ ਜੀ ਆਇਆਂ ਕਹਿਣਾ। ਆਪਣੇ-ਆਪਣੇ ਢੰਗ ਤਰੀਕਿਆਂ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਇਕ ਭਾਸ਼ਾ ਵਿਚ 'Happy New Year' ਤੇ ਸਾਡੀ ਮਾਂ ਬੋਲੀ ਵਿਚ 'ਵਧਾਈਆਂ ਨਵੇਂ ਸਾਲ ਦੀਆਂ' ਇਸ ਤਰ੍ਹਾਂ ਅਲੱਗ-ਅਲੱਗ ਸਭਿਆਤਾਵਾਂ/ ਕੌਮਾਂ ਆਪਣੀ-ਆਪਣੀ ਬੋਲੀ ਵਿਚ ਖੁਸ਼ੀ ਜ਼ਾਹਰ ਕਰਦੀਆਂ ਹਨ। 'ਮੁਬਾਰਕਬਾਦ ਹੈ ਸਭਨਾਂ ਨੂੰ।'

ਪਰ ਲਈਏ ਸੇਧ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ, '***ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥*** ' *(ਅੰਗ-੬੭)* ਰੋਸ਼ਨੀ ਗੁਰਬਾਣੀ ਦੀ, ਖੇਡ ਕਰਮਾਂ ਦੀ, ਸਫ਼ਰ ਰੂਹਾਂ ਦੇ। ਇਸ ਨਵੇਂ ਵਰ੍ਹੇ ਦੀ ਆਮਦ ਨੂੰ ਇਨ੍ਹਾਂ ਵੀਚਾਰਾਂ ਵਿਚ ਰੱਖ ਕੇ ਸਮਝਣ ਦੀ ਕੋਸ਼ਿਸ਼ ਕਰੀਏ। ਸਮੇਂ ਬੱਧ ਸਰੀਰ ਹਨ। ਰੂਹਾਂ ਨਹੀਂ। ਆਤਮਾਵਾਂ ਨਹੀਂ। ਰੂਹਾਂ ਦਾ ਸਫ਼ਰ ਅਮੁੱਕ ਹੈ। ਸਾਲ 2024 ਸਰੀਰਾਂ ਨੇ ਹੀ ਨਾਮ ਰੱਖਿਆ ਹੈ। ਇਸ ਨੇ ਦਸੰਬਰ ਵਿਚ ਜਾ ਕੇ ਮੁੱਕ ਜਾਣਾ ਹੈ। ਜਨਵਰੀ ਤੋਂ ਜਨਮ, ਜੂਨ 'ਚ ਅੱਧ ਤੇ 31 ਦਸੰਬਰ 'ਚ ਖਤਮ। ਫਿਰ 1 ਜਨਵਰੀ ਤੋਂ 2025 ਦੀ ਆਮਦ। ਇਸ ਤਰ੍ਹਾਂ ਸਫ਼ਰ ਜਾਰੀ ਰਹਿਣਾ ਹੈ। ਸਰੀਰ ਵੀ ਚਲਾਏ ਮਾਨ ਹੈ। ਇਹ ਵੀ ਨਵਾਂ ਤੇ ਪੁਰਾਣਾ ਹੁੰਦਾ ਹੈ -

*ਬਾਲ ਜੁਆਨੀ ਅਰੁ ਬਿਰਧਿ ਫੁਨਿ*
*ਤੀਨਿ ਅਵਸਥਾ ਜਾਨਿ ॥*
*ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥*
*ਅੰਗ- ੧੪੨੮*

ਰੂਹਾਂ ਦਾ ਸਫ਼ਰ ਗਿਣਤੀ ਮਿਣਤੀ ਤੋਂ ਬਾਹਰ ਹੈ। ਬਾਣੀ ਦੀ ਰੋਸ਼ਨੀ ਰਾਹੀਂ ਦ੍ਰਿਸ਼ਟਮਾਨ ਹੁੰਦਾ ਹੈ ਕਿ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥* *ਅੰਗ- ੧੭੬*

ਸਮਾਂ ਅਰੁੱਕ ਹੈ, ਬਦਲਾਅ ਵਿਚ ਹੈ। ਸਰੀਰ ਵੀ ਬਦਲ ਰਹੇ ਹਨ। ਰੂਹਾਂ ਦਾ ਸਫ਼ਰ ਜਾਰੀ ਹੈ। ਪ੍ਰਸ਼ਨ ਖੜ੍ਹਾ ਹੋ ਗਿਆ ਕਿ ਹੋਰ ਕੋਈ ਜਗ੍ਹਾ ਹੈ ਕੋਈ ਅਵਸਥਾ ਜਿਥੇ ਸਫਰ ਖਤਮ ਹੋਵੇ ਭਾਵੇਂ ਸਰੀਰ ਦਾ ਭਾਵੇਂ ਰੂਹ ਦਾ ਹੋਵੇ। ਮਹਾਰਾਜ ਕਹਿੰਦੇ ਹਾਂ, ਹੈ! ਨਿਰਾਸ਼ ਨਾ ਹੋਵੋ, ਆਉ! ਖੇੜੇ ਵਿਚ, ***'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥*** *(ਅੰਗ-੯੪੦)*

*ਬੇਗਮ ਪੁਰਾ ਸਹਰ ਕੋ ਨਾਉ ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ ॥*
*ਨਾਂ ਤਸਵੀਸ ਖਿਰਾਜੁ ਨ ਮਾਲੁ ॥*
*ਖਉਫੁ ਨ ਖਤਾ ਨ ਤਰਸੁ ਜਵਾਲੁ ॥*
*..............................॥* *ਅੰਗ- ੩੪੫*

ਉਸ ਸ਼ਹਿਰ ਦੇ ਵਾਸੀਆਂ ਨੂੰ ਇਸ ਤਰ੍ਹਾਂ ਨਾਲ ਜਾਣਿਆ ਜਾਂਦਾ ਹੈ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥* *ਅੰਗ- ੭੪੯*

*ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥*
*ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥*
*ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ ॥*
*ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥*
*ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ ॥*
*ਅੰਗ- ੩੨੨*

ਉਹ ਅਵਸਥਾ ਜਿਥੇ ਨਾ ਗਮੀ, ਨਾ ਘਾਟਾ, ਨਾ ਹਰਖ, ਨਾ ਸੋਗ, ਨਾ ਹਾਨ, ਨਾ ਲਾਭ ਇਕ ਅਮਰ ਅਵਸਥਾ ਦੀ ਪ੍ਰਾਪਤੀ। ਸਦਾ ਦਾ ਖੇੜਾ,

ਸਦੀਵੀ ਆਨੰਦ ਹੈ। ਉਹ ਹਨ ਰੱਬ ਦੇ ਪਿਆਰੇ ਜਿਨ੍ਹਾਂ ਬਾਰੇ ਫੁਰਮਾਨ ਹੈ –

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*
*ਅੰਗ – ੨੭੫*

ਇਨ੍ਹਾਂ ਰੱਬੀ ਰੂਹਾਂ ਦਾ ਸਫ਼ਰ ਸਰੀਰਾਂ ਦਾ ਵੀ ਖਤਮ ਤੇ ਰੂਹਾਂ ਦਾ ਵੀ ਖਤਮ। ਹੁਣ 'ਸਬਦਿ ਮਿਲਾਵਾ ਹੋਤਿ ਹੈ ਦੇਹਿ ਮਿਲਾਵਾ ਨਾਹਿ॥' ਇਹ ਹਨ ਮੁਬਾਰਕਬਾਦ ਦੇ ਪਾਤਰ। ਹੈ ਮੁਬਾਰਕਬਾਦ ਇਹਨਾਂ ਨੂੰ ਤੇ ਇਨ੍ਹਾਂ ਵਲੋਂ ਜੋ ਸਮਾਂ ਉਸ ਅਕਾਲ ਪੁਰਖ ਦੀ ਯਾਦ ਵਿਚ ਬਿਤਾਇਆ, ਉਹ ਵੀ ਸਮਾਂ ਮੁਬਾਰਕ ਹੈ।

*ਚੰਦ ਮੁਮਾਰਖ ਈਦ ਪੁਗ ਖਲੋਵਣਾ। ਭਾਈ ਗੁਰਦਾਸ ਜੀ*

*ਗੁਰਸਿਖਾ ਮਨਿ ਵਾਧਾਈਆ*
*ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ ॥ ਅੰਗ – ੪੫੧*

ਇਹ ਪੁੱਗੀਆਂ ਰੂਹਾਂ ਹਨ। ਆਤਮਾਵਾਂ ਹਨ। ਆਤਮ ਮਾਰਗੀ ਪੈਂਡਿਆਂ ਤੇ ਚਲ ਮਿਟਾ ਦਿਤੇ ਸਫ਼ਰ ਸਰੀਰਾਂ ਦੇ। ਇਸ ਅਵਸਥਾ ਦੇ ਮਾਲਕ ਹਨ ਆਤਮ ਮਾਰਗੀ ਪੈਂਡਿਆਂ ਦੇ ਰਾਹੀ। ਇਨ੍ਹਾਂ ਦੀ ਸੋਭਤ ਵਿਚ ਆਉਣ ਵਾਲੇ ਵੀ ਹੋ ਜਾਂਦੇ ਹਨ ਉਹਨਾਂ ਰਾਹਾਂ ਦੇ ਵਾਕਫ਼ ਤੇ ਤੁਰ ਪੈਂਦੇ ਹਨ ਮੰਜ਼ਿਲੇ-ਮਕਸੂਦ ਵਲ ਨੂੰ। ਉਨ੍ਹਾਂ ਜਗਿਆਸੂ ਜਨਾਂ ਦਾ ਇਹ ਜੀਵਨ ਹੈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਭਾਈ ਵੀਰ ਸਿੰਘ ਜੀ*

ਕਰਦੇ ਹਨ ਸਫ਼ਲ ਸਮੇਂ ਨੂੰ। ਇਕੋ ਅਰਦਾਸ ਗੂੰਜਦੀ ਰਹਿੰਦੀ ਹੈ ਧੁਰ ਅੰਦਰੋਂ ਕਿ ਸਮਾਂ ਲੰਘ ਗਿਆ।

*ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ।*
*ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ।*
*ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਭੰਨੀ।*
*ਤ੍ਰਿਖੇ ਅਪਣੇ ਵੇਗ ਗਿਆ ਟਪ ਬੰਨੇ ਬੰਨੀ।*
*ਹੋਸ਼! ਅਜੇ ਸੰਭਲ ਇਸ ਸਮੇਂ ਨੂੰ,*
*ਕਰ ਸਫਲ ਉਡੰਦਾ ਜਾਂਵਦਾ,*
*ਇਹ ਠਹਿਰਨ ਜਾਚ ਨ ਜਾਣਦਾ,*
*ਲੰਘ ਗਿਆ ਨ ਮੁੜ ਕੇ ਆਂਵਦਾ। ਭਾਈ ਵੀਰ ਸਿੰਘ ਜੀ*

ਹੋਵੇ ਸਫ਼ਲ ਸਭਨਾਂ ਦਾ ਸਮਾਂ। 'ਆਤਮ ਮਾਰਗ' ਮੈਗਜ਼ੀਨ ਦਾ ਹਰ ਅੱਖਰ ਸਮੇਂ ਨੂੰ ਸਫ਼ਲ ਕਰਨ ਲਈ ਪ੍ਰੇਰਿਤ ਕਰ ਉਤਸ਼ਾਹ ਦੇ ਰਿਹਾ ਹੈ। ਜੋੜੀਏ ਇਸ ਰੂਹਾਨੀ ਖੁਰਾਕ ਨਾਲ ਹੋਰਾਂ ਨੂੰ ਵੀ। ਬਣਾ ਨਵੇਂ ਮੈਂਬਰ। ਹੋਵੇ ਮੁਬਾਰਕਵਾਦ ਸਭਨਾਂ ਨੂੰ ਸਾਲ 2024। ਦੇਈਏ ਅਸੀਸਾਂ ਇਕ ਦੂਜੇ ਨੂੰ –

*ਦੇਹੁ ਸਜਣ ਅਸੀਸੜੀਆ*
*ਜਿਉ ਹੋਵੈ ਸਾਹਿਬ ਸਿਉ ਮੇਲੁ ॥ ਅੰਗ – ੧੨*

ਇਹੀ ਅਰਦਾਸ ਕਰਦਾ ਖਿਮਾ ਦਾ ਚਾਜਕ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

**1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**

**2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**

**3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।**

# ਮਾਘਿ
# ਸੰਗਰਾਂਦ - ਜਨਵਰੀ 14 (ਦਿਨ ਐਤਵਾਰ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥*
*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥*
*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥*
*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥*
*ਅੰਗ - ੧੩੬*

ਸਾਡੇ ਭਾਰਤ ਵਰਸ਼ ਵਿਚ ਅਠਾਹਠ ਤੀਰਥ ਗਿਣੇ ਜਾਂਦੇ ਹਨ ਅਤੇ ਉਨ੍ਹਾਂ ਦੇ ਇਸ਼ਨਾਨ ਦਾ ਬਹੁਤ ਹੀ ਅਧਿਕ ਫਲ ਦੱਸਿਆ ਜਾਂਦਾ ਰਿਹਾ ਹੈ। ਕੀਤੇ ਹੋਏ ਪਾਪ ਇਨ੍ਹਾਂ ਤੀਰਥਾਂ ਤੇ ਲਹਿ ਜਾਂਦੇ ਸਨ। ਭਾਰਤ ਵਰਸ਼ ਦੇ ਦਰਿਆਵਾਂ ਦਾ ਪਾਣੀ ਬਹੁਤ ਹੀ ਪਵਿੱਤਰ ਸੀ। ਇਨ੍ਹਾਂ ਸਾਰੇ ਦਰਿਆਵਾਂ ਦੀ ਆਦਿ ਸਰੋਤ ਨੇੜੇ ਵੱਡੇ-ਵੱਡੇ ਰਿਸ਼ੀਆਂ ਮੁਨੀਆਂ, ਅਵਤਾਰਾਂ ਨੇ ਤਪ ਕੀਤੇ ਹੋਏ ਹਨ ਜਿਸ ਕਰਕੇ ਇਨ੍ਹਾਂ ਦਰਿਆਵਾਂ ਦੀ ਪਵਿਤਰਤਾ ਹੋਰ ਵੀ ਵਧ ਜਾਂਦੀ ਹੈ। ਪਾਣੀ ਬਹੁਤ ਨਿਖਰਿਆ ਹੋਇਆ ਚਲਦਾ ਸੀ ਅਤੇ ਕਿੰਨੇ ਰੋਗਾਂ ਦਾ ਨਾਸ਼ ਇਸ਼ਨਾਨ ਕਰਕੇ ਹੋ ਜਾਇਆ ਕਰਦਾ ਸੀ। ਇਨ੍ਹਾਂ ਦੇ ਕਿਨਾਰੇ ਉਪਰ ਬਹੁਤ ਸਾਰੇ ਤੀਰਥ ਸਥਾਪਤ ਹਨ ਜਿਵੇਂ ਗੰਗਾ ਦੇ ਕਿਨਾਰੇ ਤੇ ਰਿਸ਼ੀਕੇਸ਼, ਹਰਿਦੁਆਰ, ਇਲਾਹਬਾਦ ਆਦਿ ਤੀਰਥ ਹਨ। ਇਨ੍ਹਾਂ ਵਿਚ ਇਸ਼ਨਾਨ ਦੇ ਦਿਨ ਮੁਕੱਰਰ ਹੋਏ ਸਨ ਉਨ੍ਹਾਂ ਦਿਨਾਂ ਵਿਚ ਇਸ਼ਨਾਨ ਕਰਨ ਲਈ ਹੁੰਮ-ਹੁਮਾ ਕੇ ਗ੍ਰਿਹਸਤੀ ਅਤੇ ਸਾਧੂ ਪਹੁੰਚਦੇ ਸਨ। ਗ੍ਰਿਹਸਤੀ ਲੋਕ ਇਸ਼ਨਾਨ ਕਰਦੇ ਸਨ, ਦਾਨ ਦਿੰਦੇ ਸਨ, ਸ਼ੇਤਰਾਂ (ਲੰਗਰਾਂ) ਵਾਸਤੇ ਮਾਇਆ ਅਰਪਣ ਕਰਦੇ ਸਨ, ਅਤੇ ਇਨ੍ਹਾਂ ਦੀ ਪਵਿੱਤਰਤਾ ਦਾ ਕਾਰਨ ਦੇਵਤਿਆਂ ਦੇ ਨਾਲ ਜੁੜਿਆ ਹੋਇਆ ਸੀ ਜਿਵੇਂ ਕਿ ਗੰਗਾ ਦਾ ਮੁੱਖ ਸ੍ਰੋਤ ਸ਼ਿਵ ਜੀ ਮਹਾਰਾਜ ਨੂੰ ਮੰਨਿਆ ਜਾਂਦਾ ਹੈ। ਦਰਿਆਵਾਂ ਨੂੰ ਸਾਫ-ਸੁਥਰਾ ਰੱਖਿਆ ਜਾਂਦਾ ਸੀ। ਕਿਸੇ ਕਿਸਮ ਦੀ ਸਿੱਧੀ ਮੈਲ ਇਸ ਵਿਚ ਬਰਦਾਸ਼ਤ ਨਹੀਂ ਕੀਤੀ ਜਾਂਦੀ ਸੀ। ਸੋ ਲੋਕਾਂ ਦੇ ਨਿਸ਼ਚੇ ਬਹੁਤ ਗਹਿਰੇ ਸਨ ਅਤੇ ਬਹੁਤ ਸ਼ਰਧਾ ਭਾਵਨਾ ਨਾਲ ਤੀਰਥਾਂ ਨਾਲ ਜੁੜੇ ਹੋਏ ਸਨ। ਆਪਣੇ ਕਾਰੋਬਾਰ ਸੰਕੋਚਦੇ ਹੋਏ ਬਹੁਤ ਸਾਰੇ ਪ੍ਰੇਮੀ ਤਾਂ ਹਰ ਸਾਲ ਹੀ ਇਸ਼ਨਾਨ ਕਰਨ ਵਾਸਤੇ ਜਾਇਆ ਕਰਦੇ ਸਨ। ਉਨ੍ਹਾਂ ਤੀਰਥਾਂ ਉਤੇ ਜੋ ਮਹਾਨ ਫਲਦਾਇਕ, ਫਲਦਾਤੀ ਸਾਧੂ ਦੀ ਸੰਗਤ ਹੋਇਆ ਕਰਦੀ ਸੀ, ਤੱਤ ਬੇਤੇ ਮਹਾਂਪੁਰਸ਼ ਆਪਣੀਆਂ ਸਾਰੀਆਂ ਜਮਾਤਾਂ ਸਮੇਤ ਆਪਣੇ ਸੰਪਰਦਾਇਕ ਪ੍ਰੇਮੀਆਂ ਸਹਿਤ ਹੁੰਮ-ਹੁਮਾ ਕੇ ਤੀਰਥਾਂ ਉਪਰ ਜਾਂਦੇ ਸਨ ਅਤੇ ਇਕਾਂਤ ਥਾਂ ਵੇਖ ਕੇ ਸਤਿਸੰਗ ਕਰਿਆ ਕਰਦੇ ਸਨ ਅਤੇ ਦੇਸ਼ ਵਾਸੀਆਂ ਨੂੰ 'ਆਤਮ ਮਾਰਗ' ਅਤੇ ਵਿਵਹਾਰਿਕ ਸਿਖਿਆਵਾਂ ਦਿਆ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਹੀ ਬਹੁਤ ਸਾਰੇ ਜਗਿਆਸੂਆਂ ਨੂੰ ਨਾਮ ਦੀ ਦਾਤ ਵੰਡਿਆ ਕਰਦੇ ਸਨ। ਇਸੇ ਤਰ੍ਹਾਂ ਦੇ ਨਾਲ ਇਕ ਫਲ ਤਾਂ ਤੀਰਥ ਦੇ ਇਸ਼ਨਾਨ ਕਰਨ ਕਰਕੇ ਮਿਲਿਆ ਕਰਦਾ ਸੀ ਅਤੇ ਚਾਰ ਫਲ ਮਹਾਂਪੁਰਸ਼ਾਂ ਦੇ ਬਚਨ ਸੁਣਨ ਕਰਕੇ ਪ੍ਰਾਪਤ ਹੋਇਆ ਕਰਦੇ ਸਨ ਜਿਨ੍ਹਾਂ ਵਿਚ ਦਲਿੱਦਰ ਦੂਰ ਹੋ ਕੇ ਵਾਹਿਗੁਰੂ ਦੀ ਬਖਸ਼ਿਸ਼ ਹੋਣ ਨਾਲ ਪੈਸੇ ਟਕੇ ਦੀ ਸੁਖਾਲ ਹੋ ਜਾਇਆ

ਕਰਦੀ ਸੀ ਅਤੇ ਵਾਸ਼ਨਾਵਾਂ ਪੂਰੀਆਂ ਹੋ ਜਾਂਦੀਆਂ ਸਨ। ਜੀਵਨ ਵਿਚ ਪ੍ਰਵਿਰਤੀ ਹੋ ਜਾਇਆ ਕਰਦੀ ਸੀ ਅਤੇ ਧਾਰਮਿਕ ਗੁਣ - ਖਿਮਾ, ਅਹਿੰਸਾ, ਦਇਆ, ਮ੍ਰਿਦ (ਮਿੱਠੇ ਬਚਨ), ਸਤਿ ਬਚਨ, ਤਪ, ਦਾਨ, ਸੀਲ, ਸੌਚ, ਸੰਤੋਖ, ਈਰਖਾ ਰਹਿਤ ਅਤੇ ਵੈਰ ਭਾਵ ਰਹਿਤ ਜੀਵਨ ਪ੍ਰਾਪਤ ਹੋ ਕੇ ਧਰਮ ਦੀ ਪ੍ਰਾਪਤੀ ਹੋ ਜਾਇਆ ਕਰਦੀ ਸੀ। ਬੰਦਗੀ ਕਰਨ ਲਈ ਬਹੁਤ ਉਤਸ਼ਾਹ ਮਿਲਿਆ ਕਰਦਾ ਸੀ। ਸਤਿ ਦਾ ਜੀਵਨ ਜਿਉਂ ਕੇ ਮਹਾਂਪੁਰਸ਼ਾਂ ਦੇ ਤੱਤ ਬਚਨ ਕਮਾ ਕੇ ਮੋਖਸ਼ ਦੀ ਪ੍ਰਾਪਤੀ ਦਾ ਸਾਧਨ ਤੀਰਥਾਂ ਤੇ ਕੀਤੇ ਸਤਿਸੰਗ ਹੋਇਆ ਕਰਦੇ ਸਨ। ਇਸ ਕਰਕੇ ਸਤਿਜੁਗ, ਤ੍ਰੇਤਾ, ਦੁਆਪਰ ਦੇ ਲੰਮੇ ਸਮੇਂ ਲਈ ਇਨ੍ਹਾਂ ਤੀਰਥਾਂ ਦੀ ਮਹਾਨਤਾ ਬਣੀ ਰਹੀ ਪਰ ਕਲਜੁਗ ਆਉਂਦੇ ਸਾਰ ਆਦਮੀ ਦੀ ਬੁੱਧੀ, ਸੋਚ, ਵਰਤ-ਵਿਹਾਰ ਆਪਣੀ ਉਚਤਾ ਤੋਂ ਤਿਲ੍ਹਕ ਕੇ ਰਸਾਤਲ ਵਲ ਨੂੰ ਰਿੜ੍ਹ ਪਿਆ। ਆਦਮੀ ਦੇ ਜੀਵਨ ਵਿਚ ਬੇਅੰਤ ਔਗੁਣ ਪ੍ਰਵੇਸ਼ ਕਰ ਗਏ, ਨਾਸਤਿਕਤਾ ਫੈਲ ਗਈ। ਕਈ ਨਾਸਤਿਕ ਮਤਿ ਉਭਰ ਕੇ ਸਮਾਜ ਵਿਚ ਪ੍ਰਵਿਰਤ ਹੋ ਗਏ। ਜਗਿਆਸੂ ਡਾਵਾਂਡੋਲ ਹੋ ਗਿਆ ਪਰ ਫੇਰ ਵੀ ਲੰਮੇ-ਸਮੇਂ ਤੱਕ ਤੀਰਥਾਂ ਦੇ ਇਸ਼ਨਾਨ ਭਾਰਤ ਵਾਸੀਆਂ ਨੂੰ ਆਕਰਸ਼ਤ ਕਰਦੇ ਰਹੇ।

ਸਮੇਂ ਬਦਲੇ, ਤੀਰਥਾਂ ਉਪਰ ਪਾਖੰਡ ਦਾ ਜਾਲ ਫੈਲ ਗਿਆ ਅਤੇ ਤੀਰਥ ਮਨੁੱਖਾਂ ਦੀ ਮਨੋਬਿਰਤੀ ਨਾਲ ਮੈਲੇ ਹੋ ਗਏ। ਪ੍ਰਭੂ ਪਾਸ ਪੁਕਾਰ ਕਰਨ ਲੱਗੇ ਕਿ ਹੇ ਪ੍ਰਭੂ! ਸਾਡੇ ਉਤੇ ਕ੍ਰਿਪਾ ਕਰ, ਅਸਾਡੇ ਵਿਚ ਐਨੀ ਮੈਲ ਭਰ ਗਈ ਹੈ ਕਿ ਅਸਾਡਾ ਲਿਆ ਹੋਇਆ ਵਰਦਾਨ ਦਿਲ ਦੀ ਮੈਲ ਨਹੀਂ ਉਤਾਰ ਸਕਦਾ। ਆਪਣਾ ਬਖਸ਼ਿਆ ਹੋਇਆ, ਪ੍ਰਵਾਨ ਕੀਤਾ ਹੋਇਆ ਸਾਧੂ ਭੇਜ ਜੋ ਅਸਾਡੇ ਵਿਚ ਇਸ਼ਨਾਨ ਕਰੇ ਅਤੇ ਅਸਾਡੀ ਮੈਲ ਦੂਰ ਕਰਕੇ ਅਸਾਨੂੰ ਫੇਰ ਜੀਵਨ ਬਖਸ਼ੇ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥***
***ਤੀਰਥਿ ਅਠਸਠਿ ਮਜਨੁ ਨਾਈ॥***
***ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ***
***ਸਭ ਦੁਰਮਤਿ ਮੈਲੁ ਗਵਾਈ॥***

***ਅੰਗ - ੧੨੬੩***

ਸਮੇਂ ਬਦਲੇ, ਕਲਜੁਗ ਦੇ ਵੇਗ ਨੇ ਸ੍ਰੇਸ਼ਟ ਬੁੱਧੀ ਦੀ ਥਾਂ ਕਬੁੱਧੀ ਨੂੰ ਜਨਮ ਦਿਤਾ। ਹਰ ਜੀਵਨ ਵਿਚ ਕੂੜ ਦਾ ਵਰਤਾਰਾ ਹੋ ਗਿਆ। ਜੀਵਨ ਦੇ ਹਰ ਪੱਖ ਵਿਚ; ਕੀ ਸਮਾਜਿਕ, ਕੀ ਧਾਰਮਿਕ, ਕੀ ਆਰਥਿਕ, ਕੀ ਕਰਮ ਕਰਾਉਣ ਵਾਲਾ ਪੰਡਤ ਵਰਗ, ਸਭਨਾਂ ਵਿਚ ਕੂੜ ਦਾ ਵਰਤਾਰਾ ਹੋ ਗਿਆ-

***ਸਚਿ ਕਾਲੁ ਕੂੜੁ ਵਰਤਿਆ***
***ਕਲਿ ਕਾਲਖ ਬੇਤਾਲ॥***
***ਬੀਉ ਬੀਜਿ ਪਤਿ ਲੈ ਗਏ***
***ਅਬ ਕਿਉ ਉਗਵੈ ਦਾਲਿ॥ ਅੰਗ - ੪੬੮***

ਮਹਾਤਮਾਵਾਂ ਵਿਚ ਪਾਖੰਡ ਪ੍ਰਧਾਨ ਹੋ ਗਿਆ। ਵਾਹਿਗੁਰੂ ਜੀ ਦੀ ਲਿਵ ਵਿਚੋਂ ਨਿਕਲ ਕੇ ਮਾਇਆ ਦਾ ਪਿਆਰ ਅਧਿਕ ਦਿਖਾਈ ਦੇਣ ਲੱਗਿਆ। ਤੀਰਥ ਵੀ ਵਿਰਲਾਪ ਕਰ ਰਹੇ ਸਨ, ਸਾਧੂ ਦੀ ਚਰਨ ਛੋਹ ਦੀ ਮੰਗ ਕਰ ਰਹੇ ਸਨ। ਅਜਕੱਲ ਤਾਂ ਇਥੋਂ ਤੱਕ ਹਾਲਤ ਨਿਘਾਰ ਵਿਚ ਆ ਗਈ ਕਿ ਤੀਰਥਾਂ ਦੇ ਦੇਵਤੇ ਆਪਣੇ ਅਸਥਾਨ ਛੱਡ ਕੇ ਦੇਵ ਲੋਕਾਂ ਨੂੰ ਪਧਾਰ ਗਏ ਅਤੇ ਭ੍ਰਿਸ਼ਟ ਬੁੱਧੀ ਵਾਲਿਆਂ ਨੇ ਭਾਵਨਾਵਾਂ ਦੀ ਕਦਰ ਨਾ ਕਰਦੇ ਹੋਏ ਸ਼ਹਿਰਾਂ ਦਾ ਗੰਦ-ਮੰਦ ਇਨ੍ਹਾਂ ਪਵਿੱਤਰ ਦਰਿਆਵਾਂ ਵਿਚ ਪਾ ਦਿਤਾ। ਹੁਣ ਤੀਰਥ ਨਾਮ ਦੀ ਕੋਈ ਚੀਜ਼ ਨਹੀਂ ਰਹੀ। ਗੁਰੂ ਮਹਾਰਾਜ ਜੀ ਨੇ ਇਸ ਭਵਿੱਖ ਵਿਚ ਆਉਣ ਵਾਲੇ ਪਤਨ ਨੂੰ ਵਾਚਿਆ, ਸਾਰੇ ਹਾਲਾਤ ਨੂੰ ਵਾਚਿਆ ਅਤੇ ਜੀਵਾਂ ਦੇ ਉਧਾਰ ਵਾਸਤੇ ਫੁਰਮਾਨ ਕੀਤਾ ਕਿ ਸਭ ਤੋਂ ਵੱਡਾ ਤੀਰਥ ਪ੍ਰਭੂ ਦਾ ਨਾਮ ਜਪਣਾ, ਨੌਧਾ ਭਗਤੀ ਕਰਨੀ, ਕੀਰਤਨ ਕਰਨਾ, ਗੁਰੂ ਦੀ ਸੇਵਾ ਕਰਨੀ ਹੈ ਅਤੇ ਸੱਚਾ ਇਸ਼ਨਾਨ ਕਰਨ ਦੀ ਜਾਚ ਦਸਦਿਆਂ ਫੁਰਮਾਇਆ ਕਿ ਜਦੋਂ ਤੱਕ ਮਨ ਮੈਲਾ ਹੈ, ਕੇਵਲ ਤਨ ਦੇ ਧੋਣ ਨਾਲ ਮਨ ਦੀ ਮੈਲ ਨਹੀਂ ਲਹਿ ਸਕਦੀ।

***ਮਨਿ ਮੈਲੈ ਸਭੁ ਕਿਛੁ ਮੈਲਾ***
***ਤਨਿ ਧੋਤੈ ਮਨੁ ਹਛਾ ਨ ਹੋਇ॥***

***ਅੰਗ - ੫੫੮***

ਜਿੰਨੀ ਦੇਰ ਤੱਕ ਮਨ ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਪੰਜ ਚੋਰ ਖੁੜਦਮ ਮਚਾ ਰਹੇ ਹਨ; ਪੰਜ ਵਿਸ਼ੇ, ਇਸ ਜੀਵ ਨੂੰ ਮੂਰਛਤ ਕਰ ਰਹੇ ਹਨ; ਸ਼ਬਦ, ਸਪਰਸ਼, ਰੂਪ, ਰਸ, ਗੰਧ ਆਪਣੇ ਪ੍ਰਭਾਵ ਪਾ ਰਹੇ ਹਨ ਅਤੇ ਰਾਜ, ਮਾਲ, ਰੂਪ, ਜਾਤ, ਜੋਬਨ, ਠੱਗ ਇਸ ਜੀਵ ਨੂੰ ਠੱਗ ਕੇ ਨਾਮ ਵਲੋਂ ਭੁਲਾ ਰਹੇ ਹਨ, ਉਸ ਸਮੇਂ ਤੱਕ ਈਰਖਾ, ਨਿੰਦਿਆ, ਚੁਗਲੀ, ਵਿਭਚਾਰ, ਲਾਲਚ, ਅਭਿਮਾਨ ਤੇ ਅਨੇਕ ਵਾਸ਼ਨਾਵਾਂ ਦੀ ਮੈਲ ਤਹਿ ਦਰ ਤਹਿ ਮਨ ਉਤੇ ਲਗਦੀ ਹੀ ਚਲੀ ਜਾਂਦੀ ਹੈ। ਕੇਵਲ ਸਰੀਰ ਧੋਣ ਨਾਲ ਕਿਵੇਂ ਪਵਿੱਤਰਤਾ

ਆਵੇਗੀ, ਫੁਰਮਾਨ ਹੈ–

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ॥*
*ਇਹ ਜਗਤੁ ਭਰਮਿ ਭੁਲਾਇਆ*
*ਵਿਰਲਾ ਬੂਝੈ ਕੋਇ॥ ਅੰਗ - ੫੫੮*

ਗੁਰੂ ਮਹਾਰਾਜ ਜੀ ਨੇ ਅੱਗੇ ਫੁਰਮਾਨ ਕੀਤਾ ਕਿ ਹੇ ਮੇਰੇ ਮਨ! ਤੂੰ ਪ੍ਰਭੂ ਦਾ ਨਾਮ ਜਪ ਕਿਉਂਕਿ ਪ੍ਰਭੂ ਦਾ ਨਾਮ ਸਾਰੀਆਂ ਮੈਲਾਂ ਨੂੰ ਕੱਟਣ ਦੇ ਸਮਰੱਥ ਹੈ –

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥ ਅੰਗ - ੪*

ਨਾਮ ਦੀ ਪ੍ਰਾਪਤੀ ਪੂਰੇ ਸਤਿਗੁਰੂ ਤੋਂ ਹੁੰਦੀ ਹੈ–

*ਜਪਿ ਮਨਿ ਮੇਰੇ ਤੂ ਏਕੋ ਨਾਮੁ॥*
*ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ॥*
*ਅੰਗ - ੫੫੮*

ਸਿੱਧਾਂ ਦੇ 84 ਆਸਣਾਂ ਦਾ ਅਭਿਆਸ ਕਰਨ ਨਾਲ ਮਨ ਦੀ ਮੈਲ ਨਹੀਂ ਉਤਰਦੀ। ਇਸ ਮਨ ਨੂੰ ਖਰਾਬੀਆਂ ਤੋਂ ਬਚਾਉਣ ਦਾ ਜੇ ਇਕੋ ਇਕ ਸਾਧਨ ਹੈ ਤਾਂ ਉਹ ਹੈ ਕਿ ਸਤਿਗੁਰੂ ਦੀ ਸ਼ਰਨ ਵਿਚ ਤਨ ਮਨ ਧਨ ਅਰਪਣ ਕਰਕੇ ਆ ਜਾਵੇ। ਸਤਿਗੁਰੂ ਨੂੰ ਮਿਲ ਕੇ ਉਨ੍ਹਾਂ ਦੇ ਉਪਦੇਸ਼ ਦੀ ਕਮਾਈ ਕਰਕੇ, ਉਨ੍ਹਾਂ ਦੀ ਦਿਆਲਤਾ ਭਰੀ ਦ੍ਰਿਸ਼ਟੀ ਅਤੇ ਦਰਸ਼ਨ ਦਾ ਭਾਗੀ ਬਣਦਾ ਹੋਇਆ ਆਪਣੀ ਬਿਰਤੀ ਨੂੰ ਸੰਸਾਰ ਵਲੋਂ ਉਲਟੀ ਕਰ ਲਵੇਗਾ ਅਤੇ ਸੁਭਾਅ ਬਦਲ ਜਾਵੇਗਾ। ਨੇਕੀ ਦਾ ਚਸ਼ਮਾ ਆਪ ਮੁਹਾਰੇ ਸਹਿਜ ਸੁਭਾਅ ਅੰਦਰੋਂ ਵਗ ਤੁਰੇਗਾ। ਜਦੋਂ ਸਤਿਗੁਰੂ ਨੂੰ ਮਿਲ ਕੇ, ਆਪਣੀ ਹਉਮੈ ਦੇ ਜਾਲ ਵਿਚੋਂ ਛੁੱਟ ਕੇ, ਗੁਰੂ ਦੇ ਘਰ, ਆਤਮ ਰੂਪ ਹੋ ਕੇ ਜੀਵੇਗਾ ਤਾਂ ਸਾਰੀਆਂ ਮੈਲਾਂ ਕਿਤੇ ਦੂਰ ਹੀ ਰਹਿ ਜਾਣਗੀਆਂ। ਸੋ ਮਨ ਦੀ ਮੈਲ ਦੂਰ ਕਰਨ ਲਈ ਤੀਰਥਾਂ ਦਾ ਇਸ਼ਨਾਨ ਕਿਸੇ ਤਰ੍ਹਾਂ ਵੀ ਸਮਰੱਥ ਨਹੀਂ ਹੈ–

*ਮਮਤਾ ਕੀ ਮਲੁ ਉਤਰੈ*
*ਇਹੁ ਮਨੁ ਹਛਾ ਹੋਇ॥ ਅੰਗ - ੫੫੮*

ਆਪ ਸੰਕੇਤ ਕਰਦੇ ਹਨ –

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥*
*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥*
*ਗੁਰ ਗਿਆਨੁ ਸਾਚਾ ਥਾਨੁ ਤੀਰਥੁ*
*ਦਸ ਪੁਰਬ ਸਦਾ ਦਸਾਹਰਾ॥*
*ਹਉ ਨਾਮੁ ਹਰਿ ਕਾ ਸਦਾ ਜਾਚਉ*
*ਦੇਹੁ ਪ੍ਰਭ ਧਰਣੀਧਰਾ॥*
*ਸੰਸਾਰੁ ਰੋਗੀ ਨਾਮੁ ਦਾਰੂ*
*ਮੈਲੁ ਲਾਗੈ ਸਚ ਬਿਨਾ॥*
*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤ ਸਾਚੁ ਤੀਰਥੁ ਮਜਨਾ॥ ਅੰਗ- ੬੮੭*

ਜਦੋਂ ਇਹ ਜੀਵ ਨੂੰ ਅੰਦਰਲੇ ਤੀਰਥ ਦੀ ਸੋਝੀ ਹੋ ਜਾਂਦੀ ਹੈ, ਸਤਿਗੁਰੂ ਇਸਨੂੰ ਆਤਮ ਤੀਰਥ ਵਿਚ ਇਸ਼ਨਾਨ ਕਰਨ ਦੀ ਸੋਝੀ ਦੇ ਦਿੰਦੇ ਹਨ ਤਾਂ ਇਹ ਮਹਾਂ ਪਵਿੱਤਰ ਹੋ ਜਾਂਦਾ ਹੈ ਅਤੇ ਵਾਹਿਗੁਰੂ ਜੀ ਦੀ ਪ੍ਰਾਪਤੀ, ਅੰਦਰਲੀ ਸੁੱਚ ਹੋਣ ਤੇ ਮਿਲਦੀ ਹੈ –

*ਸੁਚਿ ਹੋਵੈ ਤਾ ਸਚੁ ਪਾਈਐ॥*
*ਅੰਗ - ੪੭੨*

ਗੁਰੂ ਮਹਾਰਾਜ ਜੀ ਅੰਦਰਲੇ ਤੀਰਥ ਦਾ ਗਿਆਨ ਦਿੰਦੇ ਹਨ ਅਤੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਦੀ ਜਾਚ ਸਿਖਾ ਦਿੰਦੇ ਹਨ। ਸੋ ਇਹ ਅੰਮ੍ਰਿਤਸਰ ਤੀਰਥ ਸਭ ਤੋਂ ਸ੍ਰੇਸ਼ਟ ਤੀਰਥ ਹੈ ਜੋ ਹਰ ਪ੍ਰਾਣੀ ਨੂੰ ਪ੍ਰਾਪਤ ਹੋ ਸਕਦਾ ਹੈ –

*ਅੰਤਰਿ ਤੀਰਥੁ ਗਿਆਨੁ ਹੈ*
*ਸਤਿਗੁਰਿ ਦੀਆ ਬੁਝਾਇ॥*
*ਮੈਲੁ ਗਈ ਮਨੁ ਨਿਰਮਲੁ ਹੋਆ*
*ਅੰਮ੍ਰਿਤ ਸਰਿ ਤੀਰਥਿ ਨਾਇ॥ ਅੰਗ - ੫੮੭*

ਇਹ ਅੰਮ੍ਰਿਤਸਰ ਤੀਰਥ ਆਤਮ ਸ਼ਾਖਸ਼ਾਤ ਦੀ ਅਵਸਥਾ ਹੈ ਜਿਸ ਵਿਚ ਇਸ਼ਨਾਨ ਕਰਨਾ ਗੁਰਸਿਖਾਂ ਲਈ ਜ਼ਰੂਰੀ ਕਰ ਦਿਤਾ ਗਿਆ ਹੈ–

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥*
*ਅੰਗ - ੩੦੫*

ਸੋ ਤੀਰਥ, ਜਿਥੇ ਸਾਧੂ ਚਰਨ ਰੱਖ ਦਿੰਦੇ ਹਨ ਉਥੇ ਹੀ ਬਣ ਜਾਇਆ ਕਰਦਾ ਹੈ ਅਤੇ ਬੈਕੁੰਠ ਉਸ ਥਾਂ ਦੇ ਉਤੇ ਪ੍ਰਗਟ ਹੋ ਜਾਇਆ ਕਰਦਾ ਹੈ –

*ਅਠਸਠਿ ਤੀਰਥ ਜਹ ਸਾਧ ਪਗ ਧਰਹਿ॥*
*ਤਹ ਬੈਕੁੰਠੁ ਜਹ ਨਾਮੁ ਉਚਰਹਿ॥*
*ਅੰਗ - ੮੯੦*

ਕਬੀਰ ਸਾਹਿਬ ਜੀ ਨੇ ਇਨ੍ਹਾਂ ਮਹਾਨ ਸਿਧਾਂਤਾਂ ਨੂੰ ਇਕ ਜੁਗਤ ਨਾਲ ਪ੍ਰਗਟ ਕੀਤਾ। ਜਦੋਂ ਬਹੁਤ ਸਾਰੇ ਸ਼ਰਧਾਲੂਆਂ ਅਤੇ ਸਾਧੂਆਂ ਨੇ ਆ ਕੇ ਕਬੀਰ ਸਾਹਿਬ ਨੂੰ ਕਿਹਾ ਕਿ ਮਹਾਰਾਜ! ਆਪ ਤੀਰਥਾਂ ਦਾ ਇਸ਼ਨਾਨ ਨਹੀਂ ਕਰਦੇ? ਤਾਂ ਸਹਿਜ ਸੁਭਾਅ ਕਬੀਰ ਸਾਹਿਬ ਜੀ ਨੇ ਕਿਹਾ ਕਿ ਤੀਰਥ ਉਪਰ ਕੇਵਲ ਮਜਨ ਕਰਨ ਨਾਲ

ਮੇਰੇ ਉਤੇ ਕੀ ਅਸਰ ਹੋਵੇਗਾ। ਉਨ੍ਹਾਂ ਨੇ ਕਿਹਾ, "ਮਹਾਰਾਜ! ਤੀਰਥ ਦੇ ਜਲ ਵਿਚ ਇਸ਼ਨਾਨ ਕਰਨ ਨਾਲ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਵਿਕਾਰ ਖਤਮ ਹੋ ਜਾਂਦੇ ਹਨ ਅਤੇ ਬਹੁਤ ਪੁੰਨ ਫਲ ਪ੍ਰਾਪਤ ਹੁੰਦਾ ਹੈ। ਤਾਂ ਕਬੀਰ ਜੀ ਨੇ ਇਕ ਕੌੜੀ ਤੂੰਬੀ ਦੇ ਕੇ ਕਿਹਾ ਕਿ ਤੁਸੀਂ ਇਸ ਤੂੰਬੀ ਦਾ ਇਸ਼ਨਾਨ ਚੰਗੀ ਤਰ੍ਹਾਂ ਮਲ-ਮਲ ਕੇ ਹਰ ਤੀਰਥ ਵਿਚ ਕਰਾਉਣਾ, ਤੁਹਾਡੇ ਕਹਿਣ ਦੇ ਮੁਤਾਬਿਕ ਇਸ ਜਲ ਦਾ ਸੁਭਾਅ ਇਹਦੇ ਉਪਰ ਹੋਵੇਗਾ, ਇਸਦਾ ਕੌੜਾ ਸੁਭਾਅ ਬਦਲ ਜਾਵੇਗਾ, ਇਹ ਮੈਨੂੰ ਚਾਹੀਦੀ ਹੈ ਮੈਂ ਇਸ ਦੀ ਤੂੰਬੀ ਬਣਾਵਾਂਗਾ। ਸਾਧੂਆਂ ਨੇ ਤੂੰਬੀ ਲੈ ਕੇ ਇਸ਼ਨਾਨ ਕਰਾਇਆ। ਸਾਰੇ ਤੀਰਥਾਂ ਤੇ ਇਸ਼ਨਾਨ ਕਰਾ ਕੇ ਜਦੋਂ ਵਾਪਸ ਆਏ ਤਾਂ ਉਨ੍ਹਾਂ ਨੇ ਤੂੰਬੀ ਕਬੀਰ ਸਾਹਿਬ ਜੀ ਨੂੰ ਦਿਤੀ ਤਾਂ ਕਬੀਰ ਸਾਹਿਬ ਜੀ ਨੇ ਕਿਹਾ ਕਿ ਭਾਈ! ਇਹਦੀ ਕੁੜੱਤਣ ਦੂਰ ਹੋ ਗਈ ਹੋਵੇਗੀ, ਚਲੋ ਇਸਦਾ ਪ੍ਰਸ਼ਾਦ ਬਣਾ ਕੇ ਇਹੀ ਵੰਡ ਲੈਂਦੇ ਹਾਂ। ਜਦੋਂ ਪ੍ਰਸ਼ਾਦ ਦੇ ਰੂਪ ਵਿਚ ਛੋਟਾ-ਛੋਟਾ ਟੁਕੜਾ ਹਰੇਕ ਨੂੰ ਮਿਲਿਆ ਤਾਂ ਉਨ੍ਹਾਂ ਨੇ ਕਿਹਾ, "ਛਕੋ ਭਾਈ!" ਜਦੋਂ ਮੂੰਹ ਲਾਇਆ ਤਾਂ ਉਹ ਬਹੁਤ ਹੀ ਕੌੜੀ ਜ਼ਹਿਰ ਵਰਗੀ ਸੀ, ਕੋਈ ਖਾਵੇ ਨਾ। ਕਹਿਣ ਲੱਗੇ, "ਆਪ ਪ੍ਰਸ਼ਾਦ ਨਹੀਂ ਛਕਦੇ।" ਉਹ ਕਹਿਣ ਲੱਗੇ, ਮਹਾਰਾਜ! ਇਹ ਤਾਂ ਕੌੜੀ ਹੈ। ਕਬੀਰ ਸਾਹਿਬ ਨੇ ਕਿਹਾ, ਜਿਵੇਂ ਇਹ ਕੌੜੀ ਰਹਿ ਗਈ ਹੈ ਇਸੇ ਤਰ੍ਹਾਂ ਜਿਨ੍ਹਾਂ ਦੇ ਅੰਦਰ ਨਾਸਤਿਕਤਾ, ਅਸ਼ਰਧਾ, ਵਿਭਚਾਰ, ਕੁੜੱਤਣ, ਬੇਮੁਖਤਾਈ, ਮਨਮੁਖਤਾਈ ਹੈ, ਉਨ੍ਹਾਂ ਦੇ ਉਪਰ ਕੇਵਲ ਪਾਣੀ ਨਾਲ ਇਸ਼ਨਾਨ ਕਰਕੇ ਕੋਈ ਅਸਰ ਨਹੀਂ ਹੋਇਆ ਕਰਦਾ। ਇਹ ਇਸ਼ਨਾਨ ਕੇਵਲ ਸਰੀਰਕ ਪਵਿੱਤਰਤਾ ਵਾਸਤੇ ਹੋਇਆ ਕਰਦਾ ਹੈ ਪਰ ਆਤਮਿਕ ਜੀਵਨ ਨਾਲ ਇਨ੍ਹਾਂ ਦਾ ਬਹੁਤਾ ਸਬੰਧ ਨਹੀਂ ਹੋਇਆ ਕਰਦਾ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥*
*ਇਕੁ ਭਾਉ ਲਥੀ ਨਾਤਿਆ*
*ਦੁਇ ਭਾ ਚੜੀਅਸੁ ਹੋਰ॥*
*ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥*
*ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥*
*ਅੰਗ- ੭੮੯*

*ਤੀਰਥਿ ਨਾਇ ਨ ਉਤਰਸਿ ਮੈਲੁ॥*
*ਕਰਮ ਧਰਮ ਸਭਿ ਹਉਮੈ ਫੈਲੁ॥*
*ਲੋਕ ਪਚਾਰੈ ਗਤਿ ਨਹੀ ਹੋਇ॥*
*ਨਾਮ ਬਿਹੂਣੇ ਚਲਸਹਿ ਰੋਇ॥ ਅੰਗ - ੮੯੦*

*ਅਠਸਠਿ ਤੀਰਥ ਜਹ ਸਾਧ ਪਗ ਧਰਹਿ॥*
*ਤਹ ਬੈਕੁੰਠੁ ਜਹ ਨਾਮੁ ਉਚਰਹਿ॥*
*ਅੰਗ - ੮੯੦*

ਗੁਰਬਾਣੀ ਦੇ ਪ੍ਰਕਾਸ਼ ਵਿਚ ਗੁਰੂ ਮਹਾਰਾਜ ਜੀ ਨੇ ਅਸਾਡੇ ਲਈ ਸੱਚੇ ਤੀਰਥ ਤੇ ਇਸ਼ਨਾਨ ਕਰਨ ਦੀ ਜਾਚ ਦੱਸੀ ਹੈ। ਪ੍ਰਮੇਸ਼ਰ ਦੇ ਪਿਆਰੇ, ਤੱਤ ਬੇਤੇ, ਬ੍ਰਹਮਗਿਆਨੀ, ਅਭੇਦ ਅਵਸਥਾ ਵਾਲੇ ਗੁਰਸਿੱਖ ਦੀ ਐਨੀ ਪਵਿੱਤਰਤਾ ਦਰਸਾਈ ਗਈ ਹੈ ਕਿ ਜਿਥੇ ਉਹ ਚਰਨ ਧਰ ਦੇਵੇ ਉਸ ਥਾਂ ਦੀ ਮਹਾਨਤਾ ਕ੍ਰੋੜਾਂ ਗੰਗਾ ਤੋਂ ਵੀ ਵੱਧ ਹੋਇਆ ਕਰਦੀ ਹੈ -

*ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ*
*ਜਨ ਕੇ ਚਰਨ ਤੀਰਥ ਕੋਟਿ ਗੰਗਾ॥*
*ਜਨ ਕੀ ਧੂਰਿ ਕੀਓ ਮਜਨੁ ਨਾਨਕ*
*ਜਨਮ ਜਨਮ ਕੇ ਹਰੇ ਕਲੰਗਾ॥*
*ਅੰਗ - ੮੨੮*

ਸੋ ਜਲ ਦੇ ਇਸ਼ਨਾਨ ਨਾਲ ਕਿਸੇ ਉਤਮ ਗਤੀ ਨੂੰ ਪ੍ਰਾਪਤ ਕਰ ਲੈਣਾ ਇਕ ਅਸੱਤਿ ਮਨੌਤ ਹੈ। ਉਤਮ ਗਤੀ ਕੇਵਲ ਨਾਮ ਦੀ ਕਮਾਈ ਕਰਕੇ, ਅਗਿਆਨਤਾ ਦਾ ਨਾਸ਼ ਹੋਣ ਉਪਰੰਤ ਹੋਇਆ ਕਰਦੀ ਹੈ -

*ਜਲ ਕੈ ਮਜਨਿ ਜੇ ਗਤਿ ਹੋਵੈ*
*ਨਿਤ ਨਿਤ ਮੇਂਡੁਕ ਨਾਵਹਿ॥*
*ਜੈਸੇ ਮੇਂਡੁਕ ਤੈਸੇ ਓਇ ਨਰ*
*ਫਿਰਿ ਫਿਰਿ ਜੋਨੀ ਆਵਹਿ॥ ਅੰਗ - ੪੮੪*

ਸੋ ਇਸ ਮਹੀਨੇ ਦਾ ਜੋ ਉਪਦੇਸ਼ ਸਾਨੂੰ ਗੁਰੂ ਮਹਾਰਾਜ ਜੀ ਤੋਂ ਪ੍ਰਾਪਤ ਹੋ ਰਿਹਾ ਹੈ, ਉਹ ਵਾਹਿਗੁਰੂ ਦੇ ਨਾਮ ਦੇ ਜਲ ਵਿਚ ਨਿਰਮਲ ਮਨ ਹੋ ਕੇ ਇਸ਼ਨਾਨ ਕਰਨਾ ਹੈ -

*ਹਰਿ ਜਲੁ ਨਿਰਮਲੁ ਮਨੁ ਇਸਨਾਨੀ*
*ਮਜਨੁ ਸਤਿਗੁਰੁ ਭਾਈ॥*
*ਪੁਨਰਪਿ ਜਨਮੁ ਨਾਹੀ ਜਨ ਸੰਗਤਿ*
*ਜੋਤੀ ਜੋਤਿ ਮਿਲਾਈ॥ ਅੰਗ - ੫੦੫*

ਹਰੀ ਦਾ ਨਾਮ ਨਿਰਮਲ ਜਲ, ਤੇ ਸਤਿਗੁਰੂ ਇਸ਼ਨਾਨ ਕਰਾਉਣ ਵਾਲੇ ਹਨ। ਹਰੀ ਦੇ ਦਾਸਾਂ ਦੀ ਸੰਗਤ ਕਰਕੇ ਫੇਰ ਜਨਮ ਮਰਨ ਤੋਂ ਛੁਟਕਾਰਾ ਹੋ ਜਾਂਦਾ ਹੈ, ਹਰੀ ਦੇ ਰੂਪ ਵਿਚ ਸਾਡੀ ਆਤਮਾ ਅਭੇਦ ਹੋ ਜਾਂਦੀ ਹੈ ਨਾਮ ਦੇ ਇਸ਼ਨਾਨ ਦੀ ਪ੍ਰੋੜਤਾ ਕਰਦੇ ਹੋਏ ਆਪ ਫੁਰਮਾਉਂਦੇ ਹਨ -

*ਜਲਿ ਮਲਿ ਕਾਇਆ ਮਾਜੀਐ*
*ਭਾਈ ਭੀ ਮੈਲਾ ਤਨੁ ਹੋਇ॥*
*ਗਿਆਨਿ ਮਹਾ ਰਸਿ ਨਾਈਐ*

*ਭਾਈ ਮਨੁ ਤਨੁ ਨਿਰਮਲੁ ਹੋਇ॥*
*ਅੰਗ - ੬੩੭*

ਸੋ ਗੁਰੂ ਮਹਾਰਾਜ ਜੀ ਦਾ ਆਦੇਸ਼ ਹੈ -

*ਮਾਘਿ ਮਜਨੁ ਸੰਗਿ ਸਾਧੂਆ*
*ਧੂੜੀ ਕਰਿ ਇਸਨਾਨੁ॥ ਅੰਗ - ੧੩੬*

ਸਾਧੂਆਂ ਦੀ ਸੰਗਤ ਵਿਚ ਰਹਿ ਕੇ ਅਤੇ ਉਨ੍ਹਾਂ ਦੇ ਤੱਤ ਬਚਨਾਂ ਨੂੰ ਸਰਵਣ ਕਰਕੇ, ਮੰਨਣ ਕਰਕੇ ਅਤੇ ਨਿਧਿਆਸਣ ਰਾਹੀਂ ਤੱਤ ਪਦ ਦੀ ਪ੍ਰਾਪਤੀ ਕਰਕੇ ਸਫਲ ਨਹਾਉਣਾ ਹੈ। ਵਾਹਿਗੁਰੂ ਦਾ ਨਾਮ ਆਪ ਜਪਣਾ ਹੈ ਅਤੇ ਜਦੋਂ ਆਤਮ ਪ੍ਰਾਪਤੀ ਹੋ ਗਈ, ਦੂਸਰਿਆਂ ਨੂੰ ਵੀ ਜਪਾਉਣਾ ਹੈ-

*ਹਰਿ ਕਾ ਨਾਮੁ ਧਿਆਇ ਸੁਣਿ*
*ਸਭਨਾ ਨੋ ਕਰਿ ਦਾਨੁ॥ ਅੰਗ - ੧੩੬*

ਇਸ ਦੀ ਪਦਵੀ ਬਹੁਤ ਉਚੀ ਹੋਇਆ ਕਰਦੀ ਹੈ ਜੋ ਆਪ ਨਾਮ ਜਪਦਾ ਹੈ ਅਤੇ ਦੂਸਰਿਆਂ ਨੂੰ ਜਪਾਉਂਦਾ ਹੈ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*
*ਅੰਗ - ੩੦੬*

ਕਬੀਰ ਜੀ ਦਾ ਇਕੋ-ਇਕ ਪ੍ਰਮੁੱਖ ਸਾਧਨ ਨਾਮ ਜਪਣਾ ਹੈ। ਹਰੀ ਦਾ ਕੀਰਤਨ ਕਰਨਾ, ਹਰੀ ਦੇ ਗੁਣਾਂ ਦੀ ਵਿਚਾਰ ਕਰਨੀ, ਉਸਦੀ ਬੇਅੰਤਤਾਈ ਵਿਚ ਲੀਨ ਹੋਣਾ, ਪ੍ਰਭੂ ਰੂਪ ਗੁਰੂ ਦੇ ਧਿਆਨ ਵਿਚ ਮਹਿਵ ਹੋਣਾ ਅਤੇ ਮਨੋ ਮਨ ਤਰੱਕੀ ਕਰਕੇ ਆਤਮ ਚਿੰਤਨ ਦੀ ਅਵਸਥਾ ਵਿਚ ਪਹੁੰਚਣਾ; ਇਹ ਆਤਮ ਮਾਰਗ ਵਿਚ ਨਾਮ ਦੀਆਂ ਪਉੜੀਆਂ ਹਨ। ਸੋ ਐਸੇ ਨਾਮ ਦੀ ਘਾਲ ਕਮਾਈ ਕਰਨ ਵਾਲਾ ਆਪ ਛੁਟ ਜਾਂਦਾ ਹੈ ਅਤੇ ਲੱਖਾਂ ਕੀ, ਕ੍ਰੋੜਾਂ ਨੂੰ ਤਾਰ ਦਿੰਦਾ ਹੈ -

*ਗੁਰਮੁਖਿ ਕੋਟਿ ਉਧਾਰਦਾ ਭਾਈ*
*ਦੇ ਨਾਵੈ ਏਕ ਕਣੀ॥ ਅੰਗ - ੬੦੮*

ਸੋ ਮਹਾਰਾਜ ਜੀ ਦਾ ਹੁਕਮ ਹੈ -

*ਹਰਿ ਕਾ ਨਾਮੁ ਧਿਆਇ ਸੁਣਿ*
*ਸਭਨਾ ਨੋ ਕਰਿ ਦਾਨੁ॥ ਅੰਗ - ੧੩੬*

ਅੰਤਸ਼ਕਰਣ ਵਿਚ ਜੋ ਜਨਮਾਂ-ਜਨਮਾਂਤਰਾਂ ਦੀ ਮੈਲ ਲੱਗੀ ਹੋਈ ਹੈ ਅਤੇ ਮਨ ਕਾਲਾ ਸਿਆਹ ਹੋ ਗਿਆ ਹੈ, ਜੋ ਨਾਮ ਤੋਂ ਬਗੈਰ ਹੋਰ ਕਿਸੇ ਸਾਧਨ ਨਾਲ ਇਹ ਮੈਲ ਨਹੀਂ ਉਤਰਦੀ, ਫੋਕੇ ਸਾਧਨ ਹੋਰ ਤੈਹਾਂ ਇਸ ਮਨ ਉਪਰ ਅੰਦਰਲੀ ਮੈਲ ਕਾਰਨ ਲਾਈ ਜਾਂਦੇ ਹਨ। ਪਰ ਜਦੋਂ ਸਾਧੂਆਂ ਦੀ ਸੰਗਤ ਵਿਚ ਇਸ਼ਨਾਨ ਕੀਤਾ ਤਾਂ ਮਨ ਉਪਰੋਂ ਹਉਮੈ ਦੀ ਮੈਲ, ਨਾਮ ਕਮਾਈ ਕਰਕੇ ਲਹਿ ਜਾਂਦੀ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ॥*
*ਅੰਗ - ੬੫੧*

*ਜਨਮ ਕਰਮ ਮਲੁ ਉਤਰੈ*
*ਮਨ ਤੇ ਜਾਇ ਗੁਮਾਨੁ॥ ਅੰਗ - ੧੩੬*

ਜਦੋਂ ਸਾਧੂਆਂ ਦੀ ਸੰਗਤ ਮਿਲ ਗਈ, ਉਨ੍ਹਾਂ ਤੋਂ ਪ੍ਰਾਪਤ ਤੱਤ ਬਚਨਾਂ ਦੀ ਕਮਾਈ ਕੀਤੀ ਤਾਂ ਕਾਮ ਵਰਗੇ ਮਹਾਨ ਸ਼ਤਰੂ ਅਤੇ ਕ੍ਰੋਧ ਵਰਗੇ ਦੁੰਦਰ ਸ਼ਤਰੂ ਇਸ ਜੀਵ ਨੂੰ ਮੋਹ ਨਹੀਂ ਸਕਦੇ। ਲੋਭ ਦਾ ਖਾਤਮਾ ਹੋ ਜਾਂਦਾ ਹੈ ਕਿਉਂਕਿ ਸੰਤਾਂ ਦੀ ਸੰਗਤ ਕਰਕੇ ਅਤੇ ਨਾਮ ਦੀ ਕਮਾਈ ਕਰਕੇ ਦਿਬ ਨੇਤਰ ਖੁਲ੍ਹ ਗਏ, ਹਰ ਥਾਂ ਉਪਰ ਇਕੋ ਜੋਤ ਨਜ਼ਰ ਆਉਂਦੀ ਹੈ। -

*ਜਿਮੀ ਜਮਾਨ ਕੇ ਬਿਖੈ*
*ਸਮਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ*
*ਨਾ ਘਾਟਿ ਬਾਢ ਹੋਤ ਹੈ।।*
*(ਅਕਾਲ ਉਸਤਤਿ)*

ਦੂਸਰਾ ਕੋਈ ਦਿਸਦਾ ਨਹੀਂ ਫੇਰ ਇਨ੍ਹਾਂ ਆਸੁਰੀ ਸੰਪ੍ਰਦਾ ਦੇ ਭਿਆਨਕ ਸ਼ਤਰੂਆਂ ਦਾ, ਸਤਿਸੰਗ ਦੇ ਪ੍ਰਭਾਵ ਕਰਕੇ ਕੋਈ ਅਸਰ ਨਹੀਂ ਹੁੰਦਾ। ਜਦੋਂ ਅਸੀਂ ਆਤਮ ਮਾਰਗ ਦੇ ਸੱਚੇ ਰਸਤੇ ਉਤੇ ਆਪਣੀ ਜੀਵਨ ਨਈਆ ਨੂੰ ਪਾਵਾਂਗੇ ਤਾਂ ਜੀਵ ਦੇ ਅੰਦਰ ਦੈਵੀ ਸੰਪ੍ਰਦਾ ਦਾ ਉਭਾਰ ਵਧਦਾ ਹੀ ਜਾਵੇਗਾ। ਜਦੋਂ ਇਸ ਦਾ ਜੀਵ ਭਾਵ ਖਤਮ ਹੋ ਕੇ ਜੀਵਨ ਮੁਕਤ ਅਵਸਥਾ ਦੀ ਪ੍ਰਾਪਤੀ ਹੋ ਗਈ ਤਾਂ ਸਾਰਾ ਹੀ ਸੰਸਾਰ ਇਥੇ ਧੰਨ-ਧੰਨ ਕਰੇਗਾ ਅਤੇ ਦਰਗਾਹ ਵਿਚ ਵੀ ਦੇਵ ਲੋਕਾਂ ਵਿਚ ਧੰਨ-ਧੰਨ ਦੇ ਅਵਾਜ਼ੇ ਆਉਣਗੇ-

*ਸਚੈ ਮਾਰਗਿ ਚਲਦਿਆ*
*ਉਸਤਤਿ ਕਰੇ ਜਹਾਨੁ॥ ਅੰਗ - ੧੩੬*

*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥*
*ਅੰਗ - ੨੮੩*

68 ਤੀਰਥਾਂ ਦਾ ਫਲ ਉਸਨੂੰ ਪ੍ਰਾਪਤ ਹੋ ਜਾਂਦਾ ਹੈ ਜੋ ਜੀਵਾਂ ਉਪਰ ਦਇਆ ਕਰਦੇ ਹਨ। ਮਹਾਰਾਜ ਜੀ ਦਾ ਫੁਰਮਾਨ ਹੈ ਕਿ ਕਿਸੇ ਜੀਵ ਨੂੰ ਦੁੱਖ ਨਾ ਦੇਹ। ਸਾਰੇ

*(ਬਾਕੀ ਪੰਨਾ 45 ਤੇ)*

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਉਤਸਵ - 17 ਜਨਵਰੀ, ਬੁੱਧਵਾਰ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਗੁਰ ਪੁਰਖ ਅਗੰਮੁ ਹੈ,*
*ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ*
*ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ 34/1*

ਸਾਧਸੰਗਤ ਜੀ ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਆਹ ਸੰਸਾਰ ਦੇ ਅੰਦਰ ਬਹੁਤ ਹੀ ਮਹੱਤਵਪੂਰਨ ਦਿਨ ਗਿਣਿਆ ਗਿਆ ਹੈ। ਕਿਉਂਕਿ ਇਸ ਦਿਨ ਦੀ ਉਡੀਕ ਵਿਚ ਹਜ਼ਾਰ੍ਹਾਂ ਸਾਲ ਮਨੁੱਖ ਨੂੰ ਇੰਤਜ਼ਾਰ ਕਰਨਾ ਪਿਆ ਤੇ ਜੋ ਵੱਡੇ ਮਹਾਂਪੁਰਸ਼ ਸੀ, ਸਾਰਿਆਂ ਨੇ ਇਸ ਗੱਲ ਨੂੰ ਅਨੁਭਵ ਕਰ ਲਿਆ ਸੀ ਕਿ ਕੁਝ ਸਮਾਂ ਲੰਘਣ ਦੇ ਨਾਲ ਸੰਸਾਰ ਦੇ ਉਤੇ ਇਕ ਐਸੀ ਹਸਤੀ ਪ੍ਰਗਟ ਹੋ ਰਹੀ ਹੈ, ਜਿਸ ਨੇ ਸੰਸਾਰ ਨੂੰ ਐਸਾ ਰਾਹ ਦੱਸਣਾ ਹੈ, ਭਰਮਾਂ ਤੇ ਭੇਖਾਂ ਤੋਂ ਨਿਆਰਾ ਤੇ ਨਾਲ ਮਨੁੱਖ ਨੂੰ ਆਪਣੇ ਹੱਕਾਂ ਦੀ ਰਾਖੀ ਕਰਨ ਵਾਸਤੇ ਵੀ ਅਜੀਬ ਸਬਕ ਦੇਣਾ ਹੈ।

ਈਸਾ ਜੀ, ਦੋ ਹਜ਼ਾਰ ਸਾਲ ਪਹਿਲਾਂ, ਇਕ ਦਿਨ ਇਬਾਦਤ 'ਚੋਂ ਉਠੇ, ਬਹੁਤ ਆਪ ਦੇ ਨਕਸ਼ ਗੰਭੀਰ ਹੋਏ-ਹੋਏ ਸਨ। ਨਾਲ ਦੇ ਜੋ ਪਿਤਰਸ ਵਗੈਰਾ ਸਨ ਉਨ੍ਹਾਂ ਨੇ ਪੁੱਛਿਆ ਕਿ ਹਜ਼ਰਤ! ਆਪ ਅੱਜ ਐਨੇ ਗੰਭੀਰ ਹੋਂ, ਕ੍ਰਿਪਾ ਕਰੋ ਜੇ ਕੋਈ ਅਲੌਕਿਕ ਬਾਤ ਅੱਜ ਖੁਦਾ ਦੇ ਦਰ ਤੇ ਤੁਸੀਂ ਦੇਖੀ ਹੈ? ਸਾਡੇ ਨਾਲ ਉਹ ਸਾਂਝੀ ਕਰੋ।

ਕਿਉਂਕਿ ਈਸਾ ਜੀ ਦੇ ਜਿੰਨੇ ਉਪਦੇਸ਼ ਨੇ ਬਾਈਬਲ ਦੇ ਅੰਦਰ, ਉਹ ਇਸ ਤਰ੍ਹਾਂ ਨਹੀਂ ਹੈ ਜਿਵੇਂ ਗੁਰੂ ਨਾਨਕ ਸਾਹਿਬ ਨੇ ਬਾਣੀ ਉਚਾਰੀ ਹੈ। ਮਹਾਰਾਜ ਨੇ ਤਾਂ ਇਕੋ ਵਾਰੀ ਕਹਿ ਦਿਤਾ ਕਿ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥* *ਅੰਗ - ੭੨੨*

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ ॥* *ਅੰਗ - ੭੬੩*

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥* *ਅੰਗ - ੬੨੮*

ਈਸਾ ਜੀ ਬਾਰ-ਬਾਰ ਦੱਸਿਆ ਕਰਦੇ ਸੀ ਕਿ ਅੱਜ ਸਾਨੂੰ ਫਰਿਸ਼ਤੇ ਨੇ ਆ ਕੇ ਆਹ ਗੱਲ ਕਹੀ ਹੈ, ਉਨ੍ਹਾਂ ਦੀ ਸਾਰੀ ਬਾਈਬਲ ਇਸੇ ਤਰ੍ਹਾਂ ਨਾਲ ਹੈ ਕਿ ਅੱਜ ਫਰਿਸ਼ਤੇ ਨੇ ਆਹ ਗੱਲ ਕਹੀ, ਅੱਜ ਇਹ ਗੱਲ ਕਹੀ। ਉਹ ਜੋੜਨੀ ਤੋੜਨੀ ਪੈਂਦੀ ਹੈ, ਆਪ ਸਮਝਣੀ ਪੈਂਦੀ ਹੈ ਕਿ ਕੀ ਬਣੀ ਗੱਲ। ਮੁਹੰਮਦ ਸਾਹਿਬ ਅੰਦਰ ਹੋ ਕੇ ਦੱਸ ਦਿਆ ਕਰਦੇ ਸੀ ਕਿ ਅੱਜ ਅਸਮਾਨ ਦੇ ਅੰਦਰ ਜੋ ਲੋਹ ਕਲਮ ਹੈ, ਫੱਟੀ ਦੇ ਉਤੇ ਅੱਜ ਆਹ ਚੀਜ਼ ਲਿਖੀ ਹੋਈ ਹੈ। ਇਹਨੂੰ ਕਹਿੰਦੇ ਸੀ ਆਇਤਾਂ ਉਤਰਦੀਆਂ ਨੇ, ਇਲਹਾਮ ਆਉਂਦਾ ਹੈ, ਰਿਸ਼ੀਆਂ-ਮੁਨੀਆਂ ਨੂੰ ਵੀ ਇਲਹਾਮ ਆਉਂਦਾ ਸੀ। ਵੇਦਾਂ ਦੀ ਰਚਨਾ ਸਾਰੀ ਈਸ਼ਵਰ ਕਿਰਤ ਦੱਸਦੇ ਨੇ। ਕੋਈ ਰਿਸ਼ੀ ਨਹੀਂ ਮੰਨਦਾ ਕਿ ਮੈਂ ਇਹ ਉਚਾਰੀ ਹੈ। ਉਹ ਕਹਿੰਦੇ ਨੇ ਇਹ ਬ੍ਰਹਮਾ ਵਲੋਂ ਆਈ ਹੈ, ਇਲਹਾਮ ਆਇਆ ਹੈ, ਸਾਡੇ ਦੁਆਰਾ ਆਇਆ ਹੈ, ਅਸੀਂ ਉਹ ਤੁਹਾਨੂੰ ਪ੍ਰਗਟ ਕਰ ਦਿੰਦੇ ਹਾਂ। ਮੁਹੰਮਦ ਸਾਹਿਬ ਕਹਿੰਦੇ ਸੀ ਕਿ ਲੋਹ ਕਲਮ ਦੇ ਉਤੇ ਅੱਜ ਆਹ ਲਿਖਿਆ ਹੋਇਆ ਹੈ, ਅਸਮਾਨ ਨੂੰ ਇਕ ਫੱਟੀ ਗਿਣਦੇ ਸੀ, ਉਹਦੇ ਉਤੇ ਆਇਤਾਂ ਪੜ੍ਹ ਕੇ ਸੁਣਾ ਦਿਆ ਕਰਦੇ ਸੀ।

ਸੋ ਉਸ ਦਿਨ ਜਦੋਂ ਪੁੱਛਿਆ ਕਿ ਮਹਾਰਾਜ! ਤੁਸੀਂ ਅੱਜ ਕੋਈ ਅਲੌਕਿਕ ਬਾਤ ਦੇਖੀ ਹੈ?

ਕਹਿਣ ਲੱਗੇ, "ਹਾਂ। ਅੱਜ ਦਰਗਾਹ ਤੋਂ ਇਕ ਹਸਤੀ ਨਮੋਦਾਰ ਹੋਈ ਹੈ, ਜਿਸਦੇ ਚਿਹਰੇ ਉਤੇ ਬਹੁਤ ਹੀ ਸੁੰਦਰ ਦਾੜ੍ਹਾ ਹੈ, ਨੂਰਾਨੀ ਚਿਹਰਾ ਹੈ, ਬਹੁਤ ਹੀ ਸੁੰਦਰ ਮਨ ਨੂੰ ਮੋਹਣ ਵਾਲਾ, ਸਿਰ ਦੇ ਉਤੇ ਕੇਸ ਹਨ ਪਰ ਢਕੇ ਹੋਏ ਹਨ, ਖੁੱਲ੍ਹੇ ਨਹੀਂ ਹਨ ਤੇ ਪੱਗ ਬੰਨ੍ਹੀ ਹੋਈ ਹੈ। ਪੱਗ ਦੇ ਉਤੇ ਜੋ ਸਾਜੋ ਸ਼ਿੰਗਾਰ ਜੋ ਹੈ, ਉਹ ਮਹਾਰਾਜਿਆਂ ਵਰਗੀ ਹੈ ਤੇ ਕਲਗੀ ਲੱਗੀ ਹੋਈ ਹੈ ਤੇ

ਉਹ ਮੋਹਣੀ ਸੂਰਤ ਜੋ ਹੈ, ਘੋੜੇ ਦੇ ਉਤੇ ਸਵਾਰ ਹੈ। ਗਲ ਦੇ ਵਿਚ ਬਾਂਹ ਦੇ ਮੋਢੇ ਦੇ ਉਤੇ ਧਨੁਸ਼ ਬਾਣ ਲਟਕਦਾ ਹੈ ਤੇ ਪਿਛੇ ਸਵਰਨ ਦੇ ਤੀਰਾਂ ਦਾ ਭੱਥਾ ਹੈ, ਸੋਨੇ ਦੀਆਂ ਮੁਖੀਆਂ ਵਾਲੇ ਤੀਰ ਤੇ ਉਸ ਦੇ ਉਤੇ ਖੁਦਾ ਦੀ ਖਾਸ ਰਹਿਮਤ ਹੋ ਰਹੀ ਹੈ। ਉਹ ਸਮਾਂ ਆਏਗਾ ਕਿ ਉਹ ਸੰਸਾਰ ਦੇ ਅੰਦਰ ਪ੍ਰਗਟ ਹੋਏਗਾ। ਪਰ ਅਜੇ ਸਮਾਂ ਹੈ।

ਸਮੇਂ ਦਾ ਹਿਸਾਬ-ਕਿਤਾਬ ਲਾਉਣਾ ਬੜਾ ਔਖਾ ਹੋਇਆ ਕਰਦਾ ਹੈ। ਗੁਰੂ ਮਹਾਰਾਜ ਵੀ ਜਦੋਂ ਬਚਨ ਬੋਲਿਆ ਕਰਦੇ ਸੀ, ਉਸ ਵੇਲੇ ਸਮੇਂ ਦਾ ਹਿਸਾਬ-ਕਿਤਾਬ ਲਾਉਣਾ ਬਹੁਤ ਔਖਾ ਕੰਮ ਸੀ। ਕਹਿ ਦਿੰਦੇ ਸੀ ਕਿ ਸਮਾਂ ਦੇਖੋਂਗੇ, ਆਏਗਾ ਐਸਾ। ਹੌਲੀ-ਹੌਲੀ ਓਹੀ ਆਈ ਜਾਂਦਾ ਹੈ, ਕਿਉਂਕਿ ਸੌ ਸਾਖੀ ਜੋ ਹੈ ਅੰਗਰੇਜ਼ ਬੜਾ ਸਿਆਣਾ ਸ਼ਾਸਕ ਸੀ, ਉਹਨੇ ਕਿਹਾ ਕਿ ਜੇ ਸੌ ਸਾਖੀ ਰਹਿ ਗਈ ਤਾਂ ਇਨ੍ਹਾਂ ਨੂੰ ਪਹਿਲਾਂ ਹੀ ਪਤਾ ਲਗ ਜਾਣਾ ਹੈ ਕਿ ਹੁਣ ਐਉਂ ਹੋਣਾ ਹੈ।

ਇਕ ਬੇਦੀ ਸੀ ਲਾਹੌਰ ਦੇ, ਅੱਠ ਜ਼ੁਬਾਨਾਂ ਜਾਨਣ ਵਾਲੇ। ਉਨ੍ਹਾਂ ਨੂੰ ਲੱਖਾਂ ਰੁਪਏ ਦੇ ਕੇ ਕੋਠੀਆਂ ਦੇ ਕੇ ਵੱਡੀਆਂ ਸਵਾਰੀਆਂ ਵਗੈਰਾ ਦੇ ਕੇ ਉਸ ਤੋਂ ਇਹ ਕੰਮ ਕਰਾਇਆ ਕਿ ਤੂੰ ਸੌ ਸਾਖੀ ਨੂੰ ਸਮਝ ਪਹਿਲਾਂ। ਕਿਉਂਕਿ ਸੌ ਸਾਖੀ ਦੇ ਜੋ ਸੰਮਤ ਨੇ ਉਹ ਅੱਖਰਾਂ ਦੇ ਵਿਚ ਨਹੀਂ ਆਏ ਹੋਏ, ਸਿਫਰਾਂ, ਏਕੇ ਦੂਏ 'ਚ ਨਹੀਂ ਆਏ। ਉਹ ਸ਼ਬਦਾਂ ਦੇ ਵਿਚ ਆਏ ਹੋਏ ਨੇ, ਜੇ ਵੇਦ ਅੱਖਰ ਆ ਗਿਆ, ਤਾਂ ਇਹਦਾ ਮਤਲਬ ਹੈ ਕਿ ਚਾਰ ਹੋ ਗਿਆ। ਕਿਉਂਕਿ ਚਾਰ ਵੇਦ ਨੇ, ਇਸ ਤਰ੍ਹਾਂ ਦੇ ਨਾਲ। ਜੇ ਸੁੰਨ ਆ ਗਿਆ ਤਾਂ ਜ਼ੀਰੋ ਬਣ ਗਿਆ। ਆਕਾਸ਼ ਆ ਗਿਆ, ਆਕਾਸ਼ ਜ਼ੀਰੋ ਨੂੰ ਕਹਿੰਦੇ ਨੇ। ਉਹਨੇ ਸਾਰੇ ਸੰਮਤ ਵਿਗਾੜ ਕੇ ਜਿੰਨੇ ਵੀ ਵਾਕਿਆਤ ਸੀ, ਅੱਧਾ ਕਿਸੇ ਨਾਲ ਜੋੜ ਦਿਤਾ, ਅੱਧਾ ਕਿਸੇ ਨਾਲ ਤੇ ਉਹ ਸੌ ਸਾਖੀ ਦੀ ਕੋਈ ਵੀ ਮਹੱਤਤਾ ਨਾ ਰਹਿਣ ਦਿਤੀ। ਬਿਲਕੁਲ ਗਲਤ ਕਰ ਦਿਤੀ। ਉਸ ਤੋਂ ਬਾਅਦ ਇਹਨੂੰ ਬੜੀ ਜਾਇਦਾਦ ਮਿਲੀ, ਲੱਖਾਂ ਰੁਪਿਆ ਇਨਾਮ ਮਿਲਿਆ, ਬੱਗੀ ਮਿਲੀ, ਘੋੜੇ ਸਵਾਰੀਆਂ, ਚਾਰ ਕੋਠੀਆਂ ਦਿਤੀਆਂ। ਪਿਛਲੀ ਉਮਰ ਦੇ ਵਿਚ ਆ ਕੇ ਇਸਨੂੰ ਅਧਰੰਗ ਹੋ ਗਿਆ, ਪਾਪ ਦਾ ਫਲ ਮਿਲ ਗਿਆ। ਉਸ ਵੇਲੇ ਬਹੁਤ ਸਾਰੇ ਸਿਆਣਿਆਂ ਨੇ ਕਿਹਾ ਕਿ ਇਹ ਸੂਰਜ ਡੁੱਬ ਰਿਹਾ ਹੈ। ਹੁਣ ਜੇ ਪ੍ਰਾਸ਼ਚਿਤ ਕਰ ਲਵੇ ਤੇ ਦੱਸ ਦੇਵੇ ਸਹੀ ਸੰਮਤ, ਕਿਹੜੀ ਤੁਕ ਕੀਹਦੇ ਨਾਲ ਜੋੜੀ ਹੈ, ਕਿਹੜੀ ਕੀਹਦੇ ਨਾਲ, ਤਾਂ ਵੀ ਆਪਾਂ ਕੁਝ ਕੋਸ਼ਿਸ਼ ਕਰਕੇ ਦੇਖ ਲਈਏ। ਗੁਰੂ ਮਹਾਰਾਜ ਦੇ ਬਚਨ ਕਾਇਮ ਰਹਿ ਜਾਣ। ਉਸ ਵੇਲੇ ਇਸ ਨੇ ਦੱਸਿਆ ਕਿ ਮੈਂ ਤਾਂ ਖੁਦ ਭੁੱਲ ਚੁੱਕਿਆ ਹਾਂ, ਮੈਨੂੰ ਨਹੀਂ ਪਤਾ ਕਿਉਂਕਿ ਮੈਂ ਕੋਈ ਕਾਪੀ ਨਹੀਂ ਰੱਖੀ। ਇਸ ਕਰਕੇ ਮੈਨੂੰ ਨਹੀਂ ਪਤਾ ਕਿ ਮੈਂ ਕੀ ਵਿਗਾੜ ਕਰਿਆ ਹੈ, ਮੈਂ ਪੰਜ ਸੌ ਸਾਖੀਆਂ ਲਿਖੀਆਂ ਸੀ, ਪੰਜਾਂ ਹੀ ਤਖਤਾਂ ਤੇ ਭੇਟਾਂ ਕਰ ਦਿਤੀਆਂ ਸੀ। ਲੇਕਿਨ ਈਸਾ ਜੀ ਦਾ ਜੋ ਬਚਨ ਹੈ ਉਹ ਕਾਇਮ ਹੈ ਉਵੇਂ ਜਿਵੇਂ ਕਿ 17ਵੀਂ ਸਦੀ ਆਏਗੀ, ਉਸ ਵੇਲੇ ਇਹ ਰੂਹ ਜੋ ਮੈਂ ਦੇਖੀ ਹੈ ਅੱਜ, ਉਹ ਪ੍ਰਗਟ ਹੋਏਗੀ ਤੇ ਸੰਸਾਰ ਦੇ ਅੰਦਰ ਇਕ ਨਿਆਰਾ ਕਿਸਮ ਦਾ ਮਨੁੱਖ ਪੈਦਾ ਕਰੇਗੀ। ਜਿਹਦਾ ਚਰਿੱਤਰ ਨਿਆਰਾ ਹੋਏਗਾ, ਸੋਚ ਨਿਆਰੀ ਹੋਏਗੀ। ਰੂਹਾਨੀਅਤ ਦੇ ਨਾਲ ਸੂਝ ਨਿਆਰੀ ਹੋਏਗੀ। ਜੋ ਜਾਬਰ ਨਹੀਂ ਹੋਏਗਾ, ਧੱਕਾ ਨਹੀਂ ਕਰੇਗਾ, ਕਿਸੇ ਨਾਲ ਧੋਖਾ ਨਹੀਂ ਕਰੇਗਾ, ਬੇਈਮਾਨੀ ਨਹੀਂ ਕਿਸੇ ਨਾਲ ਕਰੇਗਾ। ਇਕ ਦੇਵਤਿਆਂ ਵਰਗਾ ਮਨੁੱਖ ਦਾ ਚਿੱਤਰ ਸੰਸਾਰ 'ਚ ਉਸ ਨੇ ਲਿਆਉਣਾ ਹੈ।

ਸੋ ਅੱਜ ਦਾ ਦਿਨ ਜੋ ਹੈ ਇਹ ਭਾਗਾਂ ਭਰਿਆ ਹੈ ਕਿਉਂਕਿ ਗੁਰੂ ਦਸ਼ਮੇਸ਼ ਪਿਤਾ ਅੱਜ ਦੇ ਦਿਨ ਸੰਸਾਰ ਦੇ ਅੰਦਰ ਪ੍ਰਕਾਸ਼ਤ ਹੋਏ। ਜਨਮ ਇਸ ਕਰਕੇ ਨਹੀਂ ਹੁੰਦਾ, ਜਨਮ ਦਿਨ ਸਾਡੇ ਮਨਾਏ ਜਾਂਦੇ ਨੇ। ਪ੍ਰਕਾਸ਼ ਉਤਸਵ ਕਹਾਉਂਦਾ ਹੈ ਇਹ। ਕਿਉਂਕਿ ਅੱਜ ਇਕ ਪ੍ਰਕਾਸ਼ ਦੀ ਲੋਅ ਆਈ, ਜੋ ਭੀਖਣਸ਼ਾਹ ਨੇ ਦੇਖੀ, ਅੱਜ ਨਮਾਜ਼ ਪੱਛਮ ਵੱਲ ਨੂੰ ਨਹੀਂ ਪੜ੍ਹਦਾ, ਪੂਰਬ ਵਲ ਨੂੰ ਪੜ੍ਹਦਾ ਹੈ। ਬੜਾ ਦ੍ਰਿੜ ਬੰਦਾ ਸੀ, ਸ਼ਰ੍ਹਾ ਤੋਂ ਉੱਚਾ ਸੀ, ਪ੍ਰਵਾਹ ਨਾ ਕਰੀ ਸ਼ਰ੍ਹਾ ਦੀ। ਅੱਜ ਪੱਛਮ ਵਲ ਨੂੰ ਸੀਸ ਨਹੀਂ ਨਿਵਾਇਆ, ਪੂਰਬ ਵੱਲ ਨਿਵਾਇਆ।

ਮੁਰੀਦਾਂ ਨੇ ਬੇਨਤੀ ਕੀਤੀ ਕਿ ਹਜ਼ਰਤ! ਆਪ ਨੇ ਅੱਜ ਸ਼ਰ੍ਹਾ ਦੀ ਜੋ ਮਰਿਆਦਾ ਹੈ ਉਹ ਭੰਗ ਕਰ ਦਿਤੀ। ਕਿਉਂਕਿ ਸ਼ਰ੍ਹਾ ਦੇ ਅਨੁਸਾਰ ਜੋ ਨਮਾਜ਼ ਪੜ੍ਹੀ ਜਾਂਦੀ ਹੈ, ਉਹ ਮਗਰਬ ਨੂੰ ਪੜ੍ਹੀ ਜਾਂਦੀ ਹੈ, ਤੁਸੀਂ ਮਸ਼ਰਕ ਨੂੰ ਪੜ੍ਹੀ ਹੈ। ਕਾਰਨ ਕੀ ਹੈ?

ਕਹਿਣ ਲੱਗੇ, "ਅੱਜ ਇਕ ਮਹਾਨ ਪ੍ਰਕਾਸ਼ ਸੰਸਾਰ ਵਿਚ ਉਤਰਿਐ। ਜਦੋਂ ਮੈਂ ਸਮਾਧੀ ਵਿਚ ਸੀ ਉਸ ਵੇਲੇ ਮੈਂ ਉਹ ਪ੍ਰਕਾਸ਼ ਦੇਖਿਆ।"

ਪੁੱਛਿਆ, "ਕਿੱਥੇ ਉਤਰਿਐ?

ਪਟਨਾ ਹੈ ਨਗਰ। ਐਸ-ਐਸ ਤਰ੍ਹਾਂ ਦਾ ਗਲੀ ਮਹੱਲਾ ਹੈ। ਐਹੋ ਜਿਹਾ ਥਾਉਂ ਹੈ, ਮੈਂ ਸਭ ਪਛਾਣ

ਲਿਆ ਹੈ, ਇਸ ਕਰਕੇ ਅੱਜ ਜਿੰਨੇ ਵੀ ਸੰਸਾਰ ਤੇ ਆਏ ਨੇ, ਸਭ ਤੋਂ ਇਕ ਮਹਾਨ ਆਤਮਾ ਆਈ ਹੈ। ਬਹੁਤ ਵੱਡਾ ਕੰਮ ਕਰਨ ਵਾਸਤੇ ਤੇ ਉਨ੍ਹਾਂ ਦੀ ਆਮਦ ਦੇ ਵਿਚ ਮੈਂ ਨਮਾਜ਼ ਇੱਧਰ ਪੜ੍ਹੀ ਹੈ। ਅੱਜ ਮਗਰਬ ਜਿਹੜਾ ਹੈ, ਉਹ ਮਸ਼ਰਕ ਵਿਚ ਆ ਗਿਆ।

ਵੈਸੇ ਤਾਂ ਜੇ ਵਿਚਾਰ ਕਰੋ ਲੰਮੀ, ਤਾਂ ਜਿਹੜਾ ਮਗਰਬ ਹੈ, ਮਗਰਬ ਕਿੱਥੇ ਚਲਿਆ ਗਿਆ। ਪਹਿਲਾਂ ਤਾਂ ਮੱਕੇ 'ਚ ਹੈ, ਉਸ ਤੋਂ ਬਾਅਦ ਇੰਗਲੈਂਡ 'ਚ ਆ ਗਿਆ। ਉਸ ਤੋਂ ਅੱਗੇ ਹੋਰ ਚਲੇ ਜਾਓ ਮਗਰਬ ਵਲ ਨੂੰ ਤਾਂ ਕੈਨੇਡਾ, ਅਮਰੀਕਾ ਆ ਗਿਆ। ਅਮਰੀਕਾ ਤੋਂ ਅੱਗੇ ਮਗਰਬ ਵਲ ਨੂੰ ਵਧੋ ਤਾਂ ਜਾਪਾਨ ਆ ਗਿਆ, ਜਪਾਨ ਤੋਂ ਅੱਗੇ ਮਗਰਬ ਵਲ ਨੂੰ ਵਧੋ, ਸ਼ਿੰਘਾਪੁਰ ਆ ਗਿਆ, ਫੇਰ ਹਿੰਦੁਸਤਾਨ ਆ ਗਿਆ। ਇਹ ਕਥੀਆਂ ਹੋਈਆਂ ਨੇ ਸੀਮਤਾਂ ਕਿ ਇਧਰ ਮਸ਼ਰਕ ਹੈ, ਇਧਰ ਮਗਰਬ ਹੈ। ਜਿੰਨਾ ਕੁ ਆਦਮੀ ਨੂੰ ਪਤਾ ਹੈ ਉਨਾਂ ਹੀ ਹੈ। ਨਾ ਕਿਤੇ ਸੂਰਜ ਛਿਪਦਾ ਹੈ, ਨਾ ਕਿਤੇ ਚੜ੍ਹਦਾ ਹੈ, ਕੇਵਲ ਧਰਤੀ ਦਾ ਹੇਰ ਫੇਰ ਹੈ, ਚੱਕਰ ਮਾਰਦੀ ਹੈ ਉਹਦੇ ਨਾਲ ਹਨ੍ਹੇਰਾ ਹੋ ਜਾਂਦਾ ਹੈ, ਚਾਨ੍ਹਣਾ ਹੋ ਜਾਂਦਾ ਹੈ। ਸੀਮਤਾਂ ਮੰਨਦੇ ਨੇ।

ਉਹ ਬੰਦਾ ਬਿਲਕੁਲ ਸਹੀ ਸੀ। ਉਸ ਨੇ ਗੁਰੂ ਜੀ ਦੀ ਆਮਦ ਨੂੰ ਪਛਾਣ ਕੇ ਸਿਜਦਾ ਕੀਤਾ, ਫੇਰ ਚੱਲ ਕੇ ਗਿਆ। ਤਿੰਨ ਮਹੀਨੇ ਲੱਗੇ ਉਸਨੂੰ। ਜਾ ਕੇ ਗੁਰੂ ਦੇ ਦਰਸ਼ਨ ਕਰੇ, ਮਨ ਵਿਚ ਤਸੱਲੀ ਆਈ। ਸੋ ਅੱਜ ਦੇ ਦਿਨ ਉਹ ਮਹਾਨ ਹਸਤੀ ਸੰਸਾਰ ਦੇ ਉਤੇ ਆਈ ਜਿਸਨੂੰ ਅਸੀਂ 'ਗੁਰੂ ਗੋਬਿੰਦ ਸਿੰਘ ਜੀ' ਦਾ ਨਾਮ ਦੇ ਕੇ, 'ਦੁਸ਼ਟ ਦਮਨ' ਦਾ ਨਾਮ ਦੇ ਕੇ ਪੁਕਾਰਦੇ ਹਾਂ ਤੇ ਜਿਨ੍ਹਾਂ ਦੇ ਜੋ ਸਿਧਾਂਤ ਨੇ ਉਨ੍ਹਾਂ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਸਾਨੂੰ। ਕਿਉਂਕਿ ਹਰ ਮਹਾਂਪੁਰਸ਼ ਦੇ ਜੀਵਨ ਦੇ ਅੰਦਰ ਕੁਛ ਘਟਨਾਵਾਂ ਹੁੰਦੀਆਂ ਨੇ ਜਿਹੜੀਆਂ ਸਾਡੇ ਵਰਗਾ ਸਰੀਰ ਧਾਰ ਕੇ ਕੀਤੀਆਂ ਹੁੰਦੀਆਂ ਨੇ ਤੇ ਸਾਨੂੰ ਸਿਖਿਆਦਾਇਕ ਹੋਇਆ ਕਰਦੀਆਂ ਹਨ।

ਗੁਰੂ ਦਸਵੇਂ ਪਾਤਸ਼ਾਹ ਨੇ ਕੌਤਕ ਐਨੇ ਨਿਰਾਲੇ ਸੀ-

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***

ਕਿ ਦੁਨੀਆਂ ਦੇ ਅੰਦਰ ਮਹਾਨ ਹਸਤੀ ਹੈ ਜਿਸਨੂੰ ਸੰਸਾਰ ਨੇ ਅੱਜ ਤੱਕ ਨਹੀਂ ਸਮਝਿਆ। ਨਾ ਸਮਝਣ ਦੇ ਯਤਨ ਹੋਏ ਨੇ, ਨਾ ਸਮਝੇ ਨੇ।

ਕਿਉਂਕਿ ਮਹਾਂਪੁਰਸ਼ ਜਦੋਂ ਸੰਸਾਰ ਤੇ ਆਉਂਦੇ ਨੇ, ਉਸ ਵੇਲੇ ਸੰਸਾਰ ਉੱਲੂਆਂ ਵਰਗਾ ਹੁੰਦਾ ਹੈ। ਉੱਲੂ ਦੇਖ ਨਹੀਂ ਸਕਦਾ ਸੂਰਜ ਨੂੰ, ਐਸੇ ਤਰ੍ਹਾਂ ਸੰਸਾਰ ਦੀ ਤਰਕਭਰੀ ਅੱਖ ਹੁੰਦੀ ਹੈ, ਉਹ ਨਹੀਂ ਮੰਨਦਾ ਹੈਗਾ। ਬਾਅਦ ਵਿਚ ਬੜੇ ਮੇਲੇ ਲਗਦੇ ਨੇ, ਬੜੀਆਂ ਵਿਚਾਰਾਂ ਹੁੰਦੀਆਂ ਨੇ। ਗੋਸ਼ਟੀਆਂ ਹੁੰਦੀਆਂ ਨੇ, ਫੇਰ ਪ੍ਰਗਟ ਹੁੰਦਾ ਹੈ। ਜਿਉਂ-ਜਿਉਂ ਸਮਾਂ ਲੰਘਦਾ ਹੈ, ਤਿਉਂ-ਤਿਉਂ ਨਵੇਂ ਤੋਂ ਨਵੇਂ ਆਦਰਸ਼ ਉਹਦੇ ਜੀਵਨ 'ਚੋਂ ਅਨੁਭਵ ਹੁੰਦੇ ਨੇ। ਸੋ ਗੁਰੂ ਦਸ਼ਮੇਸ਼ ਪਿਤਾ ਨੂੰ ਨਹੀਂ ਸਮਝਿਆ ਗਿਆ। ਅੱਜ ਤੱਕ ਨਹੀਂ ਸਮਝਿਆ ਗਿਆ। ਕੁਝ ਹਸਤੀਆਂ ਨੇ ਬਾਬਾ ਬੰਦਾ ਸਿੰਘ ਬਹਾਦਰ ਹੈ, ਇਹਨੂੰ ਨਹੀਂ ਸਮਝਿਆ ਗਿਆ। ਬਾਬਾ ਰਾਮ ਸਿੰਘ ਜੀ ਨਾਮਧਾਰੀ ਹੋਏ ਨੇ, ਇਨ੍ਹਾਂ ਨੂੰ ਨਹੀਂ ਸਮਝਿਆ ਗਿਆ। ਰੌਲਾ-ਰੱਪਾ ਹੀ ਪਈ ਜਾਂਦਾ ਹੈ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਦੇ ਅਨੇਕ ਕੋਨੇ ਨੇ ਜੀਵਨ ਦੇ। ਜਿਧਰੋਂ ਕੋਈ ਦੇਖਦਾ ਹੈ ਉਹੋ ਜਿਹਾ ਹੀ ਦੇਖਦਾ ਹੈ। ਜੇ ਕੋਈ ਸੂਰਮਾ ਦੇਖਦਾ ਹੈ ਤਾਂ ਉਹ ਇਹੀ ਚਿੱਤਰ ਮਨ ਵਿਚ ਬਣਾਉਂਦਾ ਹੈ ਕਿ ਗੁਰੂ ਸਾਹਿਬ ਹਰ ਵਕਤ ਸ਼ਸਤਰਧਾਰੀ ਹੋ ਕੇ, ਹਰ ਵਕਤ ਹੀ ਕਮਾਨ ਮੋਢੇ 'ਚ ਰੱਖਦੇ ਸੀ। ਧਨੁਸ਼ ਬਾਣ ਤੀਰ ਰੱਖਦੇ ਸੀ, ਕਿਰਪਾਨ ਰੱਖਦੇ ਸੀ ਤੇ ਯੁੱਧ ਵਾਸਤੇ ਤਿਆਰ ਹੀ ਰਹਿੰਦੇ ਸੀ, ਘੋੜੇ ਤੇ ਚੜ੍ਹੇ ਹੋਏ। ਉਨ੍ਹਾਂ ਦਾ ਦ੍ਰਿਸ਼ ਇਹੀ ਪੱਕਾ ਹੋ ਗਿਆ। ਉਸੇ ਤਰ੍ਹਾਂ ਦੀਆਂ ਗੱਲਾਂ ਉਨ੍ਹਾਂ ਨੇ ਗੁਰੂ ਸਾਹਿਬ ਦੇ ਨਾਮ ਲਾ ਦਿਤੀਆਂ। ਜੇ ਕੋਈ ਵਿਦਵਾਨ ਦੇਖਦਾ ਹੈ ਤਾਂ ਉਹ ਕਹਿੰਦਾ ਹੈ ਕਿ ਐਨਾ ਮਹਾਨ ਵਿਦਵਾਨ ਕੋਈ ਨਹੀਂ, ਉਹ ਗੁਰੂ ਸਾਹਿਬ ਨੂੰ ਹਰ ਵਕਤ ਚੌਂਕੜਾ ਮਾਰ ਕੇ ਲਿਖਦੇ ਹੀ ਦੇਖਦਾ ਹੈ ਕਿਉਂਕਿ ਮਹਾਰਾਜ ਨੇ ਐਨਾ ਲਿਖਿਆ ਹੈ ਕਿ ਗਿਣਤੀ ਤੋਂ ਬਾਹਰ ਹੈ। ਹੁਣ ਤਾਂ ਸਾਡੇ ਕੋਲ 'ਦਸਮ ਗ੍ਰੰਥ' ਬਹੁਤ ਥੋੜ੍ਹਾ ਜਿਹਾ ਰਹਿ ਗਿਆ। 9 ਮਣ ਗ੍ਰੰਥ ਹੋਇਆ ਕਰਦਾ ਸੀ, ਜਿਹਦਾ ਨਾਉਂ ਵਿਦਿਆਧਰ ਗ੍ਰੰਥ ਸੀ। 102 ਲਿਖਾਰੀਆਂ 'ਚ ਗੁਰੂ ਗੋਬਿੰਦ ਸਿੰਘ ਬੈਠੇ ਨੇ, ਪੰਜਾਹ ਨਸਰ ਲਿਖਣ ਵਾਲੇ ਨੇ, 52 ਕਵਿਤਾ ਲਿਖਣ ਵਾਲੇ ਨੇ। ਗ੍ਰੰਥਾਂ ਦੇ ਢੇਰਾਂ ਦੇ ਢੇਰ ਅੱਗੇ ਪਏ ਨੇ ਇਨ੍ਹਾਂ ਦੇ। ਅਨੁਵਾਦ ਕਰਦੇ ਨੇ ਗੁਰੂ ਸਾਹਿਬ ਛਾਂਟ ਕੇ ਦਿੰਦੇ ਨੇ ਕਿ ਇਹਦਾ ਅਨੁਵਾਦ ਕਰੋ। ਮਹਾਂਭਾਰਤ ਦੇ 18ਵੇਂ ਪਰਬ ਦਾ ਜਿਸ ਵਕਤ ਅਨੁਵਾਦ ਕਰਿਆ, ਮੰਗਲ ਕਵੀ ਨੇ। ਗੁਰੂ ਮਹਾਰਾਜ ਨੇ ਐਨਾ ਧਨ ਦਿਤਾ, 200 ਸਿੰਘ ਉਸਨੂੰ ਘਰ ਛੱਡਣ ਜਾਂਦਾ ਹੈ। ਰਾਏਪੁਰ ਦੇ ਵਿਚੋਂ ਜਦੋਂ ਲੰਘਣ ਲੱਗਿਆ ਤਾਂ ਰਾਏਪੁਰ ਦੀ ਰਾਣੀ ਨੇ ਇਹ ਸਮਝ ਕੇ ਕਿ ਦੁਸ਼ਮਣ ਲੰਘ ਰਿਹਾ ਹੈ, ਤੋਪ ਦਾ ਫਾਇਰ ਕਰ ਦਿਤਾ। ਉਸ ਵੇਲੇ ਮੰਗਲ ਕਵੀ ਨੇ ਚਿੱਟਾ ਝੰਡਾ

ਕੱਢਿਆ। ਉਧਰੋਂ ਘੋੜ ਸਵਾਰ ਆਇਆ, ਗੱਲ ਹੋਈ ਤਾਂ ਉਸ ਨੇ ਕਿਲ੍ਹੇ 'ਚ ਬੁਲਾ ਲਏ ਸਾਰੇ। ਕਹਿਣ ਲੱਗਿਆ, ਮਹਾਰਾਣੀ ਸਾਹਿਬ! ਮੈਂ ਕੋਈ ਗਲੀਮ ਨਹੀਂ ਚੜ੍ਹ ਕੇ ਜਾ ਰਿਹਾ, ਮੈਂ ਤਾਂ ਇਕ ਵਿਦਵਾਨ ਹਾਂ, ਗੁਰੂ ਦਸ਼ਮੇਸ਼ ਪਿਤਾ ਦੇ ਦਰ ਤੋਂ ਵਰੋਸਾਇਆ ਹੋਇਆ ਤੇ ਮੈਨੂੰ ਇਕ ਪਰਬ ਲਿਖਣ ਦਾ ਐਨਾ ਧਨ ਦੇ ਦਿਤਾ, ਐਨੀਆਂ ਮੈਨੂੰ ਚੀਜ਼ਾਂ ਦੇ ਦਿਤੀਆਂ ਕਿ ਦੋ ਸੌ ਘੋੜ ਸਵਾਰ ਮੈਨੂੰ ਘਰ ਛੱਡਣ ਜਾ ਰਿਹਾ ਹੈ।

ਕਿੰਨੀ ਕਦਰ ਸੀ ਗੁਰੂ ਮਹਾਰਾਜ ਨੂੰ ਲਿਟਰੇਚਰ ਦੀ, ਵਿਦਿਆ ਦੀ। ਜਿਸ ਵਕਤ ਰਾਮਾ ਅਵਤਾਰ ਦਾ ਅਨੁਵਾਦ ਲਿਖਾਇਆ, ਉਸ ਵੇਲੇ ਦੋ ਲੱਖ ਦਿਨਾਰ ਦਿਤਾ ਸੀ ਮਹਾਰਾਜ ਨੇ। ਆਪ ਕਿੰਨਾ ਲਿਖਿਆ ਹੋਇਆ ਹੈ, ਕ੍ਰਿਸ਼ਨਾਅਵਤਾਰ 2800 ਤੋਂ ਉਤੇ ਸ਼ਬਦ ਲਿਖਿਆ ਹੋਇਆ ਹੈ, ਰਾਮਾ ਅਵਤਾਰ, ਦੇਵੀਆਂ ਦੇ ਪ੍ਰਸੰਗ, ਹੋਰ ਅਨੇਕਾਂ ਜਿਹੜੇ ਗੁੰਮ ਹੋ ਗਏ, ਬੇਅੰਤ ਲਿਖੇ ਹੋਏ। ਲਿਖਾਰੀਆਂ ਨੂੰ, ਫਿਲਾਸਫਰਾਂ ਨੂੰ ਗੁਰੂ ਸਾਹਿਬ ਤੀਰ ਅੰਦਾਜ਼ ਨਜ਼ਰ ਨਹੀਂ ਸੀ ਆਉਂਦੇ, ਤਲਵਾਰਾਂ ਚਲਾਉਣ ਵਾਲੇ ਨਜ਼ਰ ਨਹੀਂ ਸੀ ਆਉਂਦੇ, ਉਨ੍ਹਾਂ ਨੂੰ ਇਕ ਬਹੁਤ ਭਾਰੀ ਲਿਟਰੇਰੀ ਨਜ਼ਰ ਆ ਰਹੇ ਸੀ, ਸਾਹਿਤਕਾਰ ਨਜ਼ਰ ਆ ਰਹੇ ਸੀ । ਜਦੋਂ ਸੁਮੱਤਾਂ ਦਿੰਦੇ ਨੇ, ਗੁਰਮਤਿ ਦੇ ਭੇਤ ਖੋਲ੍ਹਦੇ ਨੇ, ਉਸ ਵੇਲੇ ਵੱਡੇ ਮਹਾਨ ਆਤਮਾ ਪੂਰਨ ਗਿਆਨਵਾਨ ਬ੍ਰਹਮਗਿਆਨੀ ਨੂੰ ਬ੍ਰਹਮਗਿਆਨੀ ਨਜ਼ਰ ਆ ਗਿਆ। ਜੋ ਭਾਈ ਘਨਈਏ ਦੇ ਪਾਣੀ ਪਿਲਾਉਣ ਦੇ ਨਾਲ ਖੁਸ਼ ਹੋ ਕੇ ਮਲ੍ਹਮ ਵੀ ਦੇ ਰਿਹਾ ਹੈ ਤੇ ਪੱਟੀਆਂ ਵੀ ਦੇ ਰਿਹਾ ਹੈ। ਮਲ੍ਹਮ ਦੀਆਂ ਡੱਬੀਆਂ ਸੰਭਾਲ ਰਿਹਾ ਹੈ, ਘਨਈਆ! ਤੂੰ ਸਮਝ ਗਿਆ ਅਸਲੀ ਸਿਧਾਂਤ ਤੇ ਬੁੱਧੂਸ਼ਾਹ ਦੇ ਨਾਲ ਬਚਨ ਕਰਕੇ ਇਕ ਮਹਾਨ ਫਿਲਾਸਫਰ ਨਜ਼ਰ ਆ ਰਹੇ ਨੇ। ਬਹੁਪੱਖ ਹੈ, ਗੁਰੂ ਗੋਬਿੰਦ ਸਿੰਘ ਜੀ ਦਾ। ਆਪ ਨੇ ਜੋ ਸਾਨੂੰ ਸਿਧਾਂਤ ਦਿਤਾ, ਸੁਭਾਵਿਕ ਹੀ ਸਿਧਾਂਤ ਦਿਤਾ। ਜੋ ਗੁਰਬਾਣੀ ਦੇ ਉਤੇ ਆਧਾਰਿਤ ਹੈ ਕਿਉਂਕਿ ਗੁਰੂ ਕੋਈ ਵੀ, ਕੋਈ ਬਚਨ ਕਿਸੇ ਗੁਰੂ ਦਾ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਨਹੀਂ ਜਾਂਦਾ। ਇਹੀ ਵਜ੍ਹਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿਤੇ ਗਏ ਹਾਂ। ਜੇ ਬਚਨ ਬਾਹਰ ਜਾਂਦੇ ਤਾਂ ਫੇਰ ਸਾਡੇ ਵਾਸਤੇ ਦੁਬਿਧਾ ਪੈਦਾ ਹੋ ਜਾਣੀ ਸੀ ਕਿ ਗੁਰੂ ਗ੍ਰੰਥ ਸਾਹਿਬ ਨੂੰ ਮੰਨੀਏ ਕਿ ਗੁਰੂ ਦਸਵੇਂ ਪਾਤਸ਼ਾਹ ਦੇ ਬਚਨਾਂ ਨੂੰ ਮੰਨੀਏ। ਰਲਾਵਟਾਂ ਹੋ ਸਕਦੀਆਂ ਨੇ, ਗਲਤ ਸਮਝ (misunderstanding) ਹੋ ਸਕਦੀ ਹੈ ਲੇਕਿਨ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਨਹੀਂ ਹੈ ਤੇ ਆਪ ਦਾ ਐਸਾ ਫੁਰਮਾਨ ਹੈ-

***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ***
***ਨਿਆਰੇ ਨਿਆਰੇ ਹੋਇ ਕੈ***
***ਫੇਰਿ ਆਗ ਮੈ ਮਿਲਾਹਿੰਗੇ॥।***
***ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,***
***ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥***
***ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ***
***ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥***
***ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ***
***ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥***
***ਅਕਾਲ ਉਸਤਤਿ***

***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ ਮਾਂਗਿਓ***
***ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਚਿਤ ਲੇਤ ਹੋ॥***
***ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ***
***ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥***
***ਅਕਾਲ ਉਸਤਤਿ***

ਹਜ਼ਾਰਾਂ ਚੰਗਿਆੜੀਆਂ ਇਕ ਅੱਗ 'ਚੋਂ ਉਠਦੀਆਂ ਨੇ, ਜਾਣਾ ਕਿੱਥੇ ਹੈ? ਉਹ ਚੰਗਿਆੜੇ ਫੇਰ ਅੱਗ ਵਿਚ ਸਮਾਅ ਜਾਂਦੇ ਨੇ। ਧੂੜ ਉੜਦੀ ਅਸਮਾਨਾਂ 'ਚ ਚੜ੍ਹ ਗਈ। ਮੁੜ ਕੇ ਕਿੱਥੇ ਆਉਂਦੀ ਹੈ? ਧਰਤੀ ਤੇ ਫੇਰ ਆ ਜਾਂਦੀ ਹੈ। ਕਰੋੜਾਂ ਤਰੰਗਾਂ ਉਠ ਰਹੀਆਂ ਨੇ ਸਮੁੰਦਰ ਦੇ ਉਤੇ, ਜਾਂਦੀਆਂ ਕਿੱਥੇ ਨੇ ਸਮੁੰਦਰ ਵਿਚ ਹੀ ਸਮਾਅ ਜਾਂਦੀਆਂ ਨੇ।

***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***

ਇਹ ਕ੍ਰਿਆ ਹੈ ਉਹਦੀ ਕਿਤੇ ਸੁੱਤਾ ਪਿਆ ਹੈ, ਕਿਤੇ ਬਹੁਤ ਹੀ ਚੇਤਨ ਹੋਇਆ ਹੋਇਆ ਹੈ। ਕਿਤੇ ਮਹਾਰਾਜਿਆਂ ਨੂੰ ਦਿੰਦਾ ਹੈ, ਕਿ ਮਹਾਰਾਜਿਆਂ ਤੋਂ ਖੋਹ ਲੈਂਦਾ ਹੈ। ਸਾਰੇ ਰੂਪ ਨੇ ਕਿਤੇ ਵੇਦਾਂ, ਸ਼ਾਸਤਰਾਂ, ਧਰਮ ਗ੍ਰੰਥਾਂ ਨੂੰ ਮੰਨਦਾ ਹੈ ਕਿਤੇ ਇਸ ਤੋਂ ਬਿਲਕੁਲ ਹੀ ਵਿਪਰੀਤ ਹੋਇਆ-ਹੋਇਆ ਹੈ। ਮਹਾਰਾਜ ਕਹਿੰਦੇ ਸਾਰੇ ਦ੍ਵੈਤ ਦੇ ਕੰਮ ਕਰਦਾ ਹੋਇਆ ਵੀ ਸਾਨੂੰ ਫਰਕ ਨਹੀਂ। ਸਾਨੂੰ ਸਰਬ ਕਾਲ, ਸਰਬ ਠੌਰ ਏਕ ਸੇ ਲਗਤੋਂ। ਇਕੋ ਹੀ ਲਗਦਾ ਹੈ -

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ - ੧੨੯੧*

***ਨਾਮ ਕਾਮ ਬਿਹੀਨ ਪੇਖਤ***
***ਧਾਮ ਹੂੰ ਨਹਿ ਜਾਹਿ॥***
***ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ॥***

***ਏਕ ਮੂਰਤਿ ਅਨੇਕ ਦਰਸਨ***
***ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***ਅਕਾਲ ਉਸਤਤਿ***

ਐਸਾ ਜੋ ਗੁਰੂ ਹੈ ਜਿਹਦੀ ਨਿਗ੍ਹਾ ਵਿਚ ਦੂਜਾ ਹੈ ਹੀ ਕੋਈ ਨਹੀਂ। ਫੇਰ ਉਹਦੇ ਬਾਰੇ ਐਹੋ ਜਿਹੀਆਂ ਗੱਲਾਂ ਲਿਖਣੀਆਂ ਜਿਵੇਂ ਬੜਾ ਭਾਰਾ ਦੁਸ਼ਮਣ ਹੁੰਦਾ ਹੈ, ਕਈਆਂ ਨੇ ਤਾਂ ਲਿਖਾਰੀਆਂ ਨੇ ਐਉਂ ਕਹਿ ਦਿਤਾ ਕਿ ਗੁਰੂ ਦਸਵੇਂ ਪਾਤਸ਼ਾਹ, ਮੁਸਲਮਾਨਾਂ ਦੇ ਸਖ਼ਤ ਖਿਲਾਫ ਸੀ। ਮਹਾਰਾਜ ਕਹਿੰਦੇ, ਅਸੀਂ ਕਿਸੇ ਦੇ ਖਿਲਾਫ ਨਹੀਂ ਸੀਗੇ। ਜੇ ਮੁਸਲਮਾਨਾਂ ਦੇ ਖਿਲਾਫ ਹੁੰਦੇ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਸਾਰੀ ਜ਼ਿੰਦਗੀ ਮਰਦਾਨਾ ਨਾਲ ਰੱਖਿਆ ਹੈ ਤੇ ਰਾਗੀ ਸਾਰੇ ਹੀ ਮੁਸਲਮਾਨ ਹੋਇਆ ਕਰਦੇ ਸੀ। ਉਹ ਗੁਰੂ ਦਰਬਾਰ 'ਚ ਕੀਰਤਨ ਕਰਦੇ ਰਹੇ ਨੇ। ਫੇਰ ਇਹ ਅ ਡਰਇਨਦ ਨਿ ਨਇਦ ਸਿ ੳ ਡਰਇਨਦ ਨਿਦਇਦ. ਲੋੜ ਪਏ ਤਾਂ ਮਿੱਤਰ ਦਾ ਪਤਾ ਲਗਦਾ ਹੈ।

ਜਦੋਂ ਗੁਰੂ ਮਹਾਰਾਜ ਨਾਲ ਪਾਉਂਟੇ ਸਾਹਿਬ ਅਕਾਰਨ ਯੁੱਧ ਛਿੜ ਗਿਆ ਤੇ ਪਠਾਣ ਜਿਹੜੇ ਨੌਕਰ ਸੀ, ਉਹ ਧੋਖਾ ਦੇ ਗਏ। ਰਿਸ਼ਵਤ ਦੇ ਵਿਚ ਆ ਗਏ, ਰਾਜਿਆਂ ਦੇ ਨਾਲ ਮਿਲ ਗਏ। ਉਸ ਵੇਲੇ ਕੌਣ ਸੀਗਾ। 700 ਮੁਰੀਦ ਲੈ ਕੇ, ਪੀਰ ਬੁੱਧੂਸ਼ਾਹ ਮੈਦਾਨ-ਏ-ਜੰਗ 'ਚ ਆ ਕੇ ਲੜਾਈ ਕਰਦਾ ਹੈ। ਆਪਣੇ ਦੋ ਪੁੱਤਰ ਇਕ ਸਾਲਾ ਏਸ ਲੜਾਈ ਦੀ ਭੇਟਾ ਚਾੜ੍ਹ ਦਿੰਦਾ ਹੈ ਤੇ ਜਦੋਂ ਗੁਰੂ ਸਾਹਿਬ ਕਹਿੰਦੇ ਨੇ ਕਿ ਬੁੱਧੂਸ਼ਾਹ! ਕੁਛ ਮੰਗ ਤਾਂ ਸਹੀ। ਕਹਿੰਦਾ, ਮਹਾਰਾਜ! ਮੈਂ ਮੰਗਾ? ਮੈਨੂੰ ਜੋ ਤੁਸੀਂ ਦੇਣਾ ਸੀ ਦੇ ਦਿਤਾ। ਇਸ ਤੋਂ ਅੱਗੇ ਮੈਂ ਕੀ ਮੰਗ ਸਕਦਾ ਹਾਂ? ਆਪ ਨੇ ਤਾਂ ਆਬ-ਏ-ਹਿਆਤ ਦਾ ਜਾਮ ਮੇਰੇ ਪੁੱਤਰਾਂ ਨੂੰ ਪਿਲਾ ਦਿਤਾ, ਮੇਰੇ ਮੁਰੀਦਾਂ ਨੂੰ ਪਿਲਾ ਦਿਤਾ ਤੇ ਓਸ ਵਾਰ-ਏ-ਗਾ-ਖੁਦਾ ਦੇ ਵਿਚ ਉਨ੍ਹਾਂ ਦਾ ਦਾਖਲਾ ਕਰਾ ਦਿਤਾ। ਹੁਣ ਦੱਸੋ ਇਸ ਤੋਂ ਵੱਡਾ ਮੰਗਣ ਨੂੰ ਹੈ ਕੁਛ ਮੈਨੂੰ? ਕਹਿੰਦੇ, ਨਹੀਂ ਮੰਗ! ਸਾਡਾ ਮਨ ਪ੍ਰਸੰਨ ਹੁੰਦਾ ਹੈ, ਜਦ ਤੂੰ ਕੁਛ ਮੰਗ ਲਵੇਂ। ਕਹਿੰਦਾ, ਪਾਤਸ਼ਾਹ! ਜੇ ਦੇਣਾ ਹੈ ਤਾਂ ਆਹ ਜਿਹੜੇ ਕੰਘੇ ਦੇ ਵਿਚ ਰੋਮ ਟੁੱਟ ਕੇ ਆ ਗਏ ਨਾ, ਕ੍ਰਿਪਾ ਕਰਕੇ ਮੈਨੂੰ ਇਹ ਦੇ ਦਿਉ ਜੀ। ਮੇਰੇ ਵਾਸਤੇ ਇਹ ਸਾਰੀਆਂ ਬਹਿਸ਼ਤਾਂ ਦੀ ਦੌਲਤ ਹੈ। ਜੇ ਉਹਦੇ ਮਨ ਵਿਚ ਪਛਤਾਵਾ ਹੁੰਦਾ ਤਾਂ ਉਹ ਫੇਰ ਇਸ ਤਰ੍ਹਾਂ ਦੇ ਬਚਨ ਨਾ ਕਰਦਾ। ਉਹ ਮਹਾਂ ਪ੍ਰਸੰਨ ਸੀ ਕਿ ਮੇਰੇ ਪੁੱਤਰ ਗੁਰੂ ਦੇ ਲੇਖੇ, ਧਰਮ ਦੇ ਲੇਖੇ ਲੱਗ ਗਏ ਕਿਉਂਕਿ ਉਹ ਦੇਖਦਾ ਸੀ ਕਿ ਅਧਰਮ ਵਾਲਿਆਂ ਨੇ ਧਰਮ ਦਾ ਜੋ ਬੂਟਾ ਪਲਪ ਰਿਹਾ ਹੈ, ਉਹਦੀ ਜੜ੍ਹ ਉਖੇੜਨ ਵਾਸਤੇ ਹੱਲਾ ਕਰ ਦਿਤਾ। ਮਹਾਰਾਜ ਕਹਿੰਦੇ -

***ਫਤੇ ਸਾਹ ਕੋਪਾ ਤਬਿ ਰਾਜਾ।***
***ਲੋਹ ਪਰਾ ਹਮ ਸੋ ਬਿਨੁ ਕਾਜਾ।***
***ਬਚਿਤ੍ਰ ਨਾਟਕ***

ਬਗੈਰ ਕਿਸੇ ਮਤਲਬ ਤੋਂ ਸਾਡੇ ਤੇ ਹਮਲਾ ਕਰ ਦਿਤਾ। ਕੋਈ ਮਤਲਬ ਨਹੀਂ ਸੀ। ਨਾ ਅਸੀਂ ਕਿਸੇ ਨੂੰ ਕੁਛ ਕਹਿੰਦੇ ਸੀ। ਸਾਡਾ ਤਾਂ ਰੋਜ਼ ਦਾ ਨਾਅਰਾ ਸੀ।

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਰਾਜੇ ਦਾ ਵੀ ਭਲਾ ਮੰਗਦੇ ਸੀ, ਪਰਜਾ ਦਾ ਵੀ ਮੰਗਦੇ ਸੀ। ਮਾੜੇ ਬੰਦਿਆਂ ਦਾ ਵੀ ਮੰਗਦੇ ਸੀ, ਚੰਗਿਆਂ ਦਾ ਵੀ ਮੰਗਦੇ ਸੀ। ਕੋਈ ਕਾਰਨ ਨਹੀਂ ਸੀ ਕਿ ਯੁੱਧ ਹੁੰਦਾ ਸਾਡੇ ਨਾਲ। ਲੇਕਿਨ ਬਗੈਰ ਕਿਸੇ ਕਾਰਨ ਤੋਂ ਅਸੀਂ ਉਹਦੀ ਲੜਕੀ ਦੀ ਸ਼ਾਦੀ ਦੇ ਵਿਚ ਤਿੰਨ ਲੱਖ ਦਾ ਤੰਬੋਲ ਭੇਜਿਆ। ਹੁਣ ਤਿੰਨ ਕਰੋੜ ਦਾ ਹੈ ਅੱਜਕਲ੍ਹ। ਐਨੇ ਜ਼ਿਆਦਾ ਤੋਹਫੇ ਭੇਜੇ। ਉਹਦੀ ਲੜਕੀ ਨੂੰ ਆਪਣੀ ਲੜਕੀ ਦੀ ਸ਼ਾਦੀ ਸਮਝ ਕੇ। ਤੇ ਉਹ ਫੌਜਾਂ ਨਾਲ ਸਾਡੇ ਉਤੇ ਹਮਲਾ ਕਰਦਾ ਹੈ। ਹਮਲੇ ਦਾ ਮੁਕਾਬਲਾ, ਦੋਵੇਂ ਤਰੀਕੇ ਨੇ, ਇਕ ਤਾਂ ਚੌਂਕੜੇ ਮਾਰ ਕੇ ਬਹਿ ਜਾਣਾ, ਗਲ ਵੱਢਾ ਲੈਣੇ, ਇਹਦੇ ਨਾਲ ਦੁਸ਼ਮਣ ਜਿਹੜਾ ਹੈ ਉਹ ਹੋਰ ਅੱਗੇ ਵਧਦਾ ਹੈ। ਇਹ ਹੁੰਦਾ ਹੈ ਬੰਦਾ ਕਿ ਹਾਂ ਤੂੰ ਹੋਰ ਜ਼ੁਲਮ ਕਰ ਲੈ। ਦੂਜਾ ਹੈ ਕਿ ਮਰਦਾਨਗੀ ਦੇ ਨਾਲ ਟਾਕਰਾ ਕਰਨਾ। ਆਪਣੀ ਕੁਰਬਾਨੀ ਦੇਣੀ ਤੇ ਜ਼ੁਲਮ ਨੂੰ ਰੋਕ ਦੇਣਾ। ਠੱਲ੍ਹ ਪਾ ਦੇਣੀ। ਜ਼ਾਲਮ ਦੇ ਹਿਰਦੇ ਦੇ ਵਿਚ ਡਰ ਪੈਦਾ ਕਰ ਦੇਣਾ। ਡਰਨਾ ਉਸ ਨੇ ਕਿ ਮੂਹਰੇ ਵੀ ਬੜੇ ਤਕੜੇ ਨੇ, ਮੇਰਾ ਕੰਮ ਇਹ ਚੱਲਣਾ ਨਹੀਂ ਹੈ। ਜੰਗਲੀ ਬੰਦੇ, ਹਲਕੇ ਹੋਏ ਕੁੱਤੇ ਪੈ ਜਾਣ ਤਾਂ ਘਰਵਾਲਿਆਂ ਨੂੰ, ਬੰਦਿਆਂ ਨੂੰ ਕੋਈ ਚਾਰਾ ਕਰਨਾ ਹੀ ਪੈਂਦਾ ਹੈ ਕਿ ਬਚਾਓ ਆਪਣਾ ਆਪ, ਇਨ੍ਹਾਂ ਨੇ ਕਿਹੜਾ ਜ਼ਖਮੀ ਹੋ ਜਾਣਾ ਹੈ, ਹਲਕ

ਜਾਣਾ ਹੈ ਅਸੀਂ। ਸੋ ਜੇ ਕੁੱਤੇ ਮਾਰ ਲਏ ਜਾਣ ਤਾਂ ਅਸੀਂਓਂ ਨਹੀਂ ਬਚਣਾ, ਬੇਅੰਤ ਹੋਰ ਬਚ ਜਾਣਗੇ। ਸੋ ਗੁਰੂ ਸਾਹਿਬ ਦੇ ਜੰਗਾਂ ਦੇ ਬਾਰੇ ਦੁਨੀਆਂ ਦੇ ਅੰਦਰ ਬਹੁਤ ਖਿਆਲ ਨੇ।

ਗੁਰੂ ਮਹਾਰਾਜ ਨੇ ਇਕ ਇੰਚ ਜਗ੍ਹਾ ਤੇ ਵੀ ਕਦੇ ਕਬਜ਼ਾ ਨਹੀਂ ਸੀ ਕਰਿਆ। ਜੇ ਚਾਹੁੰਦੇ ਤਾਂ ਜਦ ਬਾਈ ਧਾਰ ਦੇ ਰਾਜਿਆਂ ਨੂੰ ਹਾਰ ਦੇ ਦਿਤੀ ਸੀ, ਉਸ ਵੇਲੇ ਹੀ ਉਨ੍ਹਾਂ ਦੀਆਂ ਰਾਜਧਾਨੀਆਂ ਤੇ ਕਬਜ਼ਾ ਕਰ ਲੈਂਦੇ, ਪੈਸਾ ਵੀ ਹੱਥ ਵਿਚ ਆ ਜਾਂਦਾ, ਫੌਜਾਂ ਵੀ ਬੇਅੰਤ ਭਰਤੀ ਕਰ ਲੈਂਦੇ, ਪਹਾੜ ਦੀ ਓਟ ਵੀ ਬੜੀ ਜ਼ਬਰਦਸਤ ਮਿਲ ਜਾਂਦੀ। 12-13 ਲੜਾਈਆਂ 'ਚ ਪਹਾੜੀ ਰਾਜੇ ਹਾਰਦੇ ਰਹੇ ਨੇ ਤੇ ਹਾਰਨ ਵਾਲਿਆਂ ਦੀ ਸਾਰੀ ਜਾਇਦਾਦ ਤੇ ਕਬਜ਼ਾ ਕਰਦੇ, ਮੁੜ ਕੇ ਕਿਉਂ ਉਠਣ ਦਿੰਦੇ ਉਨ੍ਹਾਂ ਨੂੰ। ਲੇਕਿਨ ਆਪ ਨੇ ਨਹੀਂ ਇਹ ਗੱਲਾਂ ਕਰੀਆਂ। ਕਿਉਂਕਿ ਉਨ੍ਹਾਂ ਦਾ ਮੰਤਵ ਜੁੱਧ ਜੰਗ ਕਰਨਾ ਨਹੀਂ ਸੀ, ਉਨ੍ਹਾਂ ਦਾ ਮੰਤਵ ਸੀ ਸੰਸਾਰ ਨੂੰ ਸਿੱਧੇ ਰਸਤੇ ਪਾਉਣਾ ਤੇ ਆਪ ਇਹ ਫੁਰਮਾਨ ਕਰਦੇ ਨੇ ਕਿ ਸਾਡੀ ਡਿਊਟੀ ਹੀ ਇਹ ਲੱਗੀ ਸੀ ਕਿ ਸੰਸਾਰ ਨੂੰ ਸਿੱਧੇ ਰਸਤੇ ਪਾਓ। ਅਧਰਮ ਦੇ ਵਿਚ ਸੰਸਾਰ ਜ਼ਿਆਦਾ ਚਲਿਆ ਗਿਆ ਤੇ ਅਕਾਲ ਪੁਰਖ ਨੇ ਜਦੋਂ ਭੇਜੇ ਤਾਂ ਪਹਿਲਾਂ ਹੀ ਸਪਸ਼ਟ ਕਰ ਦਿਤਾ ਸੀ ਕਿ ਤੁਸੀਂ ਸੰਸਾਰ ਤੇ ਜਾ ਕੇ ਜੋ ਕੁੱਛ ਕਰਨਾ ਹੈ, ਉਹਦੇ ਬਾਰੇ ਤੁਹਾਨੂੰ ਅਸੀਂ ਜਾਣਕਾਰੀ ਦਿੰਦੇ ਹਾਂ। ਜਿੰਨੇ ਮੈਂ ਅੱਜ ਤੱਕ ਭੇਜੇ, ਨੇ ਉਨ੍ਹਾਂ ਨੇ ਆਪਣੀ ਪੂਜਾ ਤਾਂ ਕਰਾ ਲਈ, ਆਪ ਹੀ ਮੂਹਰੇ ਹੋ ਗਏ ਤੇ ਜੋ ਮੈਂ ਪਰੀਪੂਰਨ ਸੰਸਾਰ ਦਾ ਪ੍ਰਮੇਸ਼ਰ ਹਾਂ ਜਿਹਨੇ ਪੈਦਾ ਕਰੇ ਨੇ, ਉਹਨੂੰ ਕੋਈ ਨਹੀਂ ਦ੍ਰਿੜ੍ਹ ਕਰਾਇਆ। ਆਪ ਦੀ ਪੂਜਾ ਕਰਾ ਲਈ, ਆਪ ਹੀ ਮੂਹਰੇ ਆ ਗਏ। ਆਪ ਹੀ ਭਗਵਾਨ ਬਣ ਗਏ ਤੇ ਪ੍ਰਮੇਸ਼ਰ ਦੇ ਲੜ ਨਹੀਂ ਲਾਇਆ -

*ਜੇ ਕੋਈ ਹੋਤ ਭਇਓ ਜਗ ਸਿਆਣਾ*
*ਤਿਨ ਤਿਨ ਅਪਨੋ ਪੰਥ ਚਲਾਨਾ।*
*ਪਰਮ ਪੁਰਖ ਕਿਨਹੂੰ ਨ ਪਾਇਓ*
*ਵੈਰ ਵਾਦ ਹੰਕਾਰ ਬਡਾਇਓ।*

ਆਪਸ ਵਿਚ ਏਕਤਾ ਨਹੀਂ ਲਿਆਂਦੀ, ਆਪਸ ਵਿਚ ਵੈਰ ਵਧਾ ਦਿਤਾ। ਜਿੰਨੀਆਂ ਸੰਪਰਦਾਵਾਂ ਚੱਲੀਆਂ ਲੜ ਪਈਆਂ, ਜਿੰਨੇ ਪੰਥ ਚੱਲੇ ਉਹ ਆਪ ਵਿਚ ਜੁੱਧ ਜੰਗ ਕਰਦੇ ਰਹੇ। ਇਕ ਦੂਜੇ ਨੂੰ ਮਾਰਨ ਵਾਸਤੇ ਧਰਮ ਕਹਿੰਦਾ ਰਿਹਾ। ਦੂਜਿਆਂ ਦਾ ਖੂਨ ਬਹਾਅ ਕੇ ਕਹਿੰਦੇ ਧਰਮ ਦਾ ਕੰਮ ਕਰ ਰਹੇ ਨੇ। ਕਹਿੰਦੇ, ਆਪਣੇ ਪੱਤਿਆਂ ਤੋਂ ਹੀ ਦਰਖਤ ਜਲਣ ਲੱਗ ਗਿਆ।

ਰੱਬ ਦੇ ਰਸਤੇ ਤੇ ਕੋਈ ਨਹੀਂ ਚਲਦਾ। ਰੱਬ ਦੇ ਰਸਤੇ ਵੀ ਇਹੋ ਜਿਹੇ ਹੋ ਗਏ, ਹਨ੍ਹੇਰ ਗੁਬਾਰ ਛਾ ਗਿਆ, ਕੋਈ ਪਰਬਤਾਂ ਨੂੰ ਮੱਥੇ ਟੇਕਦਾ ਹੈ, ਕੋਈ ਦਰਖਤਾਂ ਨੂੰ ਟੇਕਦਾ ਹੈ, ਕਿਸੇ ਨੇ ਸੱਪ ਨੂੰ ਸਿਰ ਨਿਵਾ ਦਿਤਾ, ਕਿਸੇ ਨੇ ਮਾਤਾ ਰਾਣੀ ਵਰਗੀ ਬਿਮਾਰੀ ਨੂੰ ਮੱਥਾ ਟੇਕ ਦਿਤਾ। ਕੋਈ ਸੂਰਜ ਨੂੰ ਮੱਥਾ ਟੇਕੀ ਜਾਂਦਾ ਹੈ, ਕੋਈ ਚੰਦਰਮਾ ਨੂੰ ਸਤਿ ਸ੍ਰੀ ਅਕਾਲ ਬੁਲਾਈ ਜਾਂਦਾ ਹੈ। ਕੋਈ ਤਾਰਿਆਂ ਨੂੰ ਮੱਥੇ ਟੇਕਦਾ ਹੈ, ਕੋਈ ਧਰਮਰਾਜ ਦੀ ਪੂਜਾ ਕਰਦਾ ਹੈ, ਕੋਈ ਹਨੂੰਮਾਨ ਦੀ ਕਰਦਾ ਹੈ, ਕੋਈ ਭੈਰੋਂ ਦੀ ਕਰਦਾ ਹੈ, ਰੱਬ ਤਾਂ ਛੱਡ ਹੀ ਦਿਤਾ।

*ਜਿਨਿ ਜਿਨਿ ਤਨਕਿ ਸਿੱਧ ਕੋ ਪਾਯੋ।*
*ਤਿਨ ਤਿਨਿ ਅਪਨਾ ਰਾਹੁ ਚਲਾਯੋ।*

***ਬਚਿੱਤ੍ਰ ਨਾਟਕ***

ਮਾੜੀ ਜਿਹੀ ਸਿੱਧੀ ਆ ਗਈ, ਆਹ ਸਰਵਰੀਆ ਪੀਰ ਸੀ ਜਿਨ੍ਹਾਂ ਨੂੰ ਸੁਲਤਾਨੀਏ ਕਹਿੰਦੇ ਨੇ, ਅਹਿਮਦ ਸੀ ਇਹਦਾ ਨਾਉਂ। ਇਹਨੇ ਚਿੱਲ੍ਹੇ ਕੱਟ ਲਏ। ਥੋੜ੍ਹੀ ਜਿਹੀ ਸਿੱਧੀ ਆ ਗਈ, ਸਾਰੇ ਪੰਜਾਬ ਨੂੰ ਹੀ ਆਪਣੇ ਪਿੱਛੇ ਲਾ ਲਿਆ, ਕਬਰ ਦੀ ਪੂਜਾ ਕਰਾਉਣੀ ਸ਼ੁਰੂ ਕਰ ਦਿਤੀ। ਰੱਬ ਤਾਂ ਭੁੱਲ ਹੀ ਗਿਆ। ਗੋਰਖ ਵਗੈਰਾ ਦੇ ਕੋਲ ਸਿੱਧੀ ਆ ਗਈ, ਉਹ ਵੀ ਆਪਣੀ ਪੂਜਾ ਕਰਾਉਣ ਲੱਗ ਗਏ। ਰੱਬ ਦੇ ਰਾਹ ਤੇ ਨਹੀਂ ਕੋਈ ਪਾਉਂਦਾ।

*ਪਰਮੇਸਰ ਨ ਕਿਨਹੂੰ ਪਹਿਚਾਨਾ।*

***ਬਚਿਤ੍ਰ ਨਾਟਕ***

ਘਟ-ਘਟ 'ਚ ਵਿਆਪਕ ਜੋ ਪ੍ਰਮੇਸ਼ਰ ਸੀ ਉਹ ਨਹੀਂ ਕਿਸੇ ਨੇ ਪਛਾਨਿਆ।

*ਮਮ ਉਚਾਰਤੇ ਭਯੋ ਦਿਵਾਨਾ।*

***ਬਚਿਤ੍ਰ ਨਾਟਕ***

ਆਪਣੇ ਪਿੱਛੇ ਹੀ ਲਾਉਂਦੇ ਰਹੇ।

ਆਪਣੇ ਆਪ ਵਿਚ ਹੀ ਉਲਝ ਗਏ, ਆਪਣੇ ਹੀ ਧਰਮ ਬਣਾ ਲਏ, ਆਪਣੇ ਹੀ ਪੰਥ ਬਣਾ ਲਏ। ਰੱਬ ਨਾ ਕਿਸੇ ਨੇ ਵੀ ਪਛਾਣਿਆ। ਕਹਿਣ ਲੱਗੇ, ਤੁਸੀਂ ਜਾਓ -

*ਮੈ ਅਪਨਾ ਸੁਤ ਤੁਹਿ ਨਿਵਾਜਾ।*
*ਪੰਥ ਪ੍ਰਚੁਰ ਕਰਬੇ ਕਉ ਸਾਜਾ।*
*ਜਹਾ ਤਹਾ ਤੈ ਧਰਮੁ ਚਲਾਇ।*
*ਕਬੁਧਿ ਕਰਨ ਤੇ ਲੋਕ ਹਟਾਇ।*

ਆਹ ਜਿਹੜੀਆਂ ਕਬੁੱਧੀਆਂ ਕਰ ਰਹੇ ਨੇ ਨਾ, ਪਾਰਬ੍ਰਹਮ ਪ੍ਰਮੇਸ਼ਰ ਜਿਹੜਾ ਘਟ-ਘਟ ਦੇ ਵਿਚ ਵਸਦਾ ਹੈ, ਅੰਦਰ ਵਸਦਾ ਹੈ ਹਰੇਕ ਦੇ, ਉਹਦੀ ਪਛਾਣ ਨਹੀਂ ਕਰਾਈ। ਬਾਹਰ-ਬਾਹਰ ਕੱਢ ਲਏ ਸਾਰੇ। ਮਹਾਰਾਜ ਕਹਿੰਦੇ, ਅੰਦਰ ਵਸਦਾ ਹੈ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥* *ਅੰਗ - ੧੨੬੩*

ਕਹਿੰਦੇ ਪਿਆਰਿਆ! ਤੂੰ ਵੀ ਉਥੇ ਹੀ ਵਸਦਾ ਹੈਂ, ਰੱਬ ਵੀ ਉਥੇ ਹੀ ਵਸਦਾ ਹੈ ਲੇਕਿਨ ਹਉਮੈ ਦੀ ਕੰਧ ਹੋਣ ਕਰਕੇ, ਇਕ ਦੂਜੇ ਨਾਲ ਤੁਸੀਂ ਮਿਲਦੇ ਨਹੀਂ ਹੋ-

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਾਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ - ੬੨੪*

ਤੇਰੇ ਅੰਦਰ ਵਸਦਾ ਹੈ।

*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥* *ਅੰਗ - ੧੨੬੩*

ਪੂਰਾ ਸਤਿਗੁਰੂ ਮਿਲ ਜਾਂਦਾ ਹੈ, ਪੂਰਾ ਸਤਿਗੁਰੂ ਸ਼ਬਦ ਦੇ ਦਿੰਦਾ ਹੈ, ਸ਼ਬਦ ਦੇ ਬਲ ਨਾਲ ਹਉਮੈ ਦੀ ਕੰਧ ਟੁੱਟ ਜਾਂਦੀ ਹੈ।

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ ॥* *ਅੰਗ - ੯੫੪*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*
*ਅੰਗ - ੯੪੭*

ਪਾਰਬ੍ਰਹਮ ਪ੍ਰਮੇਸ਼ਰ ਕਹਿਣ ਲੱਗੇ ਕਿ ਮੈਨੂੰ ਨਹੀਂ ਕਿਸੇ ਨੇ ਪਛਾਣਿਆ, ਮੈਂ ਹਰੇਕ ਦੇ ਅੰਦਰ ਵਸਦਾ ਹਾਂ ਤੇ ਮੇਰਾ ਗਿਆਨ ਨਹੀਂ ਉਨ੍ਹਾਂ ਨੇ ਦਿਤਾ। ਆਪਣਾ ਵਜੂਦ ਮੂਹਰੇ ਲੈ ਆਂਦਾ। ਆਪਣਾ ਹੀ ਉਨ੍ਹਾਂ ਨੇ ਕ੍ਰਿਆਕ੍ਰਮ ਸਿਖਾ ਦਿਤਾ। ਆਪਣਾ ਹੀ ਵਜੂਦ, ਸ਼ਕਲ ਤੋਂ ਬੇਸ਼ਕਲ ਬਣਾ ਦਿਤੀ। ਕਿਸੇ ਨੇ ਕੇਸ ਸਾਰੇ ਹੀ ਕਟਾ ਦਿਤੇ, ਕਿਸੇ ਨੇ ਲਬਾਂ ਕੱਟ ਦਿਤੀਆਂ, ਕਿਸੇ ਨੇ ਕੁਛ ਕਿਸੇ ਨੇ ਕੁਛ, ਕਿਸੇ ਨੇ ਮੁੰਦਰਾਂ ਪਾ ਲਈਆਂ, ਨਵੀਂ ਸ਼ਕਲ ਬਣਾ ਦਿਤੀ, ਅਸਲੀ ਚੀਜ਼ ਨੂੰ ਭੰਨ ਤੋੜ ਦਿਤਾ ਤੇ ਮੇਰਾ ਗਿਆਨ ਤਾਂ ਦਿਤਾ ਨਹੀਂ, ਆਪਣਾ ਹੀ ਦੇ ਦਿਤਾ। ਜਿਹੜਾ-ਜਿਹੜਾ ਵੀ ਹੋਇਆ ਹੈ -

***ਜੋ ਕੋਈ ਹੋਤ ਭਇਓ ਜਗ ਸਿਆਨਾ***
***ਤਿਨ ਤਿਨ ਅਪਨੋ ਪੰਥ ਚਲਾਨਾ।***

ਤੁਸੀਂ ਜਾਓ ਜਾ ਕੇ ਸੰਸਾਰ ਨੂੰ ਦੱਸੋ ਕਿ ਮੈਂ ਤਾਂ ਦੂਰ ਨਹੀਂ ਹਾਂ ਕਿਸੇ ਦੇ। ਬਿਲਕੁਲ ਅੰਦਰ ਰਹਿੰਦਾ ਹਾਂ।

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ੧ ॥*
*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ ॥ ੨ ॥* *ਅੰਗ - ੧੦੩੩*

ਮੇਰੇ ਤੱਕ ਨਹੀਂ ਪਹੁੰਚ ਸਕਦਾ ਜਦ ਤਕ ਸਮਰੱਥ ਗੁਰੂ ਤੋਂ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ। ਨਾਮ ਦੀ, ਮੰਤਰ ਦੀ ਪ੍ਰਾਪਤੀ ਨਹੀਂ ਹੁੰਦੀ। ਕਿਉਂਕਿ ਬਜਰ ਕਪਾਟ ਲੱਗੇ ਹੋਏ ਨੇ, ਇਸ ਦੀ ਚਾਬੀ ਗੁਰੂ ਨੂੰ ਦਿਤੀ ਹੋਈ ਹੈ ਮੈਂ।

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥* *ਅੰਗ - ੨੦੫*

ਦੱਸ ਇਨ੍ਹਾਂ ਨੂੰ ਜਾ ਕੇ ਕਿ ਮੈਂ ਚਾਬੀ ਸਤਿਗੁਰੂ ਨੂੰ ਦਿਤੀ ਹੋਈ ਹੈ। ਆਪਣੇ ਦਰ ਦੀ, ਕਿਉਂ ਭਟਕਦਾ ਹੈ ਸੰਸਾਰ। ਕਿਉਂ ਦੁਖੀ ਹੋ ਰਿਹਾ ਹੈ, ਮੈਂ ਦੂਰ ਨਹੀਂ ਹਾਂ ਮੈਂ ਸਭ ਦੇ ਘਰ ਅੰਦਰ ਹਾਂ। ਮੇਰੇ ਗਿਆਨ ਤੋਂ ਬਗੈਰ ਹਨ੍ਹੇਰਾ ਰਹੇਗਾ ਮਨ ਦੇ ਅੰਦਰ, ਆਪਸ ਵਿਚ ਲੜਨਗੇ, ਝਗੜਨਗੇ। ਇਹ ਦੁਖੀ ਕਰਨਗੇ।

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥* *ਅੰਗ - ੧੨੪*

ਪੂਰੇ ਭਾਗ ਹੋਣ ਤਾਂ ਸਤਿਗੁਰੂ ਮਿਲਦਾ ਹੈ। ਸਤਿਗੁਰੂ ਨੂੰ ਭੇਜਿਆ ਗਿਆ ਹੈ, ਕਲਜੁਗ ਦੇ ਅੰਦਰ। ਅਕਾਲ ਪੁਰਖ ਦਾ ਹੁਕਮ ਹੈ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਇਹੁ ਜੋ ਮੈਂ ਤੈਨੂੰ ਆਪਣਾ ਸਰੂਪ ਤੈਨੂੰ ਦੱਸਿਆ ਹੈ, ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ

ਅਜੂਨੀ ਸੈਭੰ ਗੁਰਪ੍ਰਸਾਦਿ। ਸੰਸਾਰ ਨੂੰ ਸਮਝਾਓ ਕਿ ਮੈਂ ਕਲਪਤ ਚਿੱਤਰਾਂ ਦੇ ਅੰਦਰ ਨਹੀਂ, ਮੇਰਾ ਕੋਈ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ।

***ਚੱਕ੍ਰ ਚਿਹਨ ਅਰੁ ਬਰਨ ਜਾਤਿ***
***ਅਰੁ ਪਾਤਿ ਨਹਿਨ ਜਿਹ॥***
***ਰੂਪ ਰੰਗ ਅਰੁ ਰੇਖ ਭੇਖ***
***ਕੋਊ ਕਹਿ ਨ ਸਕਤਿ ਕਿਹ॥ ਜਾਪੁ ਸਾਹਿਬ***

ਕਹਿਣ ਲੱਗੇ, ਮੇਰਾ ਰੂਪ ਰੰਗ ਨਹੀਂ ਹੈ, ਮੈਂ ਬੋਲੀ ਵਿਚ ਨਹੀਂ ਆਉਂਦਾ, ਮੈਂ ਦੁਨੀਆਂ ਦੀਆਂ ਚੀਜ਼ਾਂ ਵਾਂਗੂੰ ਸਮਝਾਇਆ ਹੋਇਆ ਸਮਝਾਇਆ ਨਹੀਂ ਜਾ ਸਕਦਾ।

***ਨਹੀਂ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾਂ ਬਾਸੁ ਤਾਂ ਕੋ ਫਿਰਿ ਕਉਨ ਭੇਖੰ॥***
***ਕਹਾ ਨਾਮ ਤਾਂ ਕੈ ਕਹਾਂ ਕੈ ਕਹਾਵੈ॥***
***ਕਹਾ ਕੈ ਬਖਾਨੋ ਕਹੇ ਮੋ ਨਾ ਆਵੈ॥***
***ਅਕਾਲ ਉਸਤਤਿ***

ਮੈਂ ਤਾਂ ਅੰਦਰ ਵਸ ਰਿਹਾ ਹਾਂ, ਜੋ ਸਰੂਪ ਇਸ ਜੀਵ ਦਾ ਹੈ। ਓਹੀ ਸਰੂਪ ਮੇਰਾ ਹੈ। ਦੁਨੀਆਂ ਭਟਕ ਗਈ ਮੇਰੇ ਤੋਂ, ਬਹੁਤ ਅੰਧਕਾਰ ਦੇ ਵਿਚ ਛਾ ਗਈ। ਕੁਬੁੱਧ ਆ ਗਈ ਇਨ੍ਹਾਂ ਦੇ ਅੰਦਰ। ਇਨ੍ਹਾਂ ਨੂੰ ਦੱਸ ਜਾ ਕੇ ਕਿ ਮੈਂ ਤਾਂ ਅੰਦਰ ਵਸਦਾ ਹਾਂ, ਬਜਰ ਕਪਾਟ ਦੀ ਚਾਬੀ ਗੁਰੂ ਕੋਲੋਂ ਲੈ ਕੇ ਖੋਲ੍ਹ ਲਓ ਦਰਵਾਜ਼ੇ।

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ - ੧੦੩੩*

ਮੈਂ ਤਾਂ ਸਭ ਦੇ ਅੰਦਰ ਬੈਠਾ ਹਾਂ, ਸੋ ਜਾਓ ਤੁਸੀਂ ਜਾ ਕੇ ਸਮਝਾਓ ਦੁਨੀਆਂ ਨੂੰ ਕਿ ਪ੍ਰਮੇਸ਼ਰ ਨੂੰ ਦੂਰ ਨਾ ਭਾਲੋ -

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*
*ਅੰਗ - ੧੩੭੮*

ਸੋ ਇਸ ਤਰ੍ਹਾਂ ਆਪ ਨੇ ਬਚਨ ਕੀਤੇ ਤੇ ਫੁਰਮਾਨ ਕੀਤਾ-

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***

ਜਾਓ ਇਹ ਰਸਤਾ ਦੱਸੋ ਸੰਸਾਰ ਨੂੰ ਤੇ ਮੈਂ ਤੁਹਾਨੂੰ ਪੁੱਤਰ ਦੀ ਪਦਵੀ ਦਿੰਦਾ ਹਾਂ।

***ਜਹਾਂ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***

ਧਰਮ ਦੀਆਂ ਕਦਰਾਂ-ਕੀਮਤਾਂ ਕਾਇਮ ਕਰੋ। ਕਿਉਂਕਿ ਸੰਸਾਰ ਅਧਰਮ ਦੇ ਵਿਚ ਹੋ ਗਿਆ। ਧਰਮ ਹੋਰ ਹੀ ਬਣਾ ਲਏ, ਰਹੁਰੀਤਾਂ ਹੋਰ ਹੀ ਬਣਾ ਲਈਆਂ। ਧਰਮ ਦੀ ਗੱਲ ਜਾਂਦੀ ਰਹੀ। ਸਾਰੇ ਅਧਰਮ ਹੀ ਅਧਰਮ ਹੋ ਗਿਆ। ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਨੇ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥ ਅੰਗ - ੧੪੫*

ਧਰਮ ਨਾਮ ਦੀ ਚੀਜ਼ ਤਾਂ ਫੰਘ ਲਾ ਕੇ ਉਡ ਗਈ।

*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫*

ਅਲੋਪ ਹੋ ਗਿਆ ਸੰਸਾਰ ਤੋਂ ਧਰਮ ਦਾ ਚੰਦਰਮਾ।

ਮੱਸਿਆ ਫੈਲ ਗਈ, ਹਨ੍ਹੇਰ ਗੁਬਾਰ ਮਨਾਂ 'ਚ ਪੈ ਗਿਆ।

*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥ ਅੰਗ - ੧੪੫*

ਅੰਧੇਰੇ ਵਿਚ ਕੋਈ ਰਾਹ ਨਹੀਂ ਲੱਭਦਾ, ਸੰਸਾਰ ਦੁਖੀ ਹੋ ਰਿਹਾ ਹੈ। ਜੰਮਦਾ-ਮਰਦਾ ਹੈ, ਮਰਦਾ-ਜੰਮਦਾ ਹੈ, ਹਉਮੈ ਦੇ ਅੰਦਰ ਤੇ ਸ਼ਾਂਤੀ ਵਿਚ ਨਹੀਂ ਆ ਰਿਹਾ ਮਨੁੱਖ। ਮਨੁੱਖ ਭਟਕ ਗਿਆ, ਜਾਓ ਇਹਨੂੰ ਜਾ ਕੇ ਤੁਸੀਂ ਸਿੱਧੇ ਰਸਤੇ ਧਰਮ ਦੇ ਪਾਓ। ਜਿਹੜੀ ਆਹ ਕੁਬੱਧ ਲੋਕਾਂ 'ਚ ਆ ਗਈ ਹੈ, ਹਟਾਓ ਇਹ ਕਰਨ ਤੋਂ ਤੇ -

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***

ਉਸ ਵੇਲੇ ਆਪ ਪਾਤਸ਼ਾਹ, ਲਿਖਦੇ ਨੇ ਕਿ ਜਦੋਂ ਇਹ ਉੱਚਤਾ (magnitute) ਨੂੰ ਦੇਖਿਆ ਅਸੀਂ ਕੰਮ ਦਾ, ਇਹ ਤਾਂ ਸਾਰਾ ਸੰਸਾਰ ਹੀ ਉਲਟ ਰਾਹਾਂ ਤੇ ਪਿਆ ਹੈ। ਇਹ ਤਾਂ ਇਕ ਬੜਾ ਭਾਰਾ ਹੜ੍ਹ ਆ ਰਿਹਾ ਹੈ, ਜਿਹੜਾ ਕਿਸੇ ਤਰੀਕੇ ਨਾਲ ਰੋਕਿਆ ਨਹੀਂ ਜਾ ਸਕਦਾ। ਇਹ ਖਿਆਲਾਂ ਦਾ ਹੜ੍ਹ ਤੇ ਅੰਧਕਾਰ ਦਾ ਹੜ੍ਹ ਕਿਵੇਂ ਰੋਕਿਆ ਜਾਏਗਾ। ਉਸ ਵੇਲੇ ਕਹਿੰਦੇ ਅਸੀਂ ਖੜ੍ਹੇ ਹੋ ਗਏ ਅਕਾਲ ਪੁਰਖ ਦੇ ਅੱਗੇ।

***ਠਾਢ ਭਯੋ ਮੈ ਜੋਰਿ ਕਰ***
***ਬਚਨ ਕਹਾ ਸਿਰ ਨਿਆਇ।***

ਦੋਵੇਂ ਹੱਥ ਜੋੜ ਲਏ ਅਸੀਂ। ਸਾਮ੍ਹਣੇ ਖੜ੍ਹੇ ਹੋ ਗਏ ਤੇ ਸਿਰ ਨਿਵਾਇਆ ਤੇ ਬਚਨ ਕਿਹਾ।

***ਪੰਥ ਚਲੈ ਤਬ ਜਗਤ ਮੈ***

*ਜਬ ਤੁਮ ਕਰਹੁ ਸਹਾਇ।*

ਹੇ ਪ੍ਰਭੂ  ਜਿਹੜਾ ਤੇਰਾ ਰਸਤਾ ਹੈ, ਤੈਨੂੰ ਮਿਲਣ ਦਾ ਜੋ ਰਾਹ ਹੈ, ਇਹ ਦੁਨੀਆਂ ਤਾਂ ਆਉਗੀ ਇਸ ਰਸਤੇ ਦੇ ਉਤੇ ਜੇ ਤੁਸੀਂ ਮੇਰੀ ਸਹਾਇਤਾ ਕਰੋਂਗੇ। ਨਿਰਮਾਨਤਾ ਦੇ ਵਿਚ ਆਪ ਨੇ ਬੇਨਤੀ ਕਰੀ ਤੇ ਸੰਸਾਰ ਤੇ ਆ ਕੇ ਜੋ ਆਪ ਨੇ ਦੱਸਿਆ ਕਿ ਮੈਂ ਕਿਉਂ ਆਇਆ ਹਾਂ, ਮੈਂ ਰਾਜ ਲੈਣ ਨਹੀਂ ਆਇਆ, ਮੈਂ ਪਾਖੰਡ ਕਰਾਉਣ ਨਹੀਂ ਆਇਆ। ਮੈਂ ਅੱਖਾਂ ਹੀ ਮਿਚਾ ਕੇ ਨਹੀਂ ਤੁਹਾਨੂੰ ਬਿਠਾਉਣਾ। ਨਾ ਮੈਂ ਕੋਈ ਮੂੰਡ ਮੁੰਡਾਉਣੇ ਨੇ, ਨਾ ਮੈਂ ਕੋਈ ਟੋਪੀਆਂ ਦੇਣੀਆਂ ਨੇ, ਨਾ ਕੋਈ ਰੂਪ ਰੇਖਾ ਬਦਲਣੀ ਹੈ। ਸੁਭਾਵਿਕ ਜਿਵੇਂ ਮਨੁੱਖ ਪੈਦਾ ਹੋਇਆ ਹੈ, ਠੀਕ ਹੈ ਉਹ ਪੈਦਾ ਹੋਇਆ ਹੈ, ਉਹਦੇ ਵਿਚ ਕੋਈ ਪਰਿਵਰਤਨ ਨਹੀਂ ਕਰਨਾ ਤੇ ਮੈਂ ਇਸ ਕੰਮ ਵਾਸਤੇ ਆਇਆ ਹਾਂ –

*ਹਮ ਇਹ ਕਾਜ ਜਗਤ ਮੋ ਆਏ।*
*ਧਰਮ ਹੇਤ ਗੁਰਦੇਵ ਪਠਾਏ।*
*ਜਹਾਂ ਤਹਾਂ ਤੁਮ ਧਰਮ ਬਿਥਾਰੋ।*
*ਦੁਸਟ ਦੋਖੀਅਨਿ ਪਕਰਿ ਪਛਾਰੋ।*

ਦੂਜਾ ਇਹ ਕਿ ਜੋ ਦੁਸ਼ਟਤਾਈ ਕਰਦੇ ਨੇ, ਉਨ੍ਹਾਂ ’ਚੋਂ ਦੁਸ਼ਟਤਾਈ ਕੱਢਣੀ ਹੈ, ਜੋ ਦੋਖੀ ਨੇ ਉਨ੍ਹਾਂ ਵਿਚੋਂ ਦੋਖਪੁਣੇ ਦਾ ਜੋ ਅਵਗੁਣ ਹੈ, ਉਹ ਵੀ ਕੱਢਣਾ ਹੈ। ਸੋ ਭਾਈਓ! ਕਿਤੇ ਧੋਖਾ ਨਾ ਖਾ ਜਾਇਓ। ਅਸਲੀ ਗੱਲ ਭੁੱਲ ਕੇ ਮੈਨੂੰ ਹੀ ਪਾਰਬ੍ਰਹਮ ਪ੍ਰਮੇਸ਼ਰ ਨਾ ਕਹਿਣ ਲੱਗ ਜਾਇਓ –

*ਜੋ ਹਮ ਕੋ ਪਰਮੇਸਰ ਉਚਰਿ ਹੈਂ।*
*ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।*
*ਮੋ ਕੋ ਦਾਸ ਤਵਨ ਕਾ ਜਾਨੋ।*
*ਯਾ ਮੈ ਭੇਦ ਨ ਰੰਚ ਪਛਾਨੋ।*
*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ।*
*ਜੋ ਪ੍ਰਭ ਜਗਤਿ ਕਹਾ ਸੋ ਕਹਿ ਹੌਂ।*
*ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ।*

ਕਹਿਣ ਲੱਗੇ, ਦੋ ਗੱਲਾਂ ਦਾ ਧਿਆਨ ਰੱਖਿਓ ਇਕ ਤਾਂ ਇਹ ਕਿ ਮੈਂ ਪ੍ਰਮੇਸ਼ਰ ਨਹੀਂ ਹਾਂ, ਜਿਹੜਾ ਮੈਨੂੰ ਪ੍ਰਮੇਸ਼ਰ ਕਹੇਗਾ ਉਹਨੂੰ ਰੱਬ ਨਹੀਂ ਮਿਲਣਾ। ਨਰਕਾਂ ਦੇ ਵਿਚ ਜਾਏਗਾ, ਕਿਉਂਕਿ ਝੂਠ ਬੋਲਦਾ ਹੈ। ਭਾਵੇਂ ਪ੍ਰਮੇਸ਼ਰ ਦਾ ਤੇ ਸਾਧੂਆਂ ਦਾ ਫਰਕ ਨਹੀਂ ਹੁੰਦਾ। ਲੇਕਿਨ ਪ੍ਰਮੇਸ਼ਰ ਬਹੁਤ-ਬਹੁਤ ਵੱਡਾ ਹੈ। ਜਿਹਦਾ ਕੋਈ ਪਾਰਾਵਾਰ ਨਹੀਂ ਹੈ। ਗਿਲਾਸ ਦਾ ਪਾਣੀ ਤੇ ਸਮੁੰਦਰ ਦਾ ਪਾਣੀ ਭੇਦ ਦੋਹਾਂ ’ਚ ਨਹੀਂ ਹੋਇਆ ਕਰਦਾ, ਪਾਣੀ ਦੇ ਰੂਪ ਨਾਲ ਇਕੋ ਨੇ, ਲੇਕਿਨ ਮਾਤਰਾ ਵਿਚ ਫਰਕ ਹੁੰਦਾ ਹੈ। ਜੇ ਅਸੀਂ ਗਿਲਾਸ ਦੇ ਪਾਣੀ ਨੂੰ ਕਹੀਏ ਕਿ ਸਮੁੰਦਰ ਹੈ, ਸਮੁੰਦਰ ਦੀ ਉਪਾਧੀ ਉਹਦੇ ਉਤੇ ਘਟਦੀ ਨਹੀਂ, ਉਹ ਤਾਂ ਗਿਲਾਸ ਦਾ ਪਾਣੀ ਹੈ। ਬਾਲਟੀ ਦਾ ਪਾਣੀ, ਚੁਬੱਚੇ ਦਾ ਪਾਣੀ ਹੈ, ਟੋਭਾ ਹੈ ਉਹ। ਟੋਭੇ ਦੀ ਆਪਣੀ ਸੀਮਾ ਹੁੰਦੀ ਹੈ, ਝੀਲ ਦੀ ਆਪਣੀ ਤੇ ਸਮੁੰਦਰ ਦੀ ਆਪਣੀ ਹੱਦ ਹੁੰਦੀ ਹੈ। ਲੇਕਿਨ ਝੀਲ ਦਾ ਤੇ ਸਮੁੰਦਰ ਦਾ ਫਰਕ ਤਾਂ ਕੋਈ ਨਹੀਂ ਹੁੰਦਾ। ਮਾਤਰਾ ਵਿਚ ਫਰਕ ਹੋਇਆ ਕਰਦਾ ਹੈ। ਮਹਾਰਾਜ ਕਹਿੰਦੇ –

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥* *ਅੰਗ - ੩੯੭*

ਉਹ ਸਾਂਈ ਦਾ ਅੰਗ ਹੀ ਹੁੰਦੇ ਨੇ, ਲੇਕਿਨ ਜੇ ਕੋਈ ਉਨ੍ਹਾਂ ਨੂੰ ਕਹੇ ਪ੍ਰਮੇਸ਼ਰ ਹੈ ਤਾਂ ਗੱਲ ਗਲਤ ਹੋ ਜਾਂਦੀ ਹੈ ਕਿਉਂਕਿ ਕਿਸੇ ਅੰਤ ਵਿਚ ਨਹੀਂ ਆਉਂਦਾ, ਉਹ ਬੇਅੰਤ ਹੈ। ਅਸੀਂ ਜਦੋਂ ਕਿਸੇ ਨੂੰ ਪ੍ਰਮੇਸ਼ਰ ਕਹਾਂਗੇ, ਉਹਦੇ ਸਰੀਰ ਨੂੰ ਮੁੱਖ ਰੱਖ ਕੇ ਕਹਾਂਗੇ। ਕਿਉਂਕਿ ਸਾਨੂੰ ਸੋਝੀ ਨਹੀਂ ਹੈ, ਆਤਮ ਦ੍ਰਿਸ਼ਟੀ ਨਹੀਂ ਹੈ। ਬ੍ਰਹਮ ਦ੍ਰਿਸ਼ਟੀ ਨਾ ਹੋਣ ਕਰਕੇ ਅਸੀਂ ਸਰੀਰ ਨੂੰ ਪ੍ਰਮੇਸ਼ਰ ਕਹਾਂਗੇ। ਸੋ ਇਸ ਗੱਲ ਤੋਂ ਵਰਜ ਦਿਤਾ ਮਹਾਰਾਜ ਨੇ, ਦੇਖਿਓ ਸਾਡੇ ਸਰੀਰ ਨੂੰ ਕਿਤੇ ਪ੍ਰਮੇਸ਼ਰ ਕਹੋਂ। ਜਿਹੜਾ ਨਾਉਂ ਸੰਸਾਰ ਨੇ ਸਾਡਾ ਧਰਿਆ ਹੈ, ਕਿਤੇ ਇਸ ਨਾਉਂ ਨੂੰ ਪ੍ਰਮੇਸ਼ਰ ਨਾ ਕਹਿਓ ਤੇ ਜਿਹੜਾ ਇਸ ਸਿਧਾਂਤ ਤੇ ਆਏਗਾ, ਉਹਨੂੰ ਰਾਹ ਨਹੀਂ ਲੱਭਣਾ।

*ਮੋ ਕੋ ਦਾਸ ਤਵਨ ਕਾ ਜਾਨੋ।*
*ਯਾ ਮੈ ਭੇਦ ਨ ਰੰਚ ਪਛਾਨੋ।*
*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ।*

ਫਸਣ ਵਾਸਤੇ ਨਹੀਂ ਮੈਂ ਆਇਆ ਜਗਤ ਵਿਚ। ਮੈਂ ਇਕ ਖੇਲ੍ਹ ਖੇਲ੍ਹਣ ਆਇਆ ਹਾਂ, ਖੇਲ੍ਹ ਦੇਖਣ ਆਇਆ ਹਾਂ। ਸੋ ਇਸ ਤਰ੍ਹਾਂ ਦੇ ਨਾਲ –

*ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋਂ।*
*ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ।*

ਮੈਨੂੰ ਜਿਹੜੇ ਆਦੇਸ਼ ਦਿਤੇ ਨੇ ਉਹ ਮੈਂ ਕਹਿ ਦੇਣੇ ਨੇ, ਸੰਸਾਰ ਨੂੰ।

ਮੈਂ ਚੁੱਪ ਨਹੀਂ ਕਰਨਾ, ਕਿਉਂਕਿ ਚੁੱਪ ਕਰਨਾ ਮੇਰਾ ਕੰਮ ਨਹੀਂ ਹੈ, ਮੇਰੀ ਡਿਊਟੀ ਨਹੀਂ ਇਹ, ਮੈਂ ਬੋਲ ਕੇ ਦੱਸਣਾ ਹੈ ਸਾਰਿਆਂ ਨੂੰ। ਐਸੇ ਗੁਰੂ ਦਸ਼ਮੇਸ਼ ਪਿਤਾ

ਜਿਨ੍ਹਾਂ ਦੇ ਬਾਰੇ ਆਪਾਂ ਵਿਚਾਰ ਕਰੀ ਹੈ, ਉਹ ਇਸ ਤਰ੍ਹਾਂ ਦਾ ਸੁਭਾਅ, ਇਸ ਤਰ੍ਹਾਂ ਦਾ ਕੰਮ ਕਰਨ ਆਏ ਸੀ। ਸੋ ਬਹੁਪੱਖੀ ਜੀਵਨ ਹੋਣ ਕਰਕੇ ਇਨ੍ਹਾਂ ਨੂੰ ਸਮਝਿਆ ਨਹੀਂ ਗਿਆ। ਇਕ ਵੱਡਾ ਜਰਨੈਲ ਉਨ੍ਹਾਂ ਨੂੰ ਜਰਨੈਲ ਕਹਿੰਦਾ ਹੈ। ਵੱਡਾ ਯੋਧਾ ਉਨ੍ਹਾਂ ਨੂੰ ਯੋਧਾ ਕਹਿੰਦਾ ਹੈ, ਵੱਡਾ ਲਿਖਾਰੀ ਉਨ੍ਹਾਂ ਨੂੰ ਲਿਖਾਰੀਆਂ ਦਾ ਸ਼੍ਰੋਮਣੀ ਕਹਿੰਦਾ ਹੈ। ਵੱਡਾ ਕਵੀ ਉਨ੍ਹਾਂ ਨੂੰ ਕਵੀਆਂ ਦਾ ਸ਼੍ਰੋਮਣੀ ਕਹਿੰਦਾ ਹੈ। ਵੱਡਾ ਜੋ ਫਿਲਾਸਫਰ ਹੈ, ਉਹ ਉਨ੍ਹਾਂ ਨੂੰ ਵੱਡਾ ਫਿਲਾਸਫਰ ਕਹਿੰਦਾ ਹੈ। ਆਪਣਾ-ਆਪਣਾ ਪੱਖ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਗੁਰੂ ਸਾਹਿਬ ਦੀ ਬਹੁਪੱਖੀ ਸ਼ਖ਼ਸ਼ੀਅਤ ਨੂੰ ਦੇਖ ਕੇ ਮਨੁੱਖ ਸਮਝ ਨਹੀਂ ਸਕਿਆ ਕਿ ਗੁਰੂ ਦਸ਼ਮੇਸ਼ ਪਿਤਾ ਕੀ ਸੀ। ਕੁਝ-ਕੁਝ ਸਮਝਣ ਦਾ ਅਸੀਂ ਯਤਨ ਕਰਦੇ ਹਾਂ, ਜਿੰਨੇ ਕੁ ਸਾਡੇ ਸਮਝ ਵਿਚ ਆਉਂਦੇ ਨੇ।

ਗੁਰੂ ਮਹਾਰਾਜ ਨਿਰੀਓ ਪਿਆਰ ਦੀ ਮੂਰਤ ਸੀ, ਕਿਸੇ ਨਾਲ ਉਨ੍ਹਾਂ ਦਾ ਵੈਰ ਨਹੀਂ ਸੀ, ਕਿਸੇ ਨੂੰ ਡਰਾਉਂਦੇ ਨਹੀਂ ਸੀ, ਨਾਲ ਇਹ ਵੀ ਸੀ ਕਿ ਕਿਸੇ ਤੋਂ ਡਰਦੇ ਵੀ ਨਹੀਂ ਸੀ।

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***

***ਅੰਗ - ੧੪੨੭***

ਡਰਾਉਂਦੇ ਨਹੀਂ ਸੀ ਕਿਸੇ ਨੂੰ ਡਰ ਪਾ ਕੇ। ਪਿਆਰ ਕਰਦੇ ਸੀ ਛੋਟੇ ਤੋਂ ਛੋਟੇ ਨੂੰ, ਵੱਡੇ ਤੋਂ ਵੱਡੇ ਨੂੰ। ਨਿੱਕੇ ਤੋਂ ਵੀ ਨਿੱਕੇ ਬੱਚੇ ਨੂੰ ਗੁਰੂ ਮਹਾਰਾਜ ਪਿਆਰ ਕਰਦੇ ਸੀ। ਜਿਹਦਾ ਸੰਸਾਰ 'ਚ ਕੋਈ ਨਹੀਂ, ਉਹੋ ਜਿਹੇ ਬੰਦਿਆਂ ਨੂੰ ਵੀ ਗੁਰੂ ਮਹਾਰਾਜ ਪਿਆਰ ਕਰਦੇ ਸੀ। ਜਿਸ ਵਕਤ ਗੁਰੂ ਮਹਾਰਾਜ ਮਾਲਵੇ 'ਚ ਜਾਂਦੇ ਨੇ, ਡੱਲ੍ਹੇ ਦੇ ਕੋਲ ਆਪ ਠਹਿਰੇ ਹੋਏ ਨੇ। ਉਥੇ ਭਾਈ ਭਗਤੂ ਦੀ ਓਲਾਦ ਦੇ ਵਿਚੋਂ ਭਾਈ ਜੀਵਨ ਦੇ ਪੁੱਤਰ ਆਉਂਦੇ ਨੇ। ਮਹਾਰਾਜ ਜੀ ਕਹਿਣ ਲੱਗੇ, ਭਾਈ ਫਤਹਿ ਸਿੰਘ ਅੰਮ੍ਰਿਤ ਛਕ ਕੇ ਸਿੰਘ ਸਜ ਗਏ, ਫਤਹਿ ਸਿੰਘ ਰਾਮ ਸਿੰਘ ਤ੍ਰਿਲੋਕ ਸਿੰਘ, ਤਖਤ ਸਿੰਘ ਚਾਰ ਭਰਾ ਸੀਗੇ, ਦੋ ਮਾਵਾਂ ਤੋਂ। ਕਹਿੰਦੇ, ਬਈ ਤੁਹਾਡੇ ਪਿੰਡ ਚੱਲਣਾ ਹੈ ਅਸੀਂ, ਕਦੇ ਮਹਾਰਾਜ ਨੇ ਕਿਸੇ ਨੂੰ ਨਹੀਂ ਸੀ ਕਿਹਾ ਕਿ ਤੇਰੇ ਪਿੰਡ ਜਾਣਾ ਹੈ। ਉਹ ਹੈਰਾਨ ਹੋ ਗਏ, ਕਹਿੰਦੇ, "ਸੱਚੇ ਪਾਤਸ਼ਾਹ! ਆਹ ਮਾਲਵਾ ਕਿਤੇ ਰਹਿਣ ਵਾਲਾ ਥਾਉਂ ਹੈ? ਇਥੇ ਤਾਂ ਐਨੀ ਧੁੱਪ ਪੈਂਦੀ ਹੈ, ਐਨੀ ਓਡਾਰ ਹੈ, ਰੇਤਾ ਉਡਦਾ ਹੈ ਕਿ ਅਸੀਂ ਤਾਂ ਰੋਟੀ ਨਹੀਂ ਲਾਹ ਸਕਦੇ। ਸਾਰੇ ਦਰਵਾਜ਼ੇ ਬੰਦ ਕਰਕੇ, ਝੀਥਾਂ ਦੇ ਵਿਚ ਕੱਪੜੇ ਦਿੰਦੇ ਹਾਂ, ਕੋਠੇ ਦੇ ਮੋਘੇ ਬੰਦ ਕਰਦੇ ਹਾਂ, ਫੇਰ ਸੱਚੇ ਪਾਤਸ਼ਾਹ! ਰੋਟੀ ਖਾ ਲਈਏ ਤਾਂ ਖਾ ਲਈਏ, ਨਹੀਂ ਤਾਂ ਦੰਦ ਨਹੀਂ ਲਗਦੇ ਐਨੀ ਧੂੜ ਅੰਦਰ ਆ ਜਾਂਦੀ ਹੈ। ਫੇਰ ਗਰਮੀ ਕਿੰਨੀ ਹੈ, ਬੇਅੰਤ ਗਰਮੀ ਹੈ ਸੱਚੇ ਪਾਤਸ਼ਾਹ। ਸਹਿ ਨਹੀਂ ਹੁੰਦੀ, ਐਨੀ ਜ਼ਿਆਦਾ ਗਰਮੀ ਹੈ। ਆਹ ਤਾਂ ਬੜਾ ਸੋਹਣਾ ਥਾਉਂ ਹੈ, ਜਵਾਬ ਦੇ ਦਿਤਾ ਉਨ੍ਹਾਂ ਨੇ।

ਮਹਾਰਾਜ ਕਹਿੰਦੇ, ਨਹੀਂ ਫਤਹਿ ਸਿੰਘਾ! ਅਸੀਂ ਤੇਰੇ ਪਿੰਡ ਆਉਣਾ ਜ਼ਰੂਰ ਹੈ। ਕੋਈ ਪਤਾ ਨਹੀਂ ਸੀ ਕਿ ਗੁਰੂ ਮਹਾਰਾਜ ਕਿਉਂ ਕਹਿੰਦੇ ਨੇ। ਕਹਿੰਦੇ, ਜਾਓ ਤਿਆਰੀ ਕਰੋ। ਬਠਿੰਡੇ ਤੋਂ ਆਪ ਨੇ ਤਿਆਰੀ ਕਰਾ ਦਿਤੀ। ਉਨ੍ਹਾਂ ਨੇ ਇਕ ਦਰਖਤ ਵੱਢ-ਵੱਢ ਕੇ ਆਲੇ-ਦੁਆਲੇ ਵਾੜ ਬਹੁਤ ਸੰਘਣੀ ਕਰ ਦਿਤੀ। ਸਰਕੜਾ ਲਾ ਦਿਤਾ ਕਿ ਅੰਦਰ ਨਾ ਜਾਵੇ ਰੇਤਾ ਮਹਾਰਾਜ ਜੀ ਤੱਕ। ਓਡਾਰ ਨਾ ਪਹੁੰਚੇ। ਰੇਤੇ ਦੇ ਉਤੇ ਐਨਾ ਪਾਣੀ ਛਿੜਕਿਆ, ਆਲੇ-ਦੁਆਲੇ ਹਵਾ ਬੰਦ ਕਰ ਦਿਤੀ ਤੇ ਉਹ ਐਉਂ ਲਗਦਾ ਹੈ ਬਹੁਤ ਠੰਢਾ ਜਿਵੇਂ ਅਰਿ ਚੋਨ-ਦਟਿੱਨਿ ਘਰ ਹੁੰਦਾ ਹੈ। ਝੌਂਪੜੀ ਦੇ ਅੰਦਰ ਗੁਰੂ ਮਹਾਰਾਜ ਜਾ ਕੇ ਬਿਰਾਜ ਗਏ, ਕਹਿਣ ਲੱਗੇ, ਪਿਆਰਿਓ! ਤੁਸੀਂ ਤਾਂ ਕਹਿੰਦੇ ਸੀ ਇਥੇ ਤਾਂ ਅੱਗ ਵਰ੍ਹਦੀ ਹੈ, ਆਹ ਤਾਂ ਪਾਉਂਟੇ ਸਾਹਿਬ ਦਾ ਨਜ਼ਾਰਾ ਦਿੰਦੀ ਹੈ, ਆਹ ਜਿਹੜੀ ਝੁੱਗੀ ਬਣਾਈ ਹੈ ਤੁਸੀਂ। ਸਾਨੂੰ ਤਾਂ ਇਹ ਪਿਆਰੀ ਲਗਦੀ ਹੈ। ਦੋ ਦਿਨ ਰਹਿਣ ਤੋਂ ਬਾਅਦ ਮਹਾਰਾਜ ਕਹਿੰਦੇ, ਫਤਹਿ ਸਿੰਘ! ਅੱਜ ਪ੍ਰਸ਼ਾਦਾ ਅਸੀਂ ਤੁਹਾਡੇ ਘਰ ਛਕਾਂਗੇ। ਉਸ ਵੇਲੇ ਮਹਾਰਾਜ ਜੀ ਘੋੜੇ ਤੇ ਸਵਾਰ ਹੁੰਦੇ ਨੇ। ਪ੍ਰਸ਼ਾਦਾ ਤਿਆਰ ਹੋ ਗਿਆ। ਫਤਹਿ ਸਿੰਘ ਅੱਗੇ-ਅੱਗੇ ਜਾਂਦਾ ਹੈ। ਰਾਮ ਸਿੰਘ ਅੱਗੇ-ਅੱਗੇ ਜਾਂਦਾ ਹੈ ਤੇ ਮਹਾਰਾਜ ਜੀ ਨੂੰ ਘਰ ਲਿਜਾ ਰਹੇ ਨੇ, ਲੇਕਿਨ ਮਹਾਰਾਜ ਜੀ ਜਾਂਦੇ-ਜਾਂਦੇ ਇਕ ਦਮ ਘੋੜੇ ਤੋਂ ਉਤਰ ਗਏ। ਪਿੱਛੇ ਮੁੜ ਕੇ ਦੇਖਿਆ, ਕਹਿੰਦੇ ਸੱਚੇ ਪਾਤਸ਼ਾਹ ਸਾਡੇ ਪਿਛੇ-ਪਿਛੇ ਆ ਜਾਓ ਆਪਣਾ ਘਰ ਤਾਂ ਅੱਗੇ ਹੈ। ਇਹ ਨਹੀਂ ਆਪਣਾ ਘਰ। ਗੁਰੂ ਮਹਾਰਾਜ ਘੋੜੇ ਤੋਂ ਉਤਰ ਕੇ ਇਕ ਗਰੀਬ ਜਿਹੇ ਘਰ ਵਿਚ, ਕੱਚੇ ਘਰ ਤਾਂ ਸੀਗੇ ਸਾਰਿਆਂ ਦੇ। ਉਹ ਬਹੁਤਾ ਕੋਈ ਵੱਡਾ ਘਰ ਨਹੀਂ ਸੀ, ਛੋਟਾ ਜਿਹਾ ਘਰ ਸੀ। ਉਸ ਘਰ ਦੇ ਵਿਚ ਦਾਖਲ ਹੋ ਜਾਂਦੇ ਨੇ। ਦਰਵਾਜ਼ੇ ਦੇ ਓਹਲੇ ਇਕ ਬੀਬੀ ਖੜ੍ਹੀ ਹੈ, ਮੋਢੇ ਤੇ ਖੇਸ ਰੱਖਿਆ ਹੋਇਆ ਹੈ, ਹੱਥ ਜੋੜੇ ਹੋਏ ਨੇ। ਅੱਖਾਂ 'ਚੋਂ ਜਲ ਜਾਂਦਾ ਹੈ।

ਕਹਿਣ ਲੱਗੀ, ਸੱਚੇ ਪਾਤਸ਼ਾਹ! ਮੈਂ ਗਰੀਬਣੀ ਹਾਂ, ਮੇਰਾ ਕੋਈ ਨਹੀਂ। ਤੁਸੀਂ ਵੱਡਿਆਂ-ਵੱਡਿਆਂ ਦੇ ਆਏ

ਓਂ, ਕ੍ਰਿਪਾ ਕਰੋ ਮੇਰੇ ਘਰ ਚਰਨ ਪਾ ਦਿਓ। ਇਧਰੋਂ ਫਤਹਿ ਸਿੰਘ ਆਵਾਜ਼ ਦਿੰਦਾ ਹੈ ਕਿ ਮਹਾਰਾਜ! ਆਪਣਾ ਘਰ ਅੱਗੇ ਹੈ। ਕਹਿੰਦੇ, ਠਹਿਰੋ। ਪਿਆਰ ਦਿਤਾ ਮਹਾਰਾਜ ਨੇ, ਸੀਸ ਤੇ ਹੱਥ ਰੱਖਿਆ, ਕਹਿੰਦੇ ਬੇਟਾ! ਕੀ ਚਾਹੁੰਦੀ ਹੈਂ? ਮਹਾਰਾਜ! ਮੇਰੇ ਵੀ ਪ੍ਰਸ਼ਾਦਾ ਛਕੋ। ਕਹਿੰਦੇ, ਅਸੀਂ ਤੇਰੇ ਵੀ ਆਵਾਂਗੇ। ਕੱਲ੍ਹ ਦਾ ਪ੍ਰਸ਼ਾਦਾ ਅਸੀਂ ਤੇਰੇ ਹੀ ਛਕਾਂਗੇ। ਤਿਆਰ ਕਰਕੇ ਰੱਖੀਂ।

ਮਹਾਰਾਜ! ਆਹ ਮੈਂ ਭੇਟਾ ਬਣਾਈ ਹੈ, ਇਕ-ਇਕ ਤੰਦ ਦੇ ਉਤੇ ਤੇਰਾ ਨਾਮ ਜਪਿਆ ਹੈ, ਤੇਰਾ ਧਿਆਨ ਧਰਿਆ ਹੈ, ਉਹਦੀ ਮੈਂ ਭੇਟਾ ਹਾਜ਼ਰ ਕਰਦੀ ਹਾਂ, ਖੇਸ ਬਣਾਇਆ ਹੈ, ਮਹਾਰਾਜ ਕਹਿੰਦੇ, ਖੇਸ ਵੀ ਅਸੀਂ ਕੱਲ੍ਹ ਨੂੰ ਹੀ ਲਵਾਂਗੇ। ਉਨ੍ਹਾਂ ਦੇ ਚਲੇ ਜਾਂਦੇ ਨੇ। ਜਾ ਕੇ ਮਹਾਰਾਜ ਕਹਿੰਦੇ, ਕਿੱਥੇ ਰਹੀਏ ਬਈ? ਕਹਿੰਦੇ, ਮਹਾਰਾਜ! ਚੁਬਾਰਾ ਹੈ ਉਤੇ। ਨਾਲ ਦੇ ਘਰ ਜਿਹੜਾ ਤਖਤ ਸਿੰਘ ਦਾ ਤੇ ਉਨ੍ਹਾਂ ਦਾ ਸੀ, ਉਸ ਘਰ ਦੇ ਵਿਚ ਲੈ ਕੇ ਨਹੀਂ ਗਏ ਕਿਉਂਕਿ ਸ਼ਰੀਕ ਸੀ, ਸ਼ਰਾਕਤ ਬੜੀ ਮਾੜੀ ਗੱਲ ਪਿੰਡਾਂ 'ਚ ਹੁੰਦੀ ਹੈ। ਈਰਖਾ ਹੁੰਦੀ ਹੈ, ਦੋ ਮਾਵਾਂ ਦੇ ਪੁੱਤਰ ਸੀ ਤੇ ਓਧਰ ਨਹੀਂ ਜਾਣ ਦਿੱਤੇ, ਉਨ੍ਹਾਂ ਦੇ ਘਰ ਨੂੰ ਪੌੜੀ ਲੱਗੀ ਹੋਈ ਸੀ ਕੱਚੀ। ਮਹਾਰਾਜ ਨੂੰ ਲੱਕੜੀ ਦੀ ਪੌੜੀ ਤੇ ਚੜ੍ਹਾ ਦਿਤਾ, ਮਹਾਰਾਜ ਜੀ ਨੇ ਉਪਰ ਚੜ੍ਹ ਕੇ ਜਦੋਂ ਨਿਗ੍ਹਾ ਮਾਰੀ, ਕਹਿੰਦੇ ਓ ਰਾਮ ਸਿੰਘਾ! ਐਨੀ ਈਰਖਾ ਤੁਹਾਡੇ ਅੰਦਰ। ਆਹ ਤੁਹਾਡੇ ਭਰਾਵਾਂ ਦੇ ਪੌੜੀਆਂ ਦੂਜੀਆਂ ਲੱਗੀਆਂ ਹੋਈਆਂ ਨੇ ਤੇ ਗੁਰੂਆਂ ਪੀਰਾਂ ਨੂੰ ਐਡੇ ਔਖੇ ਥਾਉਂ ਤੋਂ ਲੰਘਾਇਆ, ਪੌੜੀ ਲੱਕੜ ਦੀ ਚੜ੍ਹਾਅ ਕੇ। ਰਾਤ ਕੱਟੀ, ਦੂਸਰੇ ਦਿਨ ਮਹਾਰਾਜ ਜੀ ਪਰਲੇ ਵਿਹੜੇ ਵਿਚ ਉਤਰ ਗਏ। ਉਤਰ ਕੇ ਦੀਵਾਰਾਂ ਸੀ ਵਿਚ, ਮਹਾਰਾਜ ਨੇ ਉਹ ਦੀਵਾਰ ਤੋੜ ਦਿਤੀ, ਸਾਰੇ ਇਕੱਠੇ ਹੋ ਗਏ, ਕਹਿੰਦੇ ਮਹਾਰਾਜ! ਪ੍ਰਸ਼ਾਦਾ ਤਿਆਰ ਹੈ।

ਮਹਾਰਾਜ ਕਹਿੰਦੇ, "ਪਹਿਲਾਂ ਈਰਖਾ ਛੱਡੋ ਤੁਸੀਂ, ਤੁਹਾਡਾ ਪ੍ਰਸ਼ਾਦਾ ਤਾਂ ਹੀ ਛਕਾਂਗੇ, ਜਦੋਂ ਤੁਹਾਡੇ ਵਿਚ ਵੈਰ ਨਹੀਂ ਰਹੇਗਾ ਕੋਈ। ਅਸੀਂ ਮਿਲਾਉਣ ਆਏ ਹਾਂ ਕਿ ਤੋੜਨ ਆਏ ਹਾਂ।"

ਭਰਾਵਾਂ ਦਾ ਮੇਲ ਕਰਾ ਕੇ ਅੱਗੇ ਚਲੇ ਗਏ ਮਹਾਰਾਜ, ਦੂਸਰੇ ਪਾਸੇ ਕੰਧ ਦੇ ਵਿਚ ਇਕ ਦਰਵਾਜ਼ਾ ਬੰਦ ਕਰਿਆ ਹੋਇਆ ਸੀ। ਮਹਾਰਾਜ ਜੀ ਨੇ ਜ਼ੋਰ ਦੀ ਲੱਤ ਮਾਰੀ, ਸਾਰੀਆਂ ਇੱਟਾਂ ਗਿਰ ਗਈਆਂ। ਕਹਿੰਦੇ, ਸਾਡੇ ਪਿੱਛੇ ਆ ਜਾਓ ਸਾਰੇ। ਅੱਗੇ ਕੀਹਦਾ ਘਰ ਹੈ, ਮਾਈ ਦੇਸਾਂ ਦਾ। ਬੈਠੀ ਹੈ ਪ੍ਰਸ਼ਾਦਾ ਤਿਆਰ ਕਰ ਲਿਆ, ਥਾਲ ਵਿਚ ਪਾ ਦਿਤਾ, ਰੁਮਾਲ ਦੇ ਨਾਲ ਢਕ ਦਿਤਾ। ਇਕ ਚੌਂਕੀਂ ਦੇ ਉਤੇ ਖੇਸ ਰੱਖ ਦਿਤਾ, ਇੰਤਜ਼ਾਰ ਕਰਦੀ ਹੈ, ਅੰਦਰ ਹੀ ਅੰਦਰ ਮਹਾਰਾਜ ਜੀ ਨੂੰ ਪ੍ਰਸ਼ਾਦਾ ਛਕਾ ਰਹੀ ਹੈ। ਮਹਾਰਾਜ ਜੀ! ਅਛੋਪਲੇ ਹੀ ਜਾ ਕੇ ਪੀੜ੍ਹੀ ਤੇ ਬੈਠ ਗਏ, ਪੀੜ੍ਹੀ ਤੇ ਜਿਹੜਾ ਪ੍ਰਸ਼ਾਦਾ ਤਿਆਰ ਕਰਕੇ ਰੱਖਿਆ ਹੋਇਆ ਸੀ ਚੌਂਕੀਂ ਤੇ ਆਰਾਮ ਨਾਲ ਛੱਕਣ ਲੱਗ ਗਏ, ਉਹਨੂੰ ਕੋਈ ਪਤਾ ਨਹੀਂ ਹੈ। ਜਦੋਂ ਪ੍ਰਸ਼ਾਦਾ ਛਕ ਹਟੇ ਕਹਿੰਦੇ ਬੀਬਾ! ਪਾਣੀ ਤਾਂ ਲਿਆ ਦਿਓ। ਹੈਰਾਨ ਹੋ ਗਈ ਕਿ ਗੁਰੂ ਕਲਗੀਧਰ ਪਾਤਸ਼ਾਹ ਨੇ ਪ੍ਰਸ਼ਾਦਾ ਤਾਂ ਛਕ ਹੀ ਲਿਆ ਆਪੇ ਹੀ, ਮੈਨੂੰ ਪਤਾ ਹੀ ਨਹੀਂ ਲੱਗਿਆ। ਬੜਾ ਰੋਣ ਲੱਗੀ, ਕਹਿੰਦੇ ਨਾ ਵੈਰਾਗ ਨਾ ਕਰ, ਦੇਖ ਅਸੀਂ ਆਪ ਆ ਗਏ ਹਾਂ, ਆ ਕੇ ਅਸੀਂ ਪ੍ਰਸ਼ਾਦਾ ਛਕ ਲਿਆ, ਹੁਣ ਪਾਣੀ ਪਿਲਾ ਦਿਓ। ਉਹ ਚਾਰੇ ਭਰਾ ਵੀ ਅੰਦਰ ਬੁਲਾ ਲਏ। ਕਹਿੰਦੇ, ਆਹ ਬੀਬੀ ਨੂੰ ਤੁਸੀਂ, ਤੁਹਾਡੀ ਤਾਈ, ਚਾਚੀ ਲੱਗਦੀ ਹੈ, ਤੁਸੀਂ ਐਸ ਤਰ੍ਹਾਂ ਦਾ ਸਲੂਕ ਇਹਦੇ ਨਾਲ ਕਰਦੇ ਓਂ। ਆਹ ਤਾਂ ਬਈ ਗੁਰਸਿੱਖੀ 'ਚ ਨਹੀਂ ਭਾਉਂਦਾ। ਗੁਰਸਿੱਖੀ ਜਿਹੜੀ ਹੈ ਉਹ ਹੋਰ ਚੀਜ਼ ਹੈ। ਉਹ ਸਾਰਿਆਂ ਦਾ ਭਲਾ ਮੰਗਦੀ ਹੈ। ਹਰ ਰੋਜ਼ ਕਹਿੰਦੀ ਹੈ-

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਕਾ ਭਲਾ।***

ਸੋ ਐਸੇ ਪਿਆਰਾਂ ਦੇ ਕੌਤਕ ਗੁਰੂ ਮਹਾਰਾਜ ਦੇ ਜੀਵਨ ਵਿਚ ਇਕ-ਦੋ ਚਾਰ ਨਹੀਂ, ਆਪ ਨੇ ਇਹ ਗੱਲ ਫੁਰਮਾਨ ਕੀਤੀ ਹੈ, ਕਿ ਜੇ ਰੱਬ ਨੂੰ ਮਿਲਣਾ ਹੈ ਸਭ ਤੋਂ ਸੁਖਾਲਾ, ਉਹ ਐਵੇਂ ਨਾ ਆਪਣਾ ਸਰੀਰ ਹਿਮਾਲੀਆ 'ਚ ਬੈਠ ਕੇ ਬਰਫਾਂ 'ਚ ਬੈਠ ਕੇ ਗਾਲਿਓ। ਭੌਰਿਆਂ 'ਚ ਬੈਠ-ਬੈਠ ਕੇ ਨਿਕੰਮੇ ਨਾ ਹੋ ਜਾਇਓ। ਪਿਆਰਿਓ! ਐਉਂ ਰੱਬ ਨਹੀਂ ਮਿਲਦਾ। ਰੱਬ ਤਾਂ ਪਿਆਰ ਦੀ ਚੀਜ਼ ਹੈ।

ਸੋ ਮਹਾਰਾਜ! ਬੱਚਿਆਂ ਨੂੰ ਨਾਲ ਲੈ ਕੇ ਬਹੁਤ ਹੀ ਕੌਤਕ ਕਰਦੇ ਨੇ। ਉਥੇ ਦਾ ਜੋ ਹਾਕਮ ਸੀ, ਮੁਸਲਮਾਨ ਹਾਕਮ, ਉਹਨੂੰ ਵੀ ਨਵਾਬ ਰਹੀਮ ਖਾਂ ਕਿਹਾ ਜਾਂਦਾ ਸੀ ਤਾਂ ਕਹਿਣ ਲੱਗੇ ਕਿ ਸਲਾਮ ਨਹੀਂ ਕਰਨੀ। ਸੱਤ ਸਲਾਮਾਂ ਝੁਕ ਕੇ ਕਰਦੇ ਹੁੰਦੇ ਸੀ। ਕਹਿੰਦੇ ਸਲਾਮ ਨਹੀਂ ਕਰਨੀ। ਕਿਸੇ ਨੇ ਨਹੀਂ ਕਰਨੀ। ਸਗੋਂ ਚਿੜਾਉਂਦੇ ਨੇ, ਉਹ ਪਿਛੇ ਦੌੜਦੇ ਨੇ ਆਪ ਗਲੀਆਂ ਦੇ ਵਿਚ ਹੀ ਛਾਈਂ ਮਾਈਂ ਹੋ ਜਾਂਦੇ ਨੇ। ਅਖੀਰ ਨਵਾਬ ਨਾਲ ਐਸਾ ਕੌਤਕ ਵਰਤਿਆ ਕਿ ਨਵਾਬ ਆਪ ਦਾ ਸ਼ਰਧਾਲੂ ਬਣ ਗਿਆ।

ਅੱਜ ਗੁਰੂ ਮਹਾਰਾਜ ਗੁਰੂ ਨੌਵੇਂ ਪਾਤਸ਼ਾਹ, ਆਪ ਜੀ ਏਧਰ ਅਨੰਦਪੁਰ ਸਾਹਿਬ ਵਿਚ ਬੈਠੇ ਨੇ ਤੇ ਆਪ ਨੇ ਹੁਕਮ ਦੇ ਦਿਤਾ ਕਿ ਵਾਪਸ ਲੈ ਆਓ ਆਨੰਦਪੁਰ ਸਾਹਿਬ। ਜਿਸ ਵਕਤ ਆਪ ਚੱਲਣ ਲੱਗੇ, ਓਸ ਵੇਲੇ ਜਿੰਨਾਂ ਪਿਆਰ ਪਟਨੇ ਵਿਚ ਆਪ ਦਾ ਪਿਆ ਸੀ, ਜਿੰਨੀ ਗੁਰਸਿੱਖੀ ਸੀ, ਸਾਰਿਆਂ ਦੇ ਨੇਤਰਾਂ 'ਚੋਂ ਝੜੀਆਂ ਲੱਗ ਗਈਆਂ। ਬਾਰ-ਬਾਰ ਅਰਦਾਸਾਂ ਕਰਦੇ ਨੇ। ਸਾਰਿਆਂ ਤੋਂ ਵੱਧ ਜੋ ਹਾਲ ਸੀ ਉਹ ਸ਼ਿਵਦੱਤ ਬ੍ਰਾਹਮਣ ਦਾ, ਨਵਾਬ ਰਹੀਮ ਖਾਂ ਦਾ ਜਿਨ੍ਹਾਂ ਦਾ ਬਿਰਹਾ ਠਹਿਰਦਾ ਹੀ ਨਹੀਂ ਸੀ ਤੇ ਰਾਣੀ, ਜੋ ਹੈ, ਉਹ ਐਨੀ ਉਦਾਸ ਹੋਈ ਕਿ ਸੁਣਦੇ ਸਾਰ ਮੂਰਛਤ ਹੋ ਕੇ ਗਿਰ ਗਈ। ਹੈਂ ਹੁਣ ਚਲੇ ਜਾਣਗੇ, ਮੁੜ ਸਾਡਾ ਮੇਲਾ ਨਹੀਂ ਹੋਣਾ।

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥* *ਅੰਗ - ੭੦੮*

ਸਹਿ ਨਹੀਂ ਹੁੰਦਾ। ਆਪ ਨੇ ਪੂਰੇ ਵਸਤਰ ਪਹਿਨੇ ਹੋਏ, ਜਿਗਾ ਕਲਗੀ ਲੱਗੀ ਹੋਈ, ਮੋਢੇ ਦੇ ਉਤੇ ਛੋਟੀ ਜਿਹੀ ਕਮਾਨ ਹੈ, ਛੋਟਾ ਜਿਹਾ ਭੱਥਾ ਹੈ, ਆ ਕੇ ਰਾਣੀ ਨੂੰ ਸਾਵਧਾਨ ਕਰਦੇ ਨੇ ਕਿ ਮਾਤਾ! ਮਾਤਾ! ਕਿਉਂ ਐਨਾ ਬਿਰਹੋਂ ਮਹਿਸੂਸ ਕਰਦੇ ਓਂ? ਕਹਿਣ ਲੱਗੀ, ਮੈਂ ਜੀਉਂ ਨਹੀਂ ਸਕਣਾ। ਮੇਰਾ ਜੀਵਨ ਤੂੰ ਹੈਂ। ਕਹਿੰਦੇ, ਐਉਂ ਨਾ ਕਹੋ, ਜਿਸ ਵਕਤ ਬੱਚੇ ਆਉਣਗੇ, ਸਤਿਸੰਗ ਕਰਿਓ ਮੇਰੇ ਪਿਛੋਂ ਤੇ ਘੂੰਗਣੀਆਂ ਦਾ ਪ੍ਰਸ਼ਾਦ ਵਰਤਾਇਓ। ਆਹ ਮੇਰੇ ਜਿਹੜੇ ਸਾਥੀ ਬੱਚੇ ਨੇ ਇਨ੍ਹਾਂ ਨੂੰ ਪਿਆਰ ਕਰਿਓ, ਜਦ ਇਹ ਆਉਣਗੇ ਪ੍ਰਸ਼ਾਦ ਵਰਤਾਓਂਗੇ, ਵਿਚ ਬੈਠਾ ਮੈਂ ਪ੍ਰਸ਼ਾਦ ਲਿਆ ਕਰਾਂਗਾ।

ਰਹੀਮ ਖਾਂ ਨਵਾਬ ਦੋ ਭਰਾ ਸੀਗੇ, ਦੋਵੇਂ ਬਿਰਹੁੰ ਕਰਦੇ ਨੇ ਕਿ ਪਾਤਸ਼ਾਹ! ਅਸੀਂ ਕਿਵੇਂ ਜੀਉਂਏ?

ਕਹਿਣ ਲੱਗੇ, ਜਦੋਂ ਤੁਸੀਂ ਨਮਾਜ਼ ਪੜ੍ਹੋਂਗੇ ਉਸ ਵੇਲੇ ਤੁਹਾਡੇ ਸਾਮ੍ਹਣੇ ਮੈਂ ਖੜ੍ਹਾ ਹੋਇਆ ਕਰਾਂਗਾ। ਪੰਡਤ ਸ਼ਿਵਦੱਤ ਨੇ ਕਿਹਾ ਤਾਂ ਆਪ ਨੇ ਕਿਹਾ ਪੰਡਤ ਜੀ! ਜਦੋਂ ਨੇਤਰ ਬੰਦ ਕਰਕੇ ਗੰਗਾ ਦੇ ਕਿਨਾਰੇ ਆਪ ਬੈਠੋਂਗੇ ਤੇ ਜਦੋਂ ਭਜਨ ਬੰਦਗੀ ਕਰਕੇ ਨੇਤਰ ਖੋਲ੍ਹੋਂਗੇ ਤਾਂ ਤੁਹਾਡੇ ਸਾਮ੍ਹਣੇ ਖੜ੍ਹਾ ਹੋਇਆ ਕਰਾਂਗਾ। ਸਾਰਿਆਂ ਨੂੰ ਧਰਵਾਸ ਦਿੰਦੇ ਹੋਏ ਆਪ ਸਨੇ-ਸਨੇ ਚਲਦੇ-ਚਲਦੇ ਘੜਾਮ ਪਿੰਡ ਆ ਜਾਂਦੇ ਨੇ। ਉਥੇ ਹੁਕਮ ਹੋ ਗਿਆ ਕੁਛ ਦਿਨ ਠਹਿਰਨ ਦਾ। ਆਪ ਠਹਿਰੇ ਹੋਏ ਨੇ ਤੇ ਬੱਚੇ ਗੁਰੂ ਪਰਿਵਾਰ ਦੇ ਤੇ ਗੁਰਸਿੱਖਾਂ ਦੇ ਆਪ ਉਨ੍ਹਾਂ ਦੇ ਨਾਲ ਖੇਲ੍ਹ ਰਹੇ ਨੇ। ਸੱਤ ਸਾਲ ਦੀ ਉਮਰ ਹੈ, ਤਾਂ ਪੀਰ ਭੀਖਣਸ਼ਾਹ ਇਲਾਕੇ ਦਾ ਮੰਨਿਆ ਪ੍ਰਮੰਨਿਆ ਪੀਰ ਸੀ ਉਹਨੇ ਜਿਸ ਵਕਤ ਦੇਖਿਆ ਹਾਕੀ ਖੇਲ੍ਹਦਿਆਂ ਨੂੰ, ਉਸ ਵੇਲੇ ਸੱਤ ਸਲਾਮਾਂ ਕੀਤੀਆਂ। ਮੁਰੀਦਾਂ ਨੇ ਕਿਹਾ ਕਿ ਹੈਂ ਸਾਡੇ ਪੀਰ ਨਾਲੋਂ ਵੀ ਕੋਈ ਵੱਡਾ ਆ ਗਿਆ? ਪੀਰ ਜੀ! ਇਹ ਕੀ ਗੱਲ ਹੈ, ਕੀਹਨੂੰ ਤੁਸੀਂ ਸਲਾਮਾਂ ਕੀਤੀਆਂ ਨੇ। ਕਹਿੰਦੇ, ਉਹ ਬਾਲਕ ਜਿਹੜੇ ਦਿਸਦੇ ਨੇ ਤੁਹਾਨੂੰ, ਤੁਹਾਨੂੰ ਬਾਲਕ ਦਿਸਦੇ ਨੇ ਪਰ ਉਹ ਪਰਮ ਪੁਰਖ ਹੈ। ਕਹਿੰਦੇ, ਸਲਾਮਾਂ ਕਿਉਂ ਕੀਤੀਆਂ ਨੇ? ਕਹਿੰਦੇ ਕਿ ਇਸ ਕਰਕੇ ਕਿ ਇਹ ਆਦਰ ਹੈ ਇਨ੍ਹਾਂ ਦਾ। ਚਲੋ ਤੁਹਾਨੂੰ ਦਿਖਾ ਦਿੰਦੇ ਹਾਂ।

ਕਹਿੰਦੇ, ਦੋ ਭਾਂਡੇ ਲਿਆਓ ਮਠਿਆਈ ਦੇ। ਇਕ ਹਿੰਦੂਆਂ ਦਾ ਤੇ ਇਕ ਮੁਸਲਮਾਨਾਂ ਦਾ। ਦੋ ਭਾਂਡੇ ਲੈ ਆਉਂਦੇ ਨੇ, ਖੇਲ੍ਹ ਖਤਮ ਹੋ ਗਈ। ਤੇ ਗੁਰੂ ਮਹਾਰਾਜ ਦੇ ਕੋਲ ਆ ਕੇ ਸਿਜਦਾ ਕੀਤਾ ਤੇ ਸਾਮ੍ਹਣੇ ਦੋ ਭਾਂਡੇ ਰੱਖ ਦਿਤੇ। ਮਹਾਰਾਜ ਕਹਿਣ ਲੱਗੇ, ਇਕ ਹੋਰ ਲਿਆਓ। ਤਿੰਨ ਲੈ ਆਏ। ਮਹਾਰਾਜ ਜੀ ਨੇ ਪਹਿਲਾਂ ਦੋਵੇਂ ਹੱਥ ਇਕ ਦੇ ਉਤੇ ਰੱਖ ਦਿਤੇ। ਫੇਰ ਇਕ-ਇਕ ਹੱਥ ਦੋਹਾਂ ਤੇ ਰੱਖ ਦਿੱਤਾ। ਹੁਣ ਪੀਰ ਸਮਝਦਾ ਹੈ, ਕਰਨੀ ਕਮਾਈ ਵਾਲਾ ਪੀਰ ਸੀ। ਸਿਜਦਾ ਕੀਤਾ। ਉਸ ਵੇਲੇ ਮੁਰੀਦਾਂ ਨੇ ਪੁੱਛਿਆ ਕਿ ਪੀਰ ਜੀ! ਸਾਡੇ ਤਾਂ ਸਮਝ ਵਿਚ ਨਹੀਂ ਆਈ ਕੁਛ ਗੱਲ? ਸਾਨੂੰ ਵੀ ਸਮਝਾ ਦਿਓ ਕਿ ਕੀ ਤੁਹਾਡੀ ਗੱਲਬਾਤ ਹੋਈ ਹੈ? ਇਸ਼ਾਰੇ ਨਾਲ ਗੱਲਬਾਤ ਹੋਈ ਹੈ, ਤੁਸੀਂ ਵੀ ਕੋਈ ਇਸ਼ਾਰਾ ਕਰ ਰਹੇ ਸੀ, ਉਹ ਵੀ ਕੋਈ ਇਸ਼ਾਰਾ ਕਰ ਰਹੇ ਸੀ। ਕਹਿੰਦੇ, ਮੁਰੀਦੋ! ਮੈਂ ਇਹ ਜਾਨਣ ਦੀ ਕੋਸ਼ਿਸ਼ ਕਰੀ ਸੀ ਕਿ ਇਹ ਹਿੰਦੂਆਂ ਦਾ ਹੋਏਗਾ ਜਾਂ ਇਸਲਾਮ ਵਾਲਿਆਂ ਦਾ ਹੋਏਗਾ। ਪਰ ਉਨ੍ਹਾਂ ਨੇ ਇਕ ਬਰਤਨ ਹੋਰ ਮੰਗਾ ਕੇ ਕਿਹਾ ਕਿ ਅਸੀਂ ਦੋਹਾਂ ਵਾਸਤੇ ਇਕ ਸਾਂਝਾ ਰਸਤਾ ਚਲਾਵਾਂਗੇ। ਉਹਦੇ ਉਤੇ ਤਾਂ ਦੋਵੇਂ ਹੱਥ ਰੱਖ ਦਿਤੇ, ਫੇਰ ਮੈਂ ਕਿਹਾ ਕਿ ਹਿੰਦੂਆਂ ਦਾ ਤੇ ਇਸਲਾਮ ਦਾ ਤੁਹਾਡੇ ਨਾਲ ਕੀ ਸਬੰਧ ਹੋਏਗਾ? ਉਸ ਵੇਲੇ ਆਪ ਨੇ ਦੋਵੇਂ ਹੱਥ ਦੋਹਾਂ ਤੇ ਰੱਖ ਦਿਤੇ, ਇਕ ਓਧਰ ਇਕ ਓਧਰ ਕਿ ਸਾਨੂੰ ਸਾਰੇ ਸਮ ਨੇ। ਸਾਡਾ ਕਿਸੇ ਨਾਲ ਵਿਰੋਧ ਨਹੀਂ। ਸਾਡੀ ਨਿਗ੍ਹਾ ਵਿਚ ਨਾ ਕੋਈ ਹਿੰਦੂ ਹੈ, ਨਾ ਕੋਈ ਤੁਰਕ ਹੈ।

***ਕੋਊ ਭਇਓ ਮੁੰਡੀਆ ਸੰਨਿਆਸੀ***
***ਕੋਊ ਜੋਗੀ ਭਇਓ***

*ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥*
*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ*
*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥*
*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥*
*(ਅਕਾਲ ਉਸਤਿਤ)*

*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ*
*ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ, ਏਕੈ ਦੇਬ ਏਕੈ ਬਾਨ*
*ਖਾਕ ਬਾਦ ਆਤਮ ਔ ਆਬ ਕੋ ਰਲਾਉ ਹੈ॥*
*ਅਲਬ ਅਭੇਖ ਸੋਈ ਪੁਰਾਨ ਐ ਕੁਰਾਨ ਓਈ*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥*
*ਅਕਾਲ ਉਸਤਤਿ*

ਗੁਰੂ ਘਰ ਦੇ ਅੰਦਰ ਜਾਤਾਂ ਨਾਲ ਮਨੁੱਖਾਂ ਦੀ ਵੰਡ ਨਹੀਂ ਹੈ। ਨਾ ਹਿੰਦੂ ਬਹੁਤਾ ਨੇੜੇ ਨਾ ਮੁਸਲਮਾਨ ਦੂਰ, ਸਾਰੇ ਹੀ ਨੇੜੇ ਨੇ। ਨਾ ਮਸਜਿਦ ਦਾ ਤ੍ਰਿਸਕਾਰ, ਦੇਹੁਰਾ ਤੇ ਮਸਜਿਦ ਦੋਵੇਂ ਹੀ ਪ੍ਰਮੇਸ਼ਰ ਦੇ ਬੰਦਗੀ ਕਰਨ ਦੇ ਥਾਉਂ ਨੇ। ਦੋਹਾਂ ਦਾ ਹੀ ਸਤਿਕਾਰ ਬਣਦਾ ਹੈ, ਸੋ ਐਸਾ ਜੋ ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਦਾ ਆਦਰਸ਼ ਸੀ, ਆਪ ਨੇ ਸੰਸਾਰ ਵਿਚ ਲਿਆਂਦਾ ਤੇ ਸੰਸਾਰ 'ਚ ਲਿਆ ਕੇ, ਐਸੇ-ਐਸੇ ਕੌਤਕ ਨੇ ਆਪ ਦੇ ਕਿ ਸੰਸਾਰ ਗਿਣਦਾ ਚਲਿਆ ਜਾਵੇ, ਇਕ ਤੋਂ ਇਕ ਉਪਰ ਚੜ੍ਹ ਕੇ।

ਨੌਂ ਸਾਲ ਦੀ ਆਪ ਦੇ ਸਰੀਰ ਦੀ ਉਮਰ ਹੋ ਗਈ ਤੇ ਅੱਜ ਕੀ ਦੇਖਦੇ ਨੇ ਬਾਹਰੋਂ ਖੇਲ੍ਹ ਕੇ ਆਉਂਦੇ ਨੇ। ਗੁਰੂ ਮਹਾਰਾਜ ਦਾ ਦਰਬਾਰ ਲੱਗਿਆ ਹੋਇਆ ਹੈ, ਬਹੁਤ ਵੱਡੇ-ਵੱਡੇ ਧੁਰੰਤਰ ਵਿਦਵਾਨ, ਵੱਡੀਆਂ ਹਸਤੀਆਂ ਸਤਿਕਾਰਯੋਗ, ਕਿਉਂਕਿ ਉਨ੍ਹਾਂ ਦਿਨਾਂ ਦੇ ਅੰਦਰ ਬ੍ਰਾਹਮਣ ਪੂਰੇ ਕੇਸਾਧਾਰੀ ਹੋਇਆ ਕਰਦੇ ਸੀ। ਬ੍ਰਾਹਮਣ ਵਾਸਤੇ ਜ਼ਰੂਰੀ ਸੀ ਕੇਸ ਰੱਖਣੇ ਤੇ ਬਹੁਤ ਸੋਹਣੀ ਸ਼ਕਲਾਂ ਸੂਰਤਾਂ, ਚੰਗੇ ਬੰਦੇ ਗੁਰੂ ਮਹਾਰਾਜ ਦੇ ਹਜ਼ੂਰ ਬੈਠੇ ਨੇ। ਲੇਕਿਨ ਸਾਰਿਆਂ ਦੇ ਹੱਥਾਂ 'ਚ ਰੁਮਾਲ ਨੇ। ਥੋੜ੍ਹੀ-ਥੋੜ੍ਹੀ ਦੇਰ ਤੋਂ ਬਾਅਦ ਅੱਖਾਂ ਤੇ ਰੁਮਾਲ ਚਲੇ ਜਾਂਦੇ ਨੇ। ਇਕ ਵਾਰਤਾ ਸੁਣਾਉਂਦਾ ਹੈ, ਗੁਰੂ ਮਹਾਰਾਜ ਧਿਆਨ ਦੇ ਨਾਲ ਸਰਵਣ ਕਰਦੇ ਨੇ ਕਿ ਮਹਾਰਾਜ! ਹੁਣ ਤਾਂ ਜੀਉਣ ਦਾ ਹੀ ਕੋਈ ਹੱਜ ਨਾ ਰਿਹਾ। ਧਰਮ ਖਤਰੇ 'ਚ ਹੋ ਗਿਆ, ਖਤਰਾ ਹੀ ਨਹੀਂ ਧਰਮ ਖਤਮ ਹੋ ਰਿਹਾ ਹੈ। ਕਸ਼ਮੀਰ ਦੇ ਨੇ ਹਾਲਤ ਦੱਸੀ ਕਿ ਜ਼ਾਲਮ ਖਾਨ ਸ੍ਰੀ ਨਗਰ ਦਾ ਜੋ ਗਵਰਨਰ ਹੈ, ਉਹਨੇ ਇਹ ਕੰਮ ਫੜਿਆ ਹੈ ਕਿ ਸੌ ਵੱਡੇ ਮਹਾਂਪੁਰਸ਼ ਜਿਹੜੇ ਹਿੰਦੂ ਨੇ ਉਨ੍ਹਾਂ ਨੂੰ ਫੜ ਕੇ ਜੇਲ੍ਹਮ ਦਰਿਆ ਦੇ ਕੰਢੇ ਤੇ ਲੈ ਆਂਦਾ ਹੈ ਤੇ ਉਥੇ ਬੇਅੰਤ ਮੁਲਖਈਆ ਇਕੱਠਾ ਹੋਇਆ ਹੁੰਦਾ ਹੈ ਤੇ ਉਨ੍ਹਾਂ ਨੂੰ ਸਾਰਿਆਂ ਦੇ ਸਾਮ੍ਹਣੇ ਪੁੱਛਿਆ ਜਾਂਦਾ ਹੈ ਕਿ ਧਰਮ ਤਿਆਗ ਕਰਦੇ ਓਂ? ਧਰਮ ਨਾਲੋਂ ਜਾਨ ਦੇਣੀ ਤਰਜੀਹ ਬਹੁਤੇ ਕਰਦੇ ਨੇ। ਸੱਚੇ ਪਾਤਸ਼ਾਹ! ਉਥੇ ਸੰਗਲ ਦੇ ਨਾਲ ਇਕੋ ਭਰਾ ਬੰਨ੍ਹ ਲਿਆ ਜਾਂਦਾ ਹੈ ਸਾਰੇ ਬੰਦਿਆਂ ਦਾ, ਧੱਕ ਕੇ ਦਰਿਆ ਦੇ ਵਿਚ ਕਰ ਦਿੰਦੇ ਨੇ, ਉਹ ਪਾਣੀ ਹੈ ਕਿਸੇ ਦੇ ਗਲ-ਗਲ ਆਉਂਦਾ ਹੈ, ਕਿਸੇ ਦੇ ਮੂੰਹ ਵਿਚ ਪੈਣ ਲਗਣਾ ਸ਼ੁਰੂ ਹੋ ਜਾਂਦਾ ਹੈ। ਉਹ ਡੁੱਬਦੇ ਨੇ, ਹੱਥ ਪੈਰ ਮਾਰਦੇ ਨੇ ਬਚਣ ਵਾਸਤੇ ਤੇ ਅਖੀਰ ਇਹ ਹੁੰਦਾ ਹੈ ਕਿ ਸਾਰੇ ਹੀ ਡੁੱਬ ਜਾਂਦੇ ਨੇ ਤੇ ਅੱਗੇ ਜਾ ਕੇ ਸੰਗਲ ਖੋਲ੍ਹ ਲਿਆਉਂਦੇ ਨੇ ਤੇ ਬੰਦੇ ਰੁੜ੍ਹ ਜਾਂਦੇ ਨੇ। ਆਹ ਸਾਡਾ ਹਾਲ ਹੋ ਗਿਆ -

*ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥*
*ਅੰਗ - ੧੩੭੯*

ਇੱਜ਼ਤ ਸਾਡੀ ਕੋਈ ਨਹੀਂ ਹੈ, ਡੋਲਾ ਆਉਂਦਾ ਹੈ ਪਹਿਲੇ ਦਿਨ ਹੀ ਚਲਿਆ ਜਾਂਦਾ ਹੈ ਹਾਕਮਾਂ ਦੇ ਘਰ। ਨਾ ਕੋਈ ਬੱਚੀ ਦਾ ਸਤਿ ਧਰਮ ਕਾਇਮ ਹੈ, ਨਾ ਕਿਸੇ ਹੋਰ ਦਾ ਹੈ। ਨਾ ਅਸੀਂ ਪੂਜਾ ਕਰ ਸਕਦੇ ਹਾਂ, ਨਾ ਸੰਖ ਵਜਾ ਸਕਦੇ ਹਾਂ। ਪੂਜਾ ਤੇ ਪਾਬੰਦੀਆਂ ਲਗ ਗਈਆਂ, ਕੋਈ ਬਚਨ ਨਹੀਂ ਕਰ ਸਕਦੇ, ਕੋਈ ਸ਼ਾਸਤਰ ਨਹੀਂ ਪੜ੍ਹ ਸਕਦੇ, ਸ਼ਾਸਤਰ ਖੋਹ ਲਏ ਜਾਂਦੇ ਨੇ। ਜਾਲ ਦਿਤੇ ਜਾਂਦੇ ਨੇ।

ਪਾਤਸ਼ਾਹ! ਸਾਰੇ ਦੁਖੀ ਹੋ ਕੇ ਅਮਰਨਾਥ ਦੀ ਗੁਫਾ 'ਚ ਗਏ ਤੇ ਉਥੇ ਜਾ ਕੇ ਸ਼ਿਵਜੀ ਮਹਾਰਾਜ ਕੋਲ ਬੜੀਆਂ ਪੁਕਾਰਾਂ ਕੀਤੀਆਂ, ਹੇ ਪ੍ਰਭੂ! ਹੁਣ ਤੀਸਰਾ ਨੇਤਰ ਖੋਲ੍ਹ ਤੇ ਇਨ੍ਹਾਂ ਦੁਸ਼ਟਾਂ ਦਾ ਖਾਤਮਾ ਕਰ। ਮਹੀਨਾ ਲੰਘ ਗਿਆ ਪਾਤਸ਼ਾਹ! ਅਰਦਾਸਾਂ ਕਰਦਿਆਂ ਨੇ। ਕਿਸੇ ਨੇ ਜਵਾਬ ਨਹੀਂ ਦਿਤਾ, ਕੋਈ ਜਵਾਬ ਨਹੀਂ ਆਇਆ। ਐਉਂ ਲੱਗਿਆ ਜਿਵੇਂ ਰੱਬ ਹੁੰਦਾ ਹੀ ਨਹੀਂ, ਬੋਲਾ ਹੋ ਗਿਆ ਹੁੰਦਾ ਹੈ ਰੱਬ, ਕੁਛ ਨਹੀਂ ਸੁਣ ਰਿਹਾ। ਇਕ ਦਿਨ ਆਵਾਜ਼ ਆਈ ਹੈ, ਸਾਡੇ ਸਿਆਣਿਆਂ ਵਿਚੋਂ ਸੁਣੀ ਹੈ, ਸਾਰਿਆਂ ਨੇ ਨਹੀਂ ਸੁਣੀ। ਉਹ ਇਹ

ਆਈ ਹੈ ਕਿ ਐ ਪੰਡਤੋ! ਐਸ ਵੇਲੇ ਹਿੰਦੂ ਧਰਮ ਦਾ ਰਾਖਾ ਕੋਈ ਦੇਵੀ ਦੇਵਤਾ ਨਹੀਂ ਰਿਹਾ। ਕਿਉਂਕਿ ਯੁੱਗ ਬਦਲ ਚੁੱਕਿਆ ਹੈ, ਕਲਜੁਗ ਆ ਚੁੱਕਿਆ ਹੈ। ਸੋ ਦੇਵਤੇ ਨੇ ਕਿਸੇ ਨੇ ਮਦਦ ਨਹੀਂ ਕਰਨੀ। ਨਾ ਸ਼ਿਵ ਜੀ ਨੇ ਕਰਨੀ ਹੈ, ਨਾ ਕਿਸੇ ਹੋਰ ਦੇਵਤੇ ਨੇ ਕਰਨੀ ਹੈ। ਹੁਣ ਤੁਹਾਡਾ ਰਾਖਾ ਅਨੰਦਪੁਰ ਸਾਹਿਬ ਗੁਰੂ ਨਾਨਕ ਦੀ ਗੱਦੀ ਤੇ ਨੌਵਾਂ ਸਰੂਪ ਧਾਰ ਕੇ ਬੈਠਾ ਹੈ। ਜਾਓ ਉਹਦੀ ਸ਼ਰਨ ਦੇ ਵਿਚ। ਉਨ੍ਹਾਂ ਕੋਲ ਬੇਨਤੀ ਕਰੋ।

ਸੋ ਸੱਚੇ ਪਾਤਸ਼ਾਹ! ਸਾਰੇ ਭਾਰਤ ਵਰਸ਼ ਵਿਚੋਂ ਕ੍ਰਿਪਾ ਰਾਮ ਨੂੰ ਅਸੀਂ ਮੁਖੀ ਬਣਾ ਕੇ ਲਿਆਏ ਹਾਂ। ਜੋ ਗੁਰੂ ਘਰ ਦਾ ਪੰਡਤ ਵੀ ਹੈ ਤੇ ਆਪ ਦਾ ਵਿਸ਼ਵਾਸ਼ਪਾਤਰ ਵੀ ਹੈ। ਸੱਚੇ ਪਾਤਸ਼ਾਹ! ਐਸ ਵੇਲੇ ਸਾਡੀ ਬਾਂਹ ਫੜੋ, ਕੋਈ ਸੰਸਾਰ ਤੇ ਬਾਂਹ ਫੜਨ ਵਾਲਾ ਨਹੀਂ ਹੈ। ਓਸ ਵੇਲੇ ਗੁਰੂ ਦਸ਼ਮੇਸ਼ ਪਿਤਾ, ਬਾਹਰੋਂ ਖੇਲ੍ਹਦੇ ਹੋਏ ਬਾਹਰੋਂ ਆ ਜਾਂਦੇ ਨੇ, ਗੁਰੂ ਮਹਾਰਾਜ ਦਾ ਚੌਂਤਰੇ ਤੇ ਆਸਣ ਲੱਗਿਆ ਹੋਇਆ ਹੈ। ਸਟੇਜ ਜਿਹਨੂੰ ਅੱਜਕਲ੍ਹ ਕਹਿੰਦੇ ਨੇ ਤੇ ਸਾਰੇ ਜਿੰਨੇ ਵੀ ਨੁਮਾਇੰਦੇ ਆਏ ਨੇ, ਹਿੰਦੂ ਧਰਮ ਦੇ, ਭਾਰਤ ਵਰਸ਼ ਵਿਚੋਂ ਸਾਰੇ ਮੁਖੀ-ਮੁਖੀ ਪੁਰਸ਼ ਬੈਠੇ, ਬਹੁਤ ਉਦਾਸ ਗਮਗੀਨ ਬੈਠੇ ਨੇ ਤੇ ਦਿਲ ਤੋੜਨ ਵਾਲੀਆਂ ਕਥਾਵਾਂ ਕਹਿ ਰਹੇ ਨੇ। ਮਹਾਰਾਜ ਵੀ ਬਹੁਤ ਡੂੰਘੇ ਧਿਆਨ ਦੇ ਨਾਲ ਸਰਵਣ ਕਰਦੇ ਖਾਮੋਸ਼ ਨੇ। ਇਸ ਖਾਮੋਸ਼ੀ ਨੂੰ ਤੋੜਨ ਵਾਸਤੇ ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਪਿਛਲੇ ਪਾਸਿਓਂ ਸਟੇਜ ਤੇ ਚੜ੍ਹੇ, ਚੜ੍ਹ ਕੇ ਆ ਕੇ ਪਹਿਲਾਂ ਖੜ੍ਹੇ ਦੇਖਦੇ ਰਹੇ। ਥੋੜ੍ਹੀ ਦੇਰ ਤੋਂ ਬਾਅਦ ਦੋਵੇਂ ਬਾਹਵਾਂ ਪਿਤਾ ਦੇ ਗਲ ਵਿਚ ਪਾਈਆਂ। ਇਸ ਤੋਂ ਪਹਿਲਾਂ ਕੁਛ ਉਹ ਕਹਿੰਦੇ ਤੇ ਆਪ ਇਕ ਦਮ ਗੋਦੀ 'ਚ ਆ ਕੇ ਬੈਠ ਗਏ। ਮਹਾਰਾਜ ਨੇ ਨੇਤਰ ਖੋਲ੍ਹੇ ਤੇ ਉਨ੍ਹਾਂ ਵਲ ਨੇਤਰ ਕਰੇ। ਬੜੇ ਭੇਦ ਭਰੇ ਢੰਗ ਦੇ ਨਾਲ ਇਕ ਦੂਜੇ ਨੂੰ ਦੇਖਿਆ, ਉਸ ਵੇਲੇ ਆਪ ਨੇ ਬੇਨਤੀ ਕਰੀ ਕਿ ਪਾਤਸ਼ਾਹ! ਗੁਰੂ ਪਿਤਾ ਜੀ! ਕੀ ਗੱਲ ਹੈ? ਐਨੀ ਉਦਾਸੀ? ਕੌਣ ਨੇ ਇਹ ਲੋਕ? ਕੀ ਮੰਗਦੇ ਨੇ, ਕਿਹੜੀ ਚੀਜ਼ ਹੈ ਜਿਹੜੀ ਤੁਹਾਡੇ ਕੋਲ ਨਹੀਂ ਹੈ ਇਨ੍ਹਾਂ ਨੂੰ ਦੇਣ ਵਾਸਤੇ? ਓਸ ਵੇਲੇ ਸਾਰੀ ਵਿਥਿਆ ਦੱਸੀ ਕਿ ਐਸ ਤਰ੍ਹਾਂ ਇਹ ਕਹਿੰਦੇ ਨੇ, ਬੜੀ ਆਸ਼ਾ ਨਾਲ ਆਏ ਨੇ।

ਕਹਿਣ ਲੱਗੇ ਕਿ ਮਹਾਰਾਜ! ਇਨ੍ਹਾਂ ਦਾ ਇਲਾਜ ਆਪ ਨੇ ਕੀ ਸੋਚਿਆ ਹੈ?

ਆਪ ਨੇ ਕਿਹਾ ਕਿ ਇਸਦਾ ਇਲਾਜ ਜੋ ਹੈ, ਉਹ ਇਹ ਹੈ ਕਿ ਕੋਈ ਪੂਰਨ ਮਹਾਂਪੁਰਸ਼ ਬਲੀ ਦੇਵੇ ਆਪਣੇ ਸੀਸ ਦੀ। ਆਹ ਪਹਾੜ ਦਾ ਜਿਹੜਾ ਹੜ੍ਹ ਚਲ ਰਿਹਾ ਹੈ, ਇਹਦੇ ਅੱਗੇ ਛਾਤੀ ਤਾਣ ਕੇ ਖੜ੍ਹਾ ਹੋ ਜਾਵੇ। ਉਹ ਇਸ ਹੜ੍ਹ ਨੂੰ ਠੱਲ੍ਹ ਸਕਦਾ ਹੈ, ਉਹਦਾ ਵਗਿਆ ਹੋਇਆ ਖ਼ੂਨ, ਹੋਰ ਕੋਈ ਤਰੀਕਾ ਨਹੀਂ ਹੈ। ਉਸ ਵੇਲੇ ਆਪ ਨੇ ਬਹੁਤਾ ਨਹੀਂ ਸੋਚਿਆ। ਇਕ ਦਮ ਚਰਨਾਂ 'ਚ ਬੇਨਤੀ ਕਰ ਦਿਤੀ।

ਕਹਿਣ ਲੱਗੇ, ਪਿਤਾ ਜੀ! ਗੁਰੂ ਘਰ ਦਾ ਅਸੂਲ ਹੈ-

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ ॥*** ***ਅੰਗ - ੫੪੪***

ਆਪ ਦੀ ਸ਼ਰਨ ਆਏ ਨੇ, ਜਿਸ-ਜਿਸ ਨੇ ਵੀ ਆਪ ਦੀ ਸ਼ਰਨ ਲਈ ਹੈ ਕਿਉਂਕਿ ਆਪ ਜੀ ਦੀ ਕੇਵਲ ਪਿਤਾ ਭਾਵਨਾ ਨਹੀਂ ਸੀ, ਪ੍ਰਮੇਸ਼ਰ ਭਾਵਨਾ ਸੀ। ਜੋ ਵੀ ਆਪ ਦੀ ਸ਼ਰਨ ਵਿਚ ਆਇਆ ਹੈ, ਜਿਸ ਨੇ ਵੀ ਆਪ ਦੀ ਸ਼ਰਨ ਲਈ ਹੈ ਉਹ ਫੇਰ ਦੁਖੀ ਨਹੀਂ ਹੋਇਆ ਕਰਦਾ।

ਕਹਿੰਦੇ, ਪੁੱਤਰ ਬਲੀਦਾਨ ਦੇਣਾ ਹੈ।

ਕਹਿੰਦੇ ਹਾਂ, ਤੁਹਾਡੇ ਨਾਲੋਂ ਮਹਾਂਪੁਰਖ ਦੁਨੀਆਂ ਤੇ ਹੋਰ ਹੈ ਹੀ ਕੋਈ ਨਹੀਂ। ਤੁਸੀਂ ਆਪਣੇ ਸੀਸ ਦਾ ਬਲੀਦਾਨ ਦੇ ਕੇ ਰੁੜ੍ਹਦੀ ਹਿੰਦ ਨੂੰ ਬਚਾ ਲਓ। ਸੋ ਐਸਾ ਕੌਤਕ ਗੁਰੂ ਮਹਾਰਾਜ ਕਰ ਜਾਂਦੇ ਨੇ, ਸ਼ਹਾਦਤ ਦਾ ਜਾਮ ਆਪ ਦੇ ਹਿੱਸੇ ਆਉਂਦੇ ਹੈ, ਉਸ ਤੋਂ ਬਾਅਦ ਬੜੀ ਛੋਟੀ ਉਮਰ ਹੈ ਗਿਆਰ੍ਹਾਂ ਸਾਲ ਦੀ। ਨੌਂ ਸਾਲ ਦੀ ਜਦੋਂ ਆਪ ਪੰਥ ਦੀ ਵਾਗਡੋਰ ਸੰਭਾਲਦੇ ਨੇ, ਮਸੰਦਾਂ ਨਾਲ ਆਪ ਦਾ ਵਾਹ ਪੈਂਦਾ ਹੈ ਪਹਿਲਾਂ। ਮਸੰਦ ਪੂਜਾ ਦਾ ਧਾਨ ਖਾ-ਖਾ ਕੇ, ਐਨੇ ਖੋਟੀ ਮਤ ਦੇ ਹੋ ਗਏ ਸੀ। ਉਨ੍ਹਾਂ ਵਿਚ ਇਹ ਹੋ ਗਿਆ ਸੀ ਕਿ ਗੁਰੂ ਨੂੰ ਬਣਾ ਦੇਣਾ ਤੇ ਹਟਾ ਦੇਣਾ ਸਾਡੇ ਖੱਬੇ ਹੱਥ ਦੀ ਖੇਲ੍ਹ ਹੈ। ਮਹਾਰਾਜ ਨੇ ਉਹ ਮਸੰਦਪੁਣਾ ਦੂਰ ਕੀਤਾ। ਸਿੱਖਾਂ ਨਾਲ ਸਿੱਧਾ ਸਬੰਧ ਪੈਦਾ ਕਰਕੇ ਆਪ ਜੀ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਤੇ ਅੱਗੇ ਵਾਸਤੇ ਹੁਕਮ ਕੀਤਾ ਕਿ ਦੋ ਤਰ੍ਹਾਂ ਦੇ ਸਿੱਖ ਸੀਗੇ ਪਹਿਲਾਂ। ਇਕ ਨੂੰ ਤਾਂ ਪਹਿਲਾਂ ਗੁਰੂ ਕੇ ਕਿਹਾ ਜਾਂਦਾ ਸੀ, ਜਿਹੜੇ ਗੁਰੂ ਕੇ ਸਿੱਖ ਸੀ, ਉਹ ਮਸੰਦਾਂ ਦੇ ਵੀ ਸਿੱਖ ਹੋਇਆ ਕਰਦੇ ਸੀ। ਮਸੰਦ ਨਾਮ ਦਿੰਦੇ ਸੀ ਉਨ੍ਹਾਂ ਨੂੰ। ਮਸੰਦ ਕਿਉਂਕਿ ਕਰਨੀ ਕਮਾਈ ਤੋਂ ਹੀਣੇ ਐਨੇ ਹੀਣੇ ਹੋ ਚੁੱਕੇ ਸੀ, ਉਨ੍ਹਾਂ ਦੀਆਂ ਗੱਲਾਂ ਕਰਨ ਵਿਚ ਵੀ ਮਹਿਸੂਸ ਹੁੰਦਾ ਸੀ ਕਿ ਸਮਾਂ ਬਰਬਾਦ ਕਰਨਾ ਹੈ। ਐਨੇ ਗਿਰੇ

ਹੋਏ ਜੀਵਨ ਗੁਰੂ ਮਹਾਰਾਜ ਵੇਲੇ ਹੋ ਗਏ। ਉਨ੍ਹਾਂ ਨੂੰ ਤਾਂ ਕਹਿੰਦੇ ਸੀ ਗੁਰੂ ਕੇ। ਇਕ ਨੂੰ ਖਾਲਸਾ ਕਹਿੰਦੇ ਸੀ, ਜਿਹੜੇ ਸਿੱਧੇ ਗੁਰੂ ਤੋਂ ਨਾਮ ਲੈਂਦੇ ਸੀ।

ਹੁਣ ਗੁਰੂ ਮਹਾਰਾਜ ਨੇ ਕਿਹਾ ਪਿਆਰਿਓ! ਇਹ ਵਿਚਾਲੇ ਜਿਹੜੀ ਇਕ ਦੀਵਾਰ ਬਣੀ ਹੋਈ ਹੈ ਇਹ ਦੀਵਾਰ ਨਹੀਂ ਰਹਿਣ ਦੇਣੀ ਤੇ ਤੁਸੀਂ ਸਾਰੇ ਹੁਣ ਤਿਆਰੀ ਕਰਕੇ ਅੰਮ੍ਰਿਤ ਛਕੋ।

***ਹਰਿ ਸੱਚੇ ਤਖਤ ਰਚਾਇਆ***
***ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ***
***ਵਿਚਿ ਸਿਧਾਂ ਖੇਲਾ।***
***ਗੁਰੂ ਸਿਮਰਿ ਮਨਾਈ ਕਾਲਕਾ***
***ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖ਼ਾਲਸਾ ਮਨਮੁਖ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੂ ਚੇਲਾ।***
***ਭਾਈ ਗੁਰਦਾਸ ਜੀ, ਵਾਰ 41/1***

ਗੁਰੂਆਂ ਦਾ ਕੋਈ ਹਿਸਾਬ-ਕਿਤਾਬ ਨਹੀਂ ਸੀ ਰਹਿਣਾ ਜੇ ਗੁਰੂ ਮਹਾਰਾਜ ਖੰਡੇ ਬਾਟੇ ਦੇ ਅੰਮ੍ਰਿਤ ਦੀ ਰੀਤ ਨਾ ਤੋਰਦੇ। ਦੂਜਾ ਇਹ ਸੀ ਕਿ ਬ੍ਰਹਮਗਿਆਨ ਦੇ ਵਿਚ ਤਾਂ ਗੁਰਸਿੱਖ ਪੂਰੇ ਹੋ ਗਏ ਸੀ। ਦੇਹ-ਅਧਿਆਸ ਟੁੱਟ ਚੁੱਕਿਆ ਸੀ। ਦੇਹ ਨੂੰ ਵੀ ਕਿਸੇ ਕੰਮ ਵਿਚ ਲਾਉਣ ਵਾਸਤੇ ਆਪ ਨੇ ਬੀਰ ਰਸ ਦਾ ਟੀਕਾ ਲਾਇਆ ਕਿ ਜ਼ੁਲਮ ਨੂੰ ਚੁੱਪ ਕਰਕੇ ਨਹੀਂ ਸਹਿਣਾ। ਧਰਮ ਦੀ ਹਾਨੀ ਹੁੰਦੀ ਦੇਖ ਕੇ ਨੱਠਣਾ-ਭੱਜਣਾ ਨਹੀਂ, ਉਥੇ ਆਪਣੀ ਦੇਹ ਦਾ ਬਲੀਦਾਨ ਦੇਣਾ ਹੈ। ਪਹਿਲਾਂ ਦਿਵਾ ਕੇ ਦਿਖਾਇਆ ਆਪਣੇ ਪਿਤਾ ਦਾ। ਫੇਰ ਆਪਣੇ ਚਾਰੇ ਸਾਹਿਬਜ਼ਾਦਿਆਂ ਦਾ ਬਲੀਦਾਨ ਦਿਵਾ ਕੇ ਦਿਖਾਇਆ। ਬੇਅੰਤ ਆਪਣੇ ਪਿਆਰੇ ਗੁਰਸਿੱਖਾਂ ਦਾ, ਰਿਸ਼ਤੇਦਾਰਾਂ ਦਾ, ਮਾਤਾ ਜੀ ਦਾ ਪਿਤਾ ਜੀ ਦਾ। ਸਾਰੇ ਬਲੀਦਾਨ ਦੇ ਕੇ ਪਹਿਲਾਂ ਦਿਖਾਏ। ਜਾਚ ਸਿਖਾਈ ਕਿ ਪਿਆਰਿਓ! ਨਾ ਕਿਸੇ ਨੂੰ ਡਰਾਉਣਾ ਹੈ ਤੇ ਨਾ ਕਿਸੇ ਤੋਂ ਡਰਨਾ ਹੈ। ਨਾਲ ਇਹ ਫੁਰਮਾਨ ਕੀਤਾ ਕਿ ਤੁਸੀਂ ਕਿਸੇ ਹੋਰ ਦਾ ਜਾਪ ਨਹੀਂ ਕਰਨਾ, ਹੋਰ ਕੋਈ ਮੰਤਰ ਨਹੀਂ ਸਿਮਰਨਾ। ਅਕਾਲ ਪੁਰਖ ਜਾਗਦੀ ਜੋਤ ਹੈ ਹਰੇਕ ਦੇ ਨਾਲ ਹੈ। ਘਟ-ਘਟ ਵਿਚ ਵਿਆਪਕ ਹੈ। ਅੰਦਰ ਬਾਹਰ ਓਹੀ ਹੈ।

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥* *ਅੰਗ - ੨੯੩*

ਐਸਾ ਜੋ ਅਕਾਲਪੁਰਖ ਹੈ, ਤੁਹਾਡੇ ਨਾਲ ਰਹਿਣ ਵਾਲਾ, ਤੁਹਾਡੀ ਸਾਸ-ਸਾਸ ਪ੍ਰਤਿਪਾਲਣਾ ਕਰਨ ਵਾਲਾ, ਹਰ ਥਾਂ ਤੇ ਤੁਹਾਡੀ ਸਹਾਇਤਾ ਕਰਨ ਵਾਲਾ, ਉਹਦਾ ਧਿਆਨ ਧਰੋ, ਹੋਰ ਨਾ ਕਿਸੇ ਨੂੰ ਜਪਿਓ -

***ਜਾਗਤ ਜੋਤਿ ਜਪੈ ਨਿਸ ਬਾਸੁਰ***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ***
***ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਦੋ ਗੱਲਾਂ ਮਹਾਰਾਜ ਕਹਿੰਦੇ, ਇਕ ਤਾਂ ਪੂਰੀ ਪ੍ਰਤੀਤ ਹੋਵੇ, ਵਾਹਿਗੁਰੂ ਮੇਰੇ ਨਾਲ ਸਦਾ ਅੰਗ ਸੰਗ ਹੈ। ਇਕ ਖਾਲੀ ਨਾ ਹੋਵੇ, ਪਿਆਰ ਵੀ ਉਹਦੇ ਨਾਲ ਹੋਵੇ। ਬਾਕੀ ਕਿਸੇ ਕਬਰ ਨੂੰ, ਕਿਸੇ ਮੜ੍ਹੀ ਨੂੰ, ਕਿਸੇ ਗੁਫਾ ਨੂੰ ਕਿਸੇ ਨੂੰ ਮੱਥਾ ਨਹੀਂ ਟੇਕਣਾ, ਜਦ ਸੀਸ ਗੁਰੂ ਨੂੰ ਦੇ ਦਿਤਾ। ਇਹ ਸੀਸ ਜਾਂ ਤਾਂ ਗੁਰੂ ਦੇ ਪਿਆਰਿਆਂ ਅੱਗੇ ਨਿਵੇਗਾ ਜਾਂ ਗੁਰੂ ਅੱਗੇ ਨਿਵੇਗਾ, ਹੋਰ ਕਿਸੇ ਅੱਗੇ ਨਹੀਂ ਨਿਵਣਾ, ਨਾ ਦੁਨੀਆਂ ਦੇ ਬਾਦਸ਼ਾਹਾਂ ਦੇ ਅੱਗੇ ਨਿਵਣਾ ਹੈ, ਕਿਉਂਕਿ ਸਿੱਖ ਬੇਗਰਜ਼ ਹੁੰਦਾ ਹੈ -

*ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥*
*ਅੰਗ - ੧੩੭੩*

ਬੁਰਾ ਕਿਸੇ ਦਾ ਨਹੀਂ ਕਰਨਾ, ਭਲਾ ਸਭ ਦਾ ਮਨਾਉਣਾ ਹੈ, ਦਿਲੋਂ ਅਰਦਾਸ ਕਰਨੀ ਹੈ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਕਿਸੇ ਨਾਲ ਦ੍ਵੈਖ ਨਹੀਂ ਕਰਨੀ, ਕਿਸੇ ਦਾ ਬੁਰਾ ਨਹੀਂ ਚਿਤਵਣਾ, ਕਿਸੇ ਦੀ ਨਿੰਦਿਆ ਨਹੀਂ ਕਰਨੀ,

ਈਰਖਾ 'ਚ ਨਹੀਂ ਆਉਣਾ, ਜਿਹੜਾ ਈਰਖਾ ਦੇ ਵਿਚ ਆਉਂਦਾ ਹੈ ਸਿੱਖ, ਉਹ ਸਿੱਖ ਹੀ ਨਹੀਂ ਹੈ, ਜਿਹੜਾ ਗੁਰਸਿੱਖ ਗੁਰਸਿੱਖ ਦੀ ਨਿੰਦਿਆ ਕਰਦਾ ਹੈ, ਉਹ ਸਿੱਖ ਹੀ ਨਹੀਂ ਹੈਗਾ ਕਿਉਂਕਿ ਉਹਨੂੰ ਪਤਾ ਹੀ ਨਹੀਂ, ਸਿਧਾਂਤ ਦਾ ਹੀ ਨਹੀਂ ਪਤਾ ਗੁਰੂ ਦੇ ਕਿ ਗੁਰੂ ਮਹਾਰਾਜ ਕਹਿੰਦੇ ਕੀ ਨੇ। ਐਵੇਂ ਹੀ ਹੁੰਦੇ ਨੇ ਉਤੋਂ ਭੇਖ ਧਾਰੇ ਹੋਏ। ਉਂਞ ਨਿੰਦਿਆ ਕਰਦੇ, ਚੁਗਲੀਆਂ ਕਰਦੇ, ਈਰਖਾ ਕਰਦੇ। ਈਰਖਾ ਦੇ ਨਾਲ ਸ਼ਬਦ-ਕੁਸ਼ਬਦ ਬੋਲਦੇ ਨੇ। ਮਹਾਰਾਜ ਕਹਿੰਦੇ ਐਉਂ ਗੁਰਸਿੱਖ ਦਾ ਜੀਵਨ ਨਹੀਂ ਹੁੰਦਾ। ਗੁਰਸਿੱਖ ਨੇ ਤਾਂ ਅਕਾਲ ਪੁਰਖ ਨੂੰ ਘਟ-ਘਟ 'ਚ ਵਿਆਪਕ ਦੇਖਣਾ ਹੈ।

***ਤੀਰਥ ਦਾਨ ਦਇਆ ਤਪ ਸੰਜਮ***
***ਏਕ ਬਿਨਾ ਨਹਿ ਏਕ ਪਛਾਨੈ॥***

ਇਕ ਨਾਮ ਤੋਂ ਬਗੈਰ ਹੋਰ ਕਿਸੇ ਚੀਜ਼ ਦੀ ਮਹਾਨਤਾ ਨਾ ਲਿਆਵੇ ਮਨ ਵਿਚ। ਜਦ ਪੂਰਨ ਜੋਤ ਜਗ ਜਾਏ ਸਾਰੇ ਤੇ ਅੰਦਰ ਬਾਹਰ ਸਾਰੇ ਪ੍ਰਮੇਸ਼ਰ ਦੇ ਦਰਸ਼ਨ ਹੋਣ ਲਗ ਜਾਣ ਤਾਂ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ ॥ ਅੰਗ - ੨੯੩*

ਇਹ ਜਦੋਂ ਮਨ ਦੇ ਪ੍ਰਕਾਸ਼ ਦੀ ਜੋਤ ਜਗ ਪਵੇ ਨਾ ਅੰਦਰ ਕਹਿੰਦੇ -

***ਤਬ ਖ਼ਾਲਸਾ ਤਾਹਿ ਨਖ਼ਾਲਸ ਜਾਨੈ॥***

ਉਨ੍ਹਾਂ ਨਖਾਲਸ ਬੰਦਿਆਂ 'ਚੋਂ ਓਸ ਨੂੰ ਖਾਲਸਾ ਜਾਣੋ। ਸੋ ਇਸ ਤਰ੍ਹਾਂ ਦਾ ਉਪਦੇਸ਼ ਦੇਣ ਤੋਂ ਬਾਅਦ ਮਹਾਰਾਜ ਕਹਿੰਦੇ ਪਿਆਰਿਓ! ਜੇ ਤੁਸੀਂ ਅਕਾਲ ਪੁਰਖ ਦੇ ਲੜ ਲੱਗੋਂਗੇ। ਗੁਰੂ ਦੇ ਨਾਲ ਮਿਲ ਕੇ ਰਹੋਂਗੇ ਤਾਂ ਗੁਰੂ ਦੀ ਸ਼ਕਤੀ ਤੁਹਾਡੇ ਵਿਚ ਪ੍ਰਵੇਸ਼ ਕਰਦੀ ਰਹੇਗੀ ਤੇ ਮੇਰਾ ਤੇਜ ਤੁਹਾਡੇ ਵਿਚ ਵਰਤੇਗਾ-

***ਖਾਲਸਾ ਅਕਾਲ ਪੁਰਖ ਕੀ ਫੌਜ।***
***ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।।***
***ਜਬ ਲਗ ਖ਼ਾਲਸਾ ਰਹੇ ਨਿਆਰਾ।***
***ਤਬ ਲਗ ਤੇਜ ਦੀਉ ਮੈਂ ਸਾਰਾ॥***
***ਜਬ ਇਹ ਗਹੈ ਬਿਪਰਨ ਕੀ ਰੀਤ।***
***ਮੈਂ ਨ ਕਰੋਂ ਇਨ ਕੀ ਪ੍ਰਤੀਤ॥***

ਐਸੇ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜਿਹਨੇ ਆਪਣਾ ਤੇਜ ਵੀ ਦੇ ਦਿਤਾ, ਆਪਣੀ ਸ਼ਕਤੀ ਵੀ ਦੇ ਦਿਤੀ, ਇਥੇ ਹੀ ਨਹੀਂ ਗੁਰੂ ਪਦਵੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਪੰਜ ਸਿੰਘਾਂ ਨੂੰ ਦੇ ਦਿਤੀ। ਅਧਿਕਾਰ ਦੇ ਦਿਤਾ ਕਿ ਤੁਸੀਂ ਅੱਗੇ ਅੰਮ੍ਰਿਤ ਛਕਾ ਕੇ ਗੁਰੂ ਵਾਲਾ ਕੰਮ ਕਰੋ। ਨਾਮ ਦੀ ਦਾਤ ਦੇਵੋ।

ਮਹਾਰਾਜ! ਸਾਡੇ ਉਤੇ ਔਕੜਾਂ ਆਉਂਦੀਆਂ ਨੇ, ਵਿਘਨ ਆਉਂਦੇ ਨੇ? ਮੰਤਰਾਂ-ਜੰਤਰਾਂ ਵਾਲੇ ਸਾਨੂੰ ਤੰਗ ਕਰਦੇ ਨੇ, ਕੋਈ ਵਿਧੀ ਦੱਸੋ। ਮਹਾਰਾਜ ਕਹਿੰਦੇ ਜਿਥੇ ਪੰਜ ਸਿੰਘ ਕਰਨੀ ਕਮਾਈ ਵਾਲੇ ਆ ਕੇ ਪ੍ਰਵੇਸ਼ ਕਰਨਗੇ ਉਨ੍ਹਾਂ ਦੀ ਸੇਵਾ ਕਰੋ, ਪ੍ਰਸ਼ਾਦ ਛਕਾਓ। ਜੋ ਮੰਗਣਾ ਹੈ ਉਨ੍ਹਾਂ ਤੋਂ ਮੰਗ ਲਓ, ਮੈਂ ਉਨ੍ਹਾਂ ਦੀ ਰਸਨਾ ਤੇ ਹੋਵਾਂਗਾ।

***ਪੰਥ ਖਾਲਸਾ ਖੇਤੀ ਮੇਰੀ***
***ਕਰਹੂੰ ਸੰਭਾਲ ਮੈ ਤਿਸ ਕੇਰੀ।***

ਮੈਂ ਸੰਭਾਲ ਕਰਨੀ ਹੈ ਛੱਡ ਕੇ ਨਹੀਂ ਚਲਿਆ ਜਾਣਾ ਕਿ ਹਾਕਾਂ ਮਾਰੋ ਮੈਨੂੰ। ਸ਼ਬਦ ਦੇ ਵਿਚ ਮੈਂ ਆਪਣੇ ਆਪ ਨੂੰ ਲੀਨ ਕਰ ਲਵਾਂਗਾ। ਸ਼ਬਦ ਦੀ ਕਮਾਈ ਕਰੋ, ਸ਼ਬਦ ਨੂੰ ਸਮਝੋ, ਸ਼ਬਦ ਨੂੰ ਹਿਰਦੇ ਵਿਚ ਵਸਾਓ, ਫੇਰ ਤੁਹਾਡਾ ਇਥੇ ਹੀ ਰਾਜ ਨਹੀਂ ਹੋਣਾ, ਰਾਜ ਤੁਹਾਡਾ ਆਕਾਸ਼ਾਂ ਵਿਚ ਵੀ ਹੋਏਗਾ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ - ੧੮੬*

ਲੇਕਿਨ ਖਾਲਸਾ ਬਣ -

***ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ***
***ਰੰਚਕ ਨਾਹਨ ਭੇਵ॥***

ਜੋ ਆਤਮ ਰਸੀਆ ਹੋ ਗਿਆ, ਜਿਹਨੇ ਦ੍ਵੈਤ ਦੀ ਕੰਧ ਢਾਹ ਦਿਤੀ, ਇਕੋ ਪ੍ਰਮੇਸ਼ਰ ਸਾਰਿਆਂ ਵਿਚ ਦੇਖਣ ਲੱਗ ਗਿਆ। ਕਹਿੰਦੇ, ਜੋ ਆਤਮਾ ਦੇ ਮੰਡਲ ਦੇ ਵਿਚ ਪ੍ਰਵੇਸ਼ ਕਰਕੇ ਓਸ ਮਹਾਨ ਰਸ ਨੂੰ ਮਾਣਦਾ ਹੈ, ਉਹ ਖਾਲਸਾ ਹੋਇਆ ਕਰਦਾ ਹੈ। ਭੇਖ ਨੂੰ ਖਾਲਸਾ ਨਹੀਂ ਕਿਹਾ ਕਿ ਖਾਲਸਾ ਹੋ ਗਿਆ ਜੀ। ਖਾਲਸਾ ਉਹ ਹੈ ਜਿਹਦੇ ਅੰਦਰ ਗਿਆਨ ਹੈ। ਜਿਹਨੂੰ ਇਕੋ ਪ੍ਰਮੇਸ਼ਰ ਹਰ ਥਾਂ ਨਜ਼ਰ ਆਉਂਦਾ ਹੈ। ਕਹਿੰਦੇ, ਉਹ ਖਾਲਸਾ ਹੈ -

***ਪ੍ਰਭ ਮਹਿ, ਮੋਹ ਮੈ ਤਾਸ ਮਹਿ***
***ਰੰਚਕ ਨਾਹਨ ਭੇਦ।***

ਮੇਰੇ ਵਿਚ ਤੇ ਵਾਹਿਗੁਰੂ ਵਿਚ ਤੇ ਉਹਦੇ ਵਿਚ ਕੋਈ ਭੇਦ ਨਾ ਜਾਣੇ। ਅਸੀਂ ਇਕੋ ਰੂਪ ਹਾਂ ਤਿੰਨੋ। ਸੋ ਇਸ ਤਰ੍ਹਾਂ ਦੇ ਸਿਧਾਂਤ ਗੁਰੂ ਮਹਾਰਾਜ ਨੇ ਸੰਸਾਰ ਨੂੰ ਦਿਤੇ। ਜਿਨ੍ਹਾਂ ਦਾ ਅਸੀਂ ਪ੍ਰਚਾਰ ਨਹੀਂ ਕਰ ਸਕੇ ਸਾਧਸੰਗਤ ਜੀ। ਕੋਈ ਤਾਂ ਉਨ੍ਹਾਂ ਦੇ ਯੁੱਧਾਂ ਦਾ ਹੀ ਹਾਲ ਦੱਸੀ ਜਾਂਦਾ ਹੈ ਕਿ ਐਉਂ ਉਨ੍ਹਾਂ ਨੇ ਕੁਰਬਾਨੀਆਂ ਦਿਤੀਆਂ, ਐਉਂ ਲੜਾਈ ਲੜੀ, ਐਉਂ ਲੜੀ। ਬੜੇ ਜਰਨੈਲਾਂ ਨੇ ਲੜੀਆਂ ਪਰ ਉਨ੍ਹਾਂ ਦੀ ਵਿਸ਼ੇਸ਼ਤਾ ਸੀ। ਸ਼ਹੀਦੀਆਂ ਵੀ ਬਹੁਤ ਨੇ ਦਿਤੀਆਂ ਨੇ, ਇਸਲਾਮ ਵਾਲਿਆਂ ਨੇ ਬਹੁਤ ਸ਼ਹੀਦੀਆਂ ਦਿਤੀਆਂ ਨੇ, ਲੇਕਿਨ ਇਹ ਇਕ ਨਿਵੇਕਲੀ ਜਿਹੀ ਚੀਜ਼ ਹੈ ਕਿ ਹੋਣ ਤਾਂ ਬ੍ਰਹਮਗਿਆਨੀ ਤੇ ਸੰਸਾਰ ਦੇ ਵਿਚੋਂ ਨੱਠਣ ਨਾ, ਭੱਜਣ ਨਾ, ਵਿਚ ਰਹਿਣ ਤੇ ਰਾਖੀ ਕਰਨ। ਜਦੋਂ ਸੰਸਾਰ ਤੇ ਕੋਈ ਦੁੱਖ ਆ ਪਵੇ, ਫੇਰ ਇਹ ਨਹੀਂ ਕਿ ਦੂਰੋਂ ਬੈਠੇ ਦੇਖਦੇ ਰਹਿਣ। ਨਾਹ ਵਿਚ ਜਾਣ ਉਹਦੇ। ਦੁਖੀਆਂ ਦੇ ਨਾਲ ਮਿਲਣ, ਉਨ੍ਹਾਂ ਦਾ ਦੁੱਖ ਦੂਰ ਕਰਨ। ਜਿਥੇ ਤੱਕ ਤਾਣ ਦਿਤਾ ਹੈ –

*ਜੈਸਾ ਬਿਤੁ ਤੈਸਾ ਹੋਇ ਵਰਤੈ*
*ਅਪੁਨਾ ਬਲੁ ਨਹੀ ਹਾਰੈ ॥* *ਅੰਗ – ੬੭੯*

ਜਿੰਨਾਂ ਕੁ ਤਾਣ ਦਿਤਾ ਹੈ ਸਾਂਝਾ ਕਰਨ ਸਾਰਿਆਂ ਦੇ ਨਾਲ, ਆਪਣੇ ਸੁਖ ਨੂੰ ਛੱਡਣ ਥੋੜ੍ਹਾ-ਥੋੜ੍ਹਾ। ਖਾਲਸੇ ਦਾ ਧਰਮ ਹੁੰਦਾ ਹੈ ਦੁਖਾਂ ਨੂੰ ਨਵਿਰਤ ਕਰਨਾ, ਉਨ੍ਹਾਂ ਦੇ ਵਿਚ ਜਾਣਾ। ਉਨ੍ਹਾਂ ਦੇ ਦੁਖਾਂ ਨੂੰ ਅਨੁਭਵ ਕਰਕੇ ਆਪਣੇ ਬਣਾਉਣਾ। ਸੋ ਇਹ ਆਦਰਸ਼ ਹੈ। ਜਦੋਂ ਇਹ ਆਦਰਸ਼ ਫੈਲੇਗਾ, ਸਾਰੇ ਸੰਸਾਰ ਨੂੰ ਆਪਣੇ ਕਲਾਵੇ 'ਚ ਲੈ ਲਏਗਾ। ਲੌਸਐਂਜਲਸ (ਅਮਰੀਕਾ) 'ਚ ਭੁਚਾਲ ਆ ਗਏ। ਬਹੁਤ ਸਾਰੇ ਘਰ ਹਜ਼ਾਰਾਂ ਦੀ ਤਾਦਾਦ ਵਿਚ ਗਿਰ ਗਏ, ਕਰੋੜਾਂ ਮਿਲੀਅਨ ਅਰਬਾਂ ਡਾਲਰਾਂ ਦਾ ਨੁਕਸਾਨ ਹੋ ਗਿਆ। ਦਰਦ ਹੋਣਾ ਦਰਦਵੰਦਾਂ ਦੇ ਮਨਾਂ ਵਿਚ ਕਿ ਮਾੜਾ ਹੋਇਆ। ਅਮਰੀਕਾ ਵਿਚ ਅਸੀਂ ਚਾਹੇ ਜਾਣਦੇ ਹਾਂ, ਚਾਹੇ ਨਹੀਂ ਜਾਣਦੇ। ਪਰ ਖਾਲਸੇ ਦੇ ਮਨ ਵਿਚ ਦਰਦ ਹੈ ਕਿ ਕਿਵੇਂ ਕਰਿਆ ਜਾਵੇ, ਕਿਵੇਂ ਉਨ੍ਹਾਂ ਦੀ ਮਦਦ ਕੀਤੀ ਜਾਵੇ। ਜੇ ਅੰਦਰ ਇਹ ਜਜ਼ਬਾ ਨਹੀਂ ਨਾ ਤਾਂ ਆਦਮੀ ਪਸ਼ੂ ਬਰਾਬਰ ਹੋਇਆ ਕਰਦਾ ਹੈ। ਉਹ ਖੁਦਗਰਜ਼ ਹੋਇਆ ਕਰਦਾ ਹੈ। ਆਪਣੇ ਵਾਸਤੇ ਜੀਉਂਦਾ ਹੈ, ਮਨੁੱਖ ਵਿਸ਼ਵ-ਵਾਦੀ (universal man) ਨਹੀਂ ਹੁੰਦਾ। ਗੁਰੂ ਦਸ਼ਮੇਸ਼ ਪਿਤਾ ਨੇ ਖਾਲਸੇ ਨੂੰ ਵਿਸ਼ਵ-ਵਾਦੀ ਮਨੁੱਖ (universal man) ਬਣਾਇਆ ਹੈ। ਇਹਦਾ ਜੋ ਸਿਧਾਂਤ ਹੈ ਸਾਰੇ ਵਿਸ਼ਵ (Universe) ਵਾਸਤੇ ਹੈ, ਅੱਜ ਦੀ ਦੁਨੀਆਂ ਨੂੰ ਜੇ ਸ਼ਾਂਤੀ ਦੇ ਸਕਦਾ ਹੈ ਤਾਂ ਇਹ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਸਿਧਾਂਤ ਸ਼ਾਂਤੀ ਦੇ ਸਕਦਾ ਹੈ। ਵੈਰ ਨਹੀਂ ਕਰਨਾ –

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥* *ਅੰਗ – ੧੨੯੯*

ਜਦੋਂ ਗੁਰੂ ਸਾਹਿਬ ਅਨੰਦਪੁਰ ਸਾਹਿਬ ਤੋਂ ਮਾਛੀਵਾੜੇ ਜਾਂਦੇ ਨੇ, ਉਥੇ ਗਵਾਹੀਆਂ ਲੈਂਦੇ ਨੇ ਕਿ ਇਹ ਗੁਰੂ ਗੋਬਿੰਦ ਸਿੰਘ ਹੈ, ਕੌਣ ਹੈ? ਗਵਾਹੀ ਦੇਣ ਵਾਲੇ ਕੌਣ ਆਉਂਦੇ ਨੇ? ਉਹ ਮੁਸਲਮਾਨ ਆਉਂਦੇ ਨੇ। ਮੰਜਾ ਚੁੱਕਣ ਵਾਲੇ ਕੌਣ ਆਉਂਦੇ ਨੇ, ਮੁਸਲਮਾਨ ਆਉਂਦੇ ਨੇ। ਜਿਥੇ ਜਾ ਕੇ ਮਹਾਰਾਜ ਤਿੰਨ ਚਾਰ ਮਹੀਨੇ ਰਹੇ, ਰਾਏ ਕੱਲੇ ਦੇ ਪਾਸ, ਉਹ ਕੌਣ ਸੀ? ਮੁਸਲਮਾਨ ਸੀ। ਪਰਵਾਹ ਨਹੀਂ ਕਰੀ ਕਿ ਉਪਰੋਂ ਹੁਕਮ ਆਉਣਗੇ, ਮੈਂ ਰਾਜਾ ਹਾਂ ਮੇਰਾ ਰਾਜ ਜ਼ਬਤ ਹੋ ਜਾਏਗਾ। ਨਾਹ! ਐਨੀ ਗੁਰੂ ਦਸ਼ਮੇਸ਼ ਪਿਤਾ ਦੀ ਸ਼ਖਸ਼ੀਅਤ ਹਿੰਦੂਆਂ ਤੇ ਮੁਸਲਮਾਨਾਂ ਸਭ ਦੇਸ਼ ਵਾਸੀਆਂ ਦੇ ਮਨਾਂ ਵਿਚ ਘਰ ਕਰ ਗਈ ਸੀ ਕਿ ਆਪਣੇ ਆਪ ਨੂੰ ਵੱਡੀ ਤੋਂ ਵੱਡੀ ਤਕਲੀਫ ਵਿਚ ਪਾ ਕੇ ਵੀ ਗੁਰੂ ਮਹਾਰਾਜ ਦੀ ਮਦਦ ਕਰਕੇ ਖੁਸ਼ੀਆਂ ਪ੍ਰਾਪਤ ਕਰਨ ਦਾ ਇਕੋ ਆਸ਼ਾ ਸੀ। ਸੋ ਐਸੀ ਸ਼ਖਸ਼ੀਅਤ ਸੰਸਾਰ ਦੇ ਅੰਦਰ ਬਹੁਤ ਘੱਟ ਆਉਂਦੀ ਹੈ।

ਸੋ ਅਸੀਂ ਭਾਗਾਂ ਵਾਲੇ ਕਹਿ ਸਕਦੇ ਹਾਂ ਆਪਣੇ ਆਪ ਨੂੰ ਕਿ ਅਸੀਂ ਓਸ ਖਾਨਦਾਨ ਨਾਲ ਸਬੰਧ ਰਖਦੇ ਹਾਂ, ਸਾਡਾ ਸਬੰਧ ਹੈ, ਸਬੰਧ ਵੀ ਕਿੰਨਾ ਹੈ ਕਿ ਸਾਡਾ ਨਾਦੀ ਪਿਤਾ ਹੈ ਗੁਰੂ ਦਸ਼ਮੇਸ਼ ਪਿਤਾ, ਮਾਤਾ ਸਾਹਿਬ ਕੌਰ ਸਾਡੀ ਮਾਤਾ ਹੈ। ਅਨੰਦਪੁਰ ਦੇ ਅਸੀਂ ਵਾਸੀ ਹਾਂ। ਕਿੰਨਾ ਨੇੜੇ ਆ ਕੇ, ਫੇਰ ਦੂਰ ਹੋਏ ਫੇਰ ਇਕ ਦੂਜੇ ਦਾ ਵਿਸ਼ਵਾਸ਼ ਨਾ ਕਰੇ, ਇਕ ਦੂਜੇ ਦੀ ਨਿੰਦਿਆ ਕਰੇ ਤਾਂ ਉਹ ਮੂਰਖ ਨਹੀਂ ਤਾਂ ਹੋਰ ਕੀ ਹੈ? ਮਹਾਂਮੂਰਖ ਹੈ, ਉਹਨੇ ਗੁਰਸਿੱਖੀ ਨੂੰ ਜਾਣਿਆ ਹੀ ਨਹੀਂ ਕਿ ਗੁਰਸਿੱਖੀ ਕੀ ਹੁੰਦੀ ਹੈ? ਸੋ ਇਸ ਕਰਕੇ ਸਾਧਸੰਗਤ ਜੀ! ਆਪ ਨੇ ਸਾਰਿਆਂ ਨੇ ਗੁਰੂ ਦਸ਼ਮੇਸ਼ ਪਿਤਾ ਬਾਰੇ ਜਿੰਨਾ ਕੁ ਵੀ ਹੋ ਸਕਿਆ ਹੈ, ਸਰਵਣ ਕਰਿਆ ਹੈ।

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-17)*

ਐਸਾ ਵੀ ਫੁਰਮਾਨ ਹੈ -

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆ***
***ਲੁਕਿ ਅੰਦਰਿ ਠਾਣੀ॥***
***ਸੰਨੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥***
***ਅੰਗ - ੩੧੫***

ਦਸਾਂ ਨੌਹਾਂ ਦੀ ਕਿਰਤ ਕਰਕੇ ਮਾਇਆ ਕਮਾ ਲੈਣੀ, ਫੇਰ ਪੂਰੇ ਜ਼ਬਤ ਨਾਲ ਰਹਿ ਕੇ ਵਪਾਰ ਕਰਨਾ, ਮਿਹਨਤ ਕਰਨੀ, ਇਸਦੇ ਬਦਲੇ ਜੋ ਘਰ ਵਿਚ ਧਨ ਆਉਂਦਾ ਹੈ ਉਸ ਨੂੰ ਜੇ ਅਸੀਂ ਪੂਰੀ ਸਾਸ਼ਤਰ ਮਰਿਆਦਾ ਦੇ ਮੁਤਾਬਿਕ ਵਰਤਦੇ ਹਾਂ ਤਾਂ ਅਸਾਨੂੰ ਮਾਇਆ ਦਾ ਕੋਈ ਦੋਸ਼ ਨਹੀਂ ਲਗਦਾ ਅਤੇ ਨਾ ਹੀ ਕੋਈ ਵਾਸ਼ਨਾ ਜਾਪਦੀ ਹੈ। ਜਦੋਂ ਆਦਮੀ ਸ਼ੁਭ ਕੰਮਾਂ ਦੇ ਵਾਸਤੇ ਆਪਣੀ ਕਮਾਈ ਵਿਚੋਂ ਮਾਇਆ ਦਿੰਦਾ ਹੈ ਉਸ ਵੇਲੇ ਉਸ ਦਾ ਮੋਹ ਮਾਇਆ ਨਾਲੋਂ ਟੁੱਟ ਰਿਹਾ ਹੁੰਦਾ ਹੈ। ਜੋ ਮਾਇਆ ਉਸ ਨੂੰ ਸ਼ੁਭ ਵਣਜ ਵਪਾਰ ਕਰਕੇ, ਨੌਕਰੀ ਚਾਕਰੀ ਕਰਕੇ ਪ੍ਰਾਪਤ ਹੁੰਦੀ ਹੈ, ਉਹ ਸ਼ਾਂਤੀ ਬਖਸ਼ਦੀ ਹੈ ਅਤੇ ਦਰਗਾਹ ਵਿਚ ਜਾ ਕੇ ਵੀ ਓਹ ਮਾਇਆ ਸਹਾਇਤਾ ਕਰਦੀ ਹੈ ਜਿਵੇਂ ਕਿ ਫੁਰਮਾਨ ਹੈ -

***ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥***
***ਅੰਗ - ੪੭੨***

***ਘਾਲਿ ਖਾਇ ਕਿਛੁ ਹਥਹੁ ਦੇਇ॥***
***ਨਾਨਕ ਰਾਹੁ ਪਛਾਣਹਿ ਸੇਇ॥***
***ਅੰਗ - ੧੨੪੫***

ਇਸ ਤਰ੍ਹਾਂ ਇਹ ਮਾਇਆ ਦਰਗਾਹ ਦੇ ਵਿਚ ਸਹਾਇਤਾ ਕਰਿਆ ਕਰਦੀ ਹੈ ਅਤੇ ਸਵਰਗ ਦੇ ਅਨੇਕ ਸੁੱਖ ਇਸ ਦੇ ਬਦਲੇ ਪ੍ਰਾਪਤ ਹੋ ਜਾਇਆ ਕਰਦੇ ਹਨ। ਜੇ ਅਸੀਂ ਵਿਚਾਰ ਕਰੀਏ ਤਾਂ ਅਸਾਨੂੰ ਇਹ ਮੰਨਣਾ ਪਵੇਗਾ ਕਿ ਸੰਸਾਰ ਵਿਚ ਕੁਝ ਐਸੇ ਦੇਸ਼ ਹਨ ਜੋ ਮਾਇਆ ਦੀ ਅਨੇਕ ਰੂਪਾਂ ਵਿਚ ਪੂਜਾ ਕਰਦੇ ਹਨ ਅਤੇ ਇਸ ਨੂੰ ਦੇਵੀ ਦੇਵਤਿਆਂ ਦਾ ਦਰਜਾ ਦਿੰਦੇ ਹਨ। ਮਾਇਆ ਦੀ ਪੂਜਾ ਕਰਨ ਵਾਲੇ ਹਮੇਸ਼ਾ ਇਹ ਚਾਹੁੰਦੇ ਹਨ ਕਿ ਅਸਾਡਾ ਘਰ ਮਾਇਆ ਨਾਲ ਭਰ ਜਾਵੇ, ਅਸੀਂ ਰਾਤੋਂ ਰਾਤ ਅਮੀਰ ਹੋ ਜਾਈਏ। ਅਜਿਹੇ ਪੁਰਸ਼ਾਂ ਨੂੰ ਮਾਇਆ ਕਮਾਉਣ ਲਈ ਢੰਗ ਕੁਢੰਗ ਵਰਤਣ ਵਿਚ ਕੋਈ ਸੰਕੋਚ ਨਹੀਂ ਹੋਇਆ ਕਰਦਾ ਕਿਉਂਕਿ ਮਾਇਆ ਉਨ੍ਹਾਂ ਨੇ ਆਪਣੀ ਇਸ਼ਟ ਬਣਾਈ ਹੋਈ ਹੈ।

ਇਸੇ ਤਰ੍ਹਾਂ ਨਾਲ ਪੁੱਤਰ ਪ੍ਰਾਪਤੀ ਦਾ ਮੋਹ ਅਸਾਡੇ ਵਿਚ ਬਹੁਤ ਹੋਇਆ ਕਰਦਾ ਹੈ ਕਿਉਂਕਿ ਅਸਾਡੇ ਸਾਸ਼ਤਰਾਂ ਦਾ ਮਤ ਹੈ ਕਿ ਸਰੀਰ ਛਡ ਕੇ ਜੋ ਰੂਹ ਸਵਰਗਾਂ ਵਿਚ ਜਾ ਕੇ ਸਥਿਤ ਹੋ ਗਈ ਹੈ, ਉਸ ਦੇ ਨਮਿਤ ਲਾਇਕ ਪੁੱਤਰਾਂ ਨੂੰ ਪੁੰਨ ਦਾਨ ਕੱਢਣਾ ਪੈਂਦਾ ਹੈ। ਇਸ ਨੂੰ ਪਿਤਰ ਦੰਡ ਆਖਿਆ ਜਾਂਦਾ ਹੈ। ਉਨ੍ਹਾਂ ਦੀਆਂ ਬਰਸੀਆਂ ਮਨਾਉਣੀਆਂ, ਉਨ੍ਹਾਂ ਦੇ ਜੀਵਨ ਚਰਿੱਤਰ ਤੇ ਝਾਤ ਮਾਰ ਕੇ ਆਪਣਾ ਪੱਥ ਪ੍ਰਦਰਸ਼ਕ ਕਰਨਾ, ਇਕ ਸੁਲਝਿਆ ਹੋਇਆ ਕਦਮ ਹੈ[ ਪਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਜੇ ਤੂੰ ਸੱਚੇ ਦਿਲੋਂ ਪਿਤਰਾਂ ਦਾ ਸਤਿਕਾਰ ਨਹੀਂ ਕਰਦਾ ਅਤੇ ਰਸਮਾਂ ਵਿਚ ਪੈ ਕੇ ਸ਼ਰਾਧ ਵਗੈਰਾ ਕਰਦਾ ਹੈਂ, ਇਹ ਇਕ ਲੋਕ ਲਾਜ ਰਖਣ ਦਾ ਹੀ ਕਾਰਜ ਹੈ, ਪਿਤਰਾਂ ਨਾਲ ਤੇਰਾ ਕੋਈ ਸਨੇਹ ਨਹੀਂ ਹੈ। ਬਾਣੀ ਵਿਚ ਵਿਅੰਗ ਭਾਵ ਨਾਲ ਇਸ ਤਰ੍ਹਾਂ ਦਸਿਆ ਗਿਆ ਹੈ-

***ਜੀਵਤ ਪਿਤਰ ਨ ਮਾਨੈ ਕੋਊ***
***ਮੂਏਂ ਸਿਰਾਧ ਕਰਾਹੀ॥***
***ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ***
***ਕਊਆ ਕੂਕਰ ਖਾਹੀ॥ ਅੰਗ - ੩੩੨***

ਪਰ ਜੇ ਪੂਰੀ ਸ਼ਰਧਾ ਦੇ ਨਾਲ ਲਾਇਕ ਪੁੱਤਰ ਆਪਣੀ ਨੇਕ ਕਮਾਈ ਦੇ ਵਿਚੋਂ ਆਪਣੇ ਪਿਤਰਾਂ ਵਾਸਤੇ ਕੁਝ ਕਢਦਾ ਹੈ ਤਾਂ ਜਨਮ ਸਾਖੀ ਵਿਚ ਐਸੀਆਂ ਸਾਖੀਆਂ ਆਉਂਦੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਪਿਤਰਾਂ ਨੂੰ ਪੁੰਨ ਪਹੁੰਚ ਜਾਇਆ ਕਰਦਾ ਹੈ।

ਇਕ ਪੁਰਾਤਨ ਕਥਾ ਹੈ ਕਿ ਦਸਰਥ ਰਾਜੇ ਦਾ ਪਿਤਾ ਇਕ ਦਿਨ ਸੁਪਨ ਵਿਚ ਆਇਆ, ਪਰਤੱਖ ਰੂਪ

ਵਿਚ ਕਿਹਾ ਕਿ ਪੁੱਤਰ ਦੁਨੀਆਂ ਵਿਚ ਰਾਜਾ ਤ੍ਰਿਸ਼ੰਕੂ ਮੇਰੇ ਅਧੀਨ ਰਾਜਾ ਸੀ ਪਰ ਉਸ ਨੇ ਕੀਤੇ ਪੁੰਨਾਂ ਦੇ ਅਧਾਰ ਤੇ ਮੈਥੋਂ ਉਚਾ ਸਵਰਗ ਪ੍ਰਾਪਤ ਕਰ ਲਿਆ ਹੈ। ਤੂੰ ਮੇਰੇ ਨਮਿਤ ਯੱਗ ਕਰਕੇ ਉਸ ਦਾ ਫਲ ਮੇਰੇ ਨਮਿਤ ਦੇਹ ਤਾ ਕਿ ਮੈਨੂੰ ਉਚਾ ਸਵਰਗ ਮਿਲ ਸਕੇ। ਦਸਰਥ ਜੀ ਨੇ ਯੱਗ ਕੀਤਾ ਤੇ ਉਸ ਨੇ ਫਿਰ ਸੁਪਨੇ ਵਿਚ ਆ ਕੇ ਕਿਹਾ ਕਿ ਹੁਣ ਮੈਂ ਉਸ ਤੋਂ ਉਚਾ ਹੋ ਗਿਆ ਹਾਂ।

ਗੁਰੂ ਨਾਨਕ ਪਾਤਸ਼ਾਹ ਲਾਹੌਰ ਵਿਚ ਸੇਠ ਦੁਨੀਚੰਦ ਜੀ ਦੇ ਗ੍ਰਹਿ ਵਿਚ ਸ਼ਰਾਧ ਸਮੇਂ ਬੁਲਾਏ ਹੋਏ ਗਏ। ਉਸ ਵੇਲੇ ਸਾਰੇ ਸਾਧੂਆਂ, ਬ੍ਰਾਹਮਣਾਂ ਨੇ ਯੱਗ ਦਾ ਅੰਨ ਛਕਿਆ, ਬਹੁਤ ਵਧੀਆ-ਵਧੀਆ ਭੋਜਨ ਛਕੇ ਅਤੇ ਅਰਦਾਸ ਕੀਤੀ ਕਿ ਇਸ ਯੱਗ ਦਾ ਫਲ ਦੁਨੀਚੰਦ ਦੇ ਪਿਤਾ ਨੂੰ ਪਹੁੰਚ ਜਾਵੇ।

ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਬੇਨਤੀ ਕੀਤੀ ਗਈ ਕਿ ਮਹਾਰਾਜ! ਹੋਰ ਤਾਂ ਸਭ ਨੇ ਭੋਜਨ ਛਕ ਲਿਆ ਹੈ, ਤੁਸੀਂ ਵੀ ਭੋਜਨ ਛਕੋ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਨ ਕੀਤਾ ਕਿ ਦੁਨੀਚੰਦ! ਤੈਨੂੰ ਕਿੰਨੇ ਸਾਲ ਸਰਾਧ ਕਰਦਿਆਂ ਨੂੰ ਹੋ ਗਏ? ਉਸ ਨੇ ਦਸਿਆ ਕਿ ਮਹਾਰਾਜ! ਇਹ ਦੂਜਾ, ਤੀਜਾ ਸਰਾਧ ਹੈ। ਗੁਰੂ ਮਹਾਰਾਜ ਨੇ ਕਿਹਾ ਕਿ ਦੁਨੀਚੰਦ! ਤੇਰੇ ਪਿਤਾ ਨੂੰ ਤਾਂ ਇਸ ਸਰਾਧ ਦਾ ਕੋਈ ਵੀ ਫਲ ਨਹੀਂ ਪਹੁੰਚਿਆ। ਤੂੰ ਜਾਣਦਾ ਹੈਂ ਤੇਰਾ ਪਿਤਾ ਕਿਥੇ ਹੈ? ਉਸ ਨੇ ਕਿਹਾ ਕਿ ਸੱਚੇ ਪਾਤਸ਼ਾਹ! ਮੇਰਾ ਪਿਤਾ ਬਹੁਤ ਨੇਕ ਸੀ, ਧਰਮ ਕਾਰਜਾਂ ਲਈ ਮਾਇਆ ਦਾ ਚੋਖਾ ਹਿੱਸਾ ਕੱਢਿਆ ਕਰਦਾ ਸੀ। ਧਾਰਮਕ ਪੁਸਤਕਾਂ ਦਾ ਪਾਠ ਕਰਿਆ ਕਰਦਾ ਸੀ ਉਹ ਪਿਤਰ ਲੋਕ ਜਾਂ ਸਵਰਗ ਲੋਕ ਵਿਚ ਹੋਵੇਗਾ। ਗੁਰੂ ਮਹਾਰਾਜ ਨੇ ਕਿਹਾ ਕਿ ਆ ਅੱਜ ਤੈਨੂੰ ਤੇਰੇ ਪਿਤਾ ਦੇ ਦਰਸ਼ਨ ਕਰਾਈਏ। ਤੂੰ ਐਉਂ ਕਰ ਭੋਜਨ ਦਾ ਇਕ ਥਾਲ ਚੁੱਕ ਲੈ ਅਤੇ ਰਾਵੀ ਦੇ ਖੱਬੇ ਕੰਢੇ ਹੌਲੀ-ਹੌਲੀ ਝੱਲ ਵਿਚ ਤੁਰਿਆ ਜਾਹ, ਚਾਰ ਮੀਲ ਲੰਘਣ ਪਿਛੋਂ ਇਕ ਸੰਘਣਾ ਝੁੰਡ ਆਵੇਗਾ ਉਥੇ ਤੂੰ ਆਪਣੇ ਪਿਤਾ ਨੂੰ ਹਾਕ ਮਾਰੀਂ, ਤੂੰ ਡਰਨਾ ਨਹੀਂ। ਉਹ ਬਘਿਆੜ ਰੂਪ ਵਿਚ ਤੇਰੇ ਸਾਮ੍ਹਣੇ ਆਵੇਗਾ ਅਤੇ ਮਨੁੱਖੀ ਬੋਲੀ ਵਿਚ ਤੈਨੂੰ ਸਭ ਕੁਝ ਸਮਝਾ ਦੇਵੇਗਾ। ਤੂੰ ਸਾਡੇ ਹੱਥ ਦਾ ਛੋਹਿਆ ਹੋਇਆ ਪ੍ਰਸ਼ਾਦ ਉਸ ਦੇ ਅੱਗੇ ਰੱਖ ਦੇਵੀਂ, ਉਸ ਦਾ ਸਰੀਰ ਸ਼ਾਂਤ ਹੋ ਜਾਵੇਗਾ ਅਤੇ ਦੇਵ ਲੋਕਾਂ ਵਿਚ ਜੋ ਵਰਤਾਰਾ ਹੋ ਰਿਹਾ ਹੈ ਉਹ ਤੈਨੂੰ ਸਮਝਾ ਦੇਵੇਗਾ।

ਉਸ ਨੇ ਇਸੇ ਤਰ੍ਹਾਂ ਕੀਤਾ। ਉਸ ਬਘਿਆੜ ਨੇ ਪਵਿੱਤਰ ਪ੍ਰਸ਼ਾਦ ਦੀਆਂ ਦੋ ਕੁ ਗਰਾਹੀਆਂ ਖਾਧੀਆਂ ਅਤੇ ਉਹ ਧਰਤੀ ਤੇ ਗਿਰ ਗਿਆ। ਉਸ ਦੇ ਨਾਲ ਇਕ ਕਾਲੇ ਰੰਗ ਦੀ ਰੂਹ ਨਿਕਲੀ ਜੋ ਦੇਖਦੇ-ਦੇਖਦੇ ਪ੍ਰਕਾਸ਼ਮਈ ਹੋ ਗਈ। ਦੁਨੀਚੰਦ ਨੇ ਇਨ੍ਹਾਂ ਸਾਖੀ ਨਿਗ੍ਹਾ ਦੇ ਨਾਲ, ਗੁਰੂ ਦੀ ਬਖਸ਼ੀ ਦ੍ਰਿਸ਼ਟੀ ਨਾਲ ਆਪਣੇ ਪਿਤਾ ਨੂੰ ਪਛਾਣ ਲਿਆ ਅਤੇ ਕਹਿਣ ਲੱਗਿਆ ਕਿ ਪਿਤਾ ਜੀ! ਤੁਹਾਡੀ ਕੀ ਦਸ਼ਾ ਹੋ ਗਈ? ਮੈਂ ਤਾਂ ਤੁਹਾਡੇ ਨਮਿਤ ਸਰਾਧ ਕੀਤਾ ਹੈ? ਕੀ ਤੁਹਾਨੂੰ ਸ਼ਰਾਧ ਦਾ ਕੋਈ ਫਲ ਪ੍ਰਾਪਤ ਨਹੀਂ ਹੋਇਆ? ਤਾਂ ਉਸ ਨੇ ਕਿਹਾ, "ਪੁਤਰ! ਮੈਨੂੰ ਫਲ ਸਿਰਫ ਹੁਣ ਪ੍ਰਾਪਤ ਹੋਇਆ ਹੈ, ਅੱਜ ਤੋਂ ਪਹਿਲਾਂ ਤੂੰ ਜੋ ਸਰਾਧ ਕੀਤੇ ਹਨ ਉਹ ਤਾਂ ਕਾਵਾਂ ਤੇ ਕੁੱਤਿਆਂ ਨੇ ਹੀ ਖਾ ਲਏ ਹਨ। ਮੇਰੇ ਤਕ ਉਸ ਪੁੰਨ ਦੀ ਕੋਈ ਅੰਸ ਨਹੀਂ ਪਹੁੰਚੀ।" ਦੁਨੀਚੰਦ ਨੇ ਪੁਛਿਆ, "ਪਿਤਾ ਜੀ! ਕੀ ਤੁਸੀਂ ਮੈਨੂੰ ਦਸ ਸਕਦੇ ਹੋਂ ਕਿ ਵਿਧੀਪੂਰਵਕ ਸਰਾਧ ਕਰਾਏ ਹੋਏ ਕਿਉਂ ਪਿਤਰਾਂ ਵਾਸਤੇ ਫਲ ਨਹੀਂ ਪਹੁੰਚਾਉਂਦੇ? ਉਸ ਵੇਲੇ ਉਸ ਨੇ ਕਿਹਾ ਕਿ ਹੇ ਪੁੱਤਰ! ਤੇਰੇ ਘਰ ਅੱਜ ਸਾਖਸ਼ਾਤ ਪ੍ਰਭੂ ਆਏ ਹੋਏ ਹਨ, ਉਹ ਮੈਨੂੰ ਗਿਆਨ ਬਖਸ਼ ਰਹੇ ਹਨ, ਉਨ੍ਹਾਂ ਦੀ ਸੱਤਾ ਨਾਲ ਮੈਂ ਤੇਰੇ ਨਾਲ ਗੱਲ ਕਰ ਰਿਹਾ ਹਾਂ, ਤੇਰੇ ਪ੍ਰਸ਼ਨ ਦਾ ਉਤਰ ਵੀ ਮੈਂ ਉਨ੍ਹਾਂ ਦੀ ਸੱਤਾ ਨਾਲ ਹੀ ਦੇ ਰਿਹਾ ਹਾਂ। ਉਹ ਇਸ ਤਰ੍ਹਾਂ ਹੈ ਕਿ ਦਾਨ, ਅੱਗੇ ਓਹੀ ਪਹੁੰਚਦਾ ਹੈ ਜੋ ਪ੍ਰਭੂ ਦੇ ਪਿਆਰਿਆਂ ਰਾਹੀਂ ਕੀਤਾ ਜਾਵੇ ਜਿਨ੍ਹਾਂ ਨੂੰ ਅਭਿਆਗਤ ਆਖਦੇ ਹਨ। ਅੱਜ ਸਾਰੇ ਵਿਹਲੜ ਅਭਿਆਗਤ ਬਣੇ ਫਿਰਦੇ ਹਨ, ਉਹ ਪ੍ਰਭੂ ਤੋਂ ਟੁੱਟੇ ਹੋਏ ਹਨ। ਉਨ੍ਹਾਂ ਨੂੰ ਦੇਣਾ ਜਾਂ ਕਾਵਾਂ ਕੁੱਤਿਆਂ ਨੂੰ ਖੁਆ ਦੇਣਾ ਕੋਈ ਬਹੁਤਾ ਫਰਕ ਨਹੀਂ ਦਿੰਦਾ। ਅਜੇ ਕਈ ਹਾਲਤਾਂ ਵਿਚ ਕਾਵਾਂ ਕੁੱਤਿਆਂ ਨੂੰ ਖਲਾਇਆ ਕਿਤੇ ਜ਼ਿਆਦਾ ਫਲ ਦਿੰਦਾ ਹੈ ਉਹ ਇਸ ਕਰਕੇ ਇਹ ਬੰਦੇ ਦ੍ਵੈਤ ਦੇ ਭਰੇ ਹੋਏ ਪ੍ਰਾਣੀ ਹਨ ਜਿਨ੍ਹਾਂ ਦੇ ਮਨ ਵਿਚ ਕਾਮ ਕ੍ਰੋਧ, ਲੋਭ, ਮੋਹ, ਅਹੰਕਾਰ, ਰਾਗ, ਦ੍ਵੈਸ਼ ਦੇ ਅਵਗੁਣ ਭਰੇ ਹੋਏ ਹਨ। ਉਹ ਪ੍ਰਭੂ ਨਾਲੋਂ ਟੁੱਟੇ ਹੋਏ ਹਨ। ਉਨ੍ਹਾਂ ਦਾ ਖਾਧਾ ਉਨ੍ਹਾਂ ਦੇ ਸਰੀਰ ਨੂੰ ਹੀ ਪੀੜਤ ਕਰਦਾ ਹੈ। ਕਿਸੇ ਨੂੰ ਹੋਰ ਫਲ ਨਹੀਂ ਦੇ ਸਕਦਾ। ਇਕ ਤਰ੍ਹਾਂ ਇਹ ਇਕ ਵਹਿਮ ਹੈ ਜਿਸਦੇ ਅੰਦਰ ਪਿਆਂ ਸੰਸਾਰ ਖੁਆਰ ਹੋ ਰਿਹਾ ਹੈ। ਇਕ ਰਸਮ ਹੈ ਜੋ ਲੋਕ ਲਾਜ ਨੂੰ ਅੱਗੇ ਰੱਖ ਕੇ ਪੂਰੀ ਕੀਤੀ ਜਾ ਰਹੀ ਹੈ। ਉਸ ਨੇ ਕਿਹਾ, "ਬੇਟਾ! ਉਹ ਅਭਿਆਗਤ ਜਿਨ੍ਹਾਂ ਦੇ ਚਿਤ ਵਿਚ ਕੋਈ ਭਰਮ ਨਹੀਂ ਹੈ, ਜੋ ਹਰ ਘਟ ਵਿਚੋਂ

ਪ੍ਰਭੂ ਜੋਤ ਨੂੰ ਦੇਖਦੇ ਹਨ। ਅੰਦਰ ਬਾਹਰ ਇਕੋ ਦੇਖਦੇ ਹਨ, ਪਉਣ, ਪਾਣੀ, ਬੈਸੰਤਰ, ਸਾਰੇ ਜੀਵ ਜੰਤੂਆਂ ਵਿਚ ਉਸ ਪ੍ਰਭੂ ਨੂੰ ਦੇਖਦੇ ਹਨ ਉਨ੍ਹਾਂ ਨੂੰ ਜੇ ਭੋਜਨ ਛਕਾ ਦਿਤਾ ਜਾਵੇ ਤਾਂ ਉਸ ਦਾ ਫਲ ਬਹੁਤ ਹੋਇਆ ਕਰਦਾ ਹੈ" –

*ਅਭਿਆਗਤ ਏਹਿ ਨ ਆਖੀਅਨਿ*
*ਜਿ ਪਰ ਘਰਿ ਭੋਜਨੁ ਕਰੇਨਿ॥*
*ਉਦਰੈ ਕਾਰਣਿ ਆਪਣੇ ਬਹਲੇ ਭੇਖਿ ਕਰੇਨਿ॥*
*ਅਭਿਆਗਤ ਸੇਈ ਨਾਨਕਾ*
*ਜਿ ਆਤਮ ਗਉਣੁ ਕਰੇਨਿ॥*
*ਭਾਲਿ ਲਹਨਿ ਸਹੁ ਆਪਣਾ*
*ਨਿਜ ਘਰਿ ਰਹਣੁ ਕਰੇਨਿ॥ ਅੰਗ – ੯੪੯*

*ਅਭਿਆਗਤ ਏਹ ਨ ਆਖੀਅਹਿ*
*ਜਿਨ ਕੈ ਮਨ ਮਹਿ ਭਰਮੁ॥*
*ਤਿਨ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮੁ॥*
*ਅਭੈ ਨਿਰੰਜਨ ਪਰਮ ਪਦੁ*
*ਤਾ ਕਾ ਭੀਖਕੁ ਹੋਇ।।*
*ਤਿਸ ਕਾ ਭੋਜਨੁ ਨਾਨਕਾ*
*ਵਿਰਲਾ ਪਾਏ ਕੋਇ॥ ਅੰਗ – ੧੪੧੩*

ਦਸ਼ਮੇਸ਼ ਪਿਤਾ ਭੀ ਇਵੇਂ ਫੁਰਮਾਉਂਦੇ ਹਨ –

*ਸੇਵ ਕਰੀ ਇਨਹੀ ਕੀ ਭਾਵਤ,*
*ਅਉਰ ਕੀ ਸੇਵ ਸੁਹਾਤ ਨ ਜੀ ਕੋ।*
*ਦਾਨ ਦਯੋ ਇਨਹੀ ਕੋ ਭਲੋ,*
*ਅਰੁ ਆਨ ਕੋ ਦਾਨ ਨ ਲਾਗਤ ਨੀਕੋ॥*
*ਆਗੈ ਫਲੈ ਇਨ ਹੀ ਕੋ ਦਯੋ,*
*ਜਗ ਮੈ ਜਸੁ, ਅਉਰ ਦਯੋ ਸਭ ਫੀਕੋ॥*
*ਮੋ ਗ੍ਰਿਹ ਮੈ ਤਨ ਤੇ ਮਨ ਤੇ,*
*ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥*
*ਪਾਤਸ਼ਾਹੀ ੧੦*

ਸੋ ਬੇਟਾ! ਭੋਜਨਾਂ ਦੇ ਵੱਖਰੇ ਸੁਆਦ ਚੱਖਣ ਵਾਲੇ, ਸਾਧੂ ਨਹੀਂ ਹੋਇਆ ਕਰਦੇ, ਸਗੋਂ ਇਹ ਤਾਂ ਸੁਆਦੂ ਹੋਇਆ ਕਰਦੇ ਹਨ। ਇਨ੍ਹਾਂ ਨੂੰ ਛਕਾਇਆ ਹੋਇਆ ਇਨ੍ਹਾਂ ਦੀ ਦੇਹ ਤੋਂ ਅੱਗੇ ਕੋਈ ਪੁੰਨ ਪੈਦਾ ਨਹੀਂ ਕਰਦਾ। ਪਰ ਮੈਂ ਤੈਨੂੰ ਦਸਦਾ ਹਾਂ ਕਿ ਅਜਿਹੇ ਪੁਰਸ਼ ਆਪਣੀ ਦੇਹ ਨੂੰ ਰੋਗ ਲਾ ਬੈਠਦੇ ਹਨ ਜਿਵੇਂ ਕਿ ਫੁਰਮਾਨ ਹੈ–

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥ ਅੰਗ–੧੨੫੬*

ਪਿਤਰਾਂ ਨੂੰ ਸਿਰਫ ਓਹੀ ਅੰਨ ਪਹੁੰਚਦਾ ਹੈ ਜੋ ਸਚਮੁਚ ਅਭਿਆਗਤ ਨੂੰ ਭੇਟਾ ਕੀਤਾ ਜਾਂਦਾ ਹੈ। ਸੋ ਇਸ ਤਰ੍ਹਾਂ ਨਾਲ ਪਿਤਰਾਂ ਦੇ ਨਮਿਤ ਕੀਤੇ ਜਾਣ ਵਾਲੇ ਕਰਮਾਂ ਨੂੰ ਪਿਤਰ ਦੰਡ ਦੀ ਪੂਰਤੀ ਆਖਿਆ ਜਾਂਦਾ ਹੈ। ਇਹ ਕੋਈ ਲਾਇਕ ਬੱਚੇ ਹੀ ਭਰਦੇ ਹਨ। ਅੱਜਕਲ੍ਹ ਕਲਯੁਗ ਦਾ ਸਮਾਂ ਹੈ। ਬੱਚੇ ਮਾਂ ਬਾਪ ਨੂੰ ਛਡ ਕੇ ਆਪਣੇ ਹੀ ਪਰਿਵਾਰ ਵਿਚ ਪਰਚ ਜਾਂਦੇ ਹਨ। ਉਨ੍ਹਾਂ ਦਾ ਕੀਤਾ ਹੋਇਆ ਕਰਮ ਧਰਮ ਕੋਈ ਫਲ ਨਹੀਂ ਦਿੰਦਾ ਜਿਵੇਂ ਕਿ ਭਾਈ ਗੁਰਦਾਸ ਜੀ ਨੇ ਅੰਕਿਤ ਕੀਤਾ ਹੈ–

*ਮਾਂ ਪਿਉ ਪਰਹਰਿ ਸੁਣੈ*
*ਵੇਦੁ ਭੇਦ ਨ ਜਾਣੈ ਕਥਾ ਕਹਾਣੀ।*
*ਮਾਂ ਪਿਉ ਪਰਹਰਿ ਕਰੈ*
*ਤਪੁ ਵਣਖੰਡਿ ਭੁੱਲਾ ਫਿਰੈ ਬਿਬਾਣੀ।*
*ਮਾਂ ਪਿਉ ਪਰਹਰਿ ਕਰੈ*
*ਪੂਜ ਦੇਵੀ ਦੇਵ ਨ ਸੇਵ ਕਮਾਣੀ।*
*ਮਾਂ ਪਿਉ ਪਰਹਰਿ ਨ੍ਹਾਵਣਾ*
*ਅਠਸਠਿ ਤੀਰਥ ਘੁੰਮਣਵਾਣੀ।*
*ਮਾਂ ਪਿਉ ਪਰਹਰਿ ਵਰਤ ਕਰਿ*
*ਮਰਿ ਮਰਿ ਜੰਮੈ ਭਰਮ ਭੁਲਾਣੀ।*
*ਮਾਂ ਪਿਉ ਪਰਹਰਿ ਕਰੈ ਦਾਨ*
*ਬੇਈਮਾਨ ਅਗਿਆਨ ਪਰਾਣੀ।*
*ਗੁਰੁ ਪਰਮੇਸਰੁ ਸਾਰੁ ਨ ਜਾਣੀ।।*
*ਭਾਈ ਗੁਰਦਾਸ ਜੀ, ਵਾਰ 37/13*

ਜਿਹੜਾ ਪੁਤਰ ਮਾਪਿਆਂ ਨੂੰ ਤਿਆਗ ਕੇ ਧਰਮ ਗ੍ਰੰਥਾਂ ਨੂੰ ਸੁਣਦਾ ਹੈ ਉਸ ਨੂੰ ਧਰਮ ਗ੍ਰੰਥਾਂ ਦੇ ਗੋਹਜ ਸਿਧਾਂਤਾਂ ਦਾ ਕੋਈ ਗਿਆਨ ਨਹੀਂ ਹੁੰਦਾ। ਇਹ ਵਾਹਿਗੁਰੂ ਜੀ ਦੀ ਨੇਤ ਹੈ, ਜਿਹੜਾ ਪੁੱਤਰ ਮਾਂ ਪਿਓ ਨੂੰ ਛੱਡ ਜਾਂਦਾ ਹੈ ਉਨ੍ਹਾਂ ਦੀ ਆਗਿਆ ਲਏ ਤੋਂ ਬਗੈਰ ਹੀ ਕਿਸੇ ਜੰਗਲ ਵਿਚ ਜਾ ਕੇ ਤਪ ਕਰਦਾ ਹੈ, ਉਹ ਜੰਗਲਾਂ ਵਿਚ ਭੁਲਿਆ ਹੀ ਫਿਰਦਾ ਹੈ ਕਿਉਂਕਿ ਮਾਤਾ ਪਿਤਾ ਦੀ ਅਸੀਸ ਉਸਨੇ ਪ੍ਰਾਪਤ ਨਹੀਂ ਕੀਤੀ। ਜੇ ਕੋਈ ਮਾਪਿਆਂ ਨੂੰ ਛੱਡ ਕੇ ਦੇਵੀ ਦੇਵਤਿਆਂ ਦੀ ਪੂਜਾ ਕਰਦਾ ਹੈ, ਉਸ ਦੀ ਸੇਵਾ ਨੂੰ ਦੇਵੀ ਦੇਵਤੇ ਪ੍ਰਵਾਨ ਨਹੀਂ ਕਰਦੇ ਕਿਉਂਕਿ ਮਾਂ ਪਿਓ ਹੀ ਦੇਵੀ ਦੇਵ ਹਨ ਜਿਨ੍ਹਾਂ ਨੇ ਅਨੇਕ ਕਸ਼ਟ ਸਹਿ ਕੇ ਪੁੱਤਰ ਨੂੰ ਪੜ੍ਹਾਇਆ ਲਿਖਾਇਆ ਅਤੇ ਸ਼ਾਦੀ ਕੀਤੀ। ਉਸਦੀਆਂ ਕਾਮਨਾਵਾਂ ਪੂਰੀਆਂ ਕਰਨ ਲਈ ਥਾਂ–ਥਾਂ ਮੱਥੇ ਨਿਵਾਉਂਦੇ ਰਹੇ। ਅਜਿਹੇ ਪੁੱਤਰ ਜਦੋਂ ਮਾਂ–ਬਾਪ ਦਾ ਸਤਿਕਾਰ ਨਹੀਂ ਕਰਦੇ, ਉਨ੍ਹਾਂ ਦੀ ਪੂਜਾ ਥਾਂ ਨਹੀਂ ਪਿਆ ਕਰਦੀ। ਮਾਤਾ

ਪਿਤਾ ਨੂੰ ਵਿਸਾਰ ਕੇ ਜਿਹੜੇ ਪੁਤਰ ਅਠਾਹਠ ਤੀਰਥਾਂ ਤੇ ਇਸ਼ਨਾਨ ਕਰਨ ਲਈ ਪੁਜਦੇ ਹਨ, ਮਾਂ-ਬਾਪ ਦਾ ਸਤਿਕਾਰ ਨਹੀਂ ਕਰਦੇ, ਨਾ ਉਨ੍ਹਾਂ ਦੀ ਭਾਵਨਾ ਨੂੰ ਸਮਝਣ ਦਾ ਜਤਨ ਕਰਦੇ ਹਨ, ਅਜਿਹੇ ਪੁੱਤਰਾਂ ਨੂੰ ਕੋਈ ਫਲ ਪ੍ਰਾਪਤ ਨਹੀਂ ਹੁੰਦਾ ਸਗੋਂ ਐਵੇਂ ਘੁੰਮਣ ਘੇਰੀਆਂ ਵਿਚ ਗੋਤੇ ਖਾਂਦੇ ਹਨ। ਗਰੀਬ ਮਾਂ ਬਾਪ ਕਪੜੇ ਲਈ ਤਰਸਦੇ ਹਨ, ਰੋਟੀ ਲਈ ਤਰਸਦੇ ਹਨ ਅਜਿਹਾ ਪੁੱਤਰ ਜੇ ਦਾਨ ਕਰਦਾ ਹੈ ਤਾਂ ਉਹ ਪੁੱਤਰ ਅਗਿਆਨੀ ਅਤੇ ਬੇਇਮਾਨ ਹੈ। ਕਿਉਂਕਿ ਮਾਤਾ ਪਿਤਾ ਦਾ ਪਹਿਲਾ ਹੱਕ ਹੋਇਆ ਕਰਦਾ ਹੈ, ਦਾਨ ਲੈਣ ਵਾਲਿਆਂ ਦਾ ਪਿਛੋਂ ਹੁੰਦਾ ਹੈ। ਮਾਤਾ ਪਿਤਾ ਦਾ ਤਿਆਗ ਕਰਕੇ ਜਿਹੜਾ ਪੁੱਤਰ ਵਰਤ ਆਦਿ ਅਨੇਕਾਂ ਢੌਂਗ ਰਚਦਾ ਹੈ ਉਹ ਪੁੱਤਰ 84 ਲੱਖ ਜੂਨਾਂ ਦੇ ਚੱਕਰ ਵਿਚ ਭਰਮ ਦਾ ਮਾਰਿਆ ਫਿਰਦਾ ਹੈ। ਅਜਿਹੇ ਪੁੱਤਰਾਂ ਨੇ ਗੁਰੂ ਤੇ ਪ੍ਰਮੇਸ਼ਰ ਦੀ ਸਾਰ ਨਹੀਂ ਜਾਣੀ।

ਮਾਤਾ ਪਿਤਾ ਨੇ ਪੁੱਤਰ ਉਪਰ ਬਹੁਤ ਉਪਕਾਰ ਕੀਤੇ ਹਨ। ਜਦੋਂ ਪੁੱਤਰ ਮਾਤਾ ਦੇ ਗਰਭ ਵਿਚ ਨਿਵਾਸ ਰਖਦਾ ਹੈ, ਮਾਤਾ ਸਭ ਕਿਸਮ ਦੇ ਰਸ-ਰਸ ਖਾਣੇ ਬੰਦ ਕਰ ਦਿੰਦੀ ਹੈ। ਉਹ ਬਹੁਤ ਪੀੜਾ ਸਹਿ ਕੇ ਪੁੱਤਰ ਨੂੰ ਜਨਮ ਦਿੰਦੀ ਹੈ। ਮਾਂ ਬੜੀ ਸਾਵਧਾਨੀ ਨਾਲ ਪੁੱਤਰ ਦੀ ਪਾਲਣਾ ਕਰਦੀ ਹੈ। ਉਹ ਅਜਿਹੀ ਚੀਜ਼ ਨਹੀਂ ਖਾਂਦੀ ਜਿਸ ਕਰਕੇ ਉਸ ਦੇ ਦੁੱਧ ਵਿਚ ਉਸ ਚੀਜ਼ ਦਾ ਅਸਰ ਚਲਿਆ ਜਾਵੇ ਅਤੇ ਉਸ ਦੇ ਪੁੱਤਰ ਨੂੰ ਤਕਲੀਫ ਹੋਵੇ। ਜਿਵੇਂ ਕਿ ਜਿਹੜੀਆਂ ਮਾਤਾਵਾਂ ਦੁੱਧ ਪੀਣ ਵਾਲੇ ਬਾਲਕ ਦੇ ਹੁੰਦਿਆਂ ਬਹੁਤ ਮਿੱਠਾ ਖਾਂਦੀਆਂ ਹਨ ਉਨ੍ਹਾਂ ਦੇ ਪੁੱਤਰਾਂ ਨੂੰ ਬਹੁਤ ਪੀੜਾ ਹੁੰਦੀ ਹੈ, ਉਨ੍ਹਾਂ ਦੇ ਮਿੱਠੇ ਲੜਨੇ ਸ਼ੁਰੂ ਹੋ ਜਾਂਦੇ ਹਨ। ਸਿਆਣੇ ਉਸ ਨੂੰ ਵਰਜਦੇ ਹਨ ਕਿ ਤੂੰ ਮਿੱਠਾ ਨਾ ਖਾਹ। ਜੇ ਉਹ ਖੁਸ਼ਕ ਰੋਟੀਆਂ ਖਾਂਦੀਆਂ ਹਨ, ਛੋਲਿਆਂ ਆਦਿ ਦਾ ਜ਼ਿਆਦਾ ਪ੍ਰਯੋਗ ਕਰਦੀਆਂ ਹਨ ਉਸ ਦੇ ਪੁੱਤਰ ਨੂੰ ਕਬਜ਼ ਹੋ ਜਾਂਦੀ ਹੈ। ਇਸ ਕਰਕੇ ਉਸ ਨੂੰ ਆਪਣੀ ਜੀਭ ਦੇ ਸਾਰੇ ਸੁਆਦ ਛੱਡਣੇ ਪੈਂਦੇ ਹਨ। ਆਪ ਪਹਿਨਣਾ ਛਡ ਦਿੰਦੀ ਹੈ ਪਰ ਪੁੱਤਰ ਲਈ ਚੰਗੇ ਤੋਂ ਚੰਗੇ ਵਸਤਰ ਲਿਆਉਂਦੀ ਹੈ ਅਤੇ ਚੰਗੀ ਤੋਂ ਚੰਗੀ ਖੁਰਾਕ ਦਿੰਦੀ ਹੈ। ਮਾਤਾ ਪਿਤਾ ਆਪਣਾ ਖਾਣਾ ਪੀਣਾ ਘਟਾ ਦਿੰਦੇ ਹਨ, ਪੂਰੀ ਤਰ੍ਹਾਂ ਨਾਲ ਦੁੱਧ ਨਹੀਂ ਪੀਂਦੇ, ਪੂਰੀ ਤਰ੍ਹਾਂ ਨਾਲ ਮੱਖਣ ਆਦਿ ਦਾ ਪ੍ਰਯੋਗ ਨਹੀਂ ਕਰਦੇ ਕਿਉਂਕਿ ਓਹੀ ਧਨ ਬਚਾ ਕੇ ਪੁੱਤਰ ਲਈ ਚੰਗੇ ਤੋਂ ਚੰਗੇ ਪਦਾਰਥ ਲਿਆ ਕੇ ਉਸ ਨੂੰ ਪਾਲਦੇ ਹਨ। ਮਾਤਾ ਪਿਤਾ ਚੰਗੇ ਤੋਂ ਚੰਗੇ ਸਕੂਲ ਵਿਚ ਆਪਣੇ ਵਿਤ ਅਨੁਸਾਰ ਉਸ ਨੂੰ ਪੜ੍ਹਾਉਂਦੇ ਹਨ। ਆਪਣਾ ਕਮਾਇਆ ਹੋਇਆ ਧਨ ਪੁੱਤਰ ਨੂੰ ਪੜ੍ਹਾਈ ਕਰਾਉਣ ਲਈ ਖਰਚਦੇ ਹਨ। ਮਾਪੇ ਇਸ ਤਰ੍ਹਾਂ ਦੇ ਨਾਲ ਆਪਣੇ ਸਿਰ ਤੇ ਪੁਤਰ ਵਲੋਂ ਜੋ ਪਾਇਆ ਹੋਇਆ ਕਰਜ਼ ਹੈ ਉਹ ਉਤਾਰ ਕੇ ਸੁਰਖਰੂ ਹੋ ਜਾਂਦੇ ਹਨ।

*ਮਾਤ ਪਿਤਾ ਮਿਲਿ ਨਿੰਮਿਆਂ*
*ਆਸਾ ਵੰਤੀ ਉਦਰੁ ਮਝਾਰੇ॥*
*ਰਸ ਕਸ ਖਾਇ ਨਲੱਜ ਹੋਇ*
*ਛੁਹ ਛੁਹ ਧਰਣਿ ਧਰੈ ਪਗਧਾਰੇ॥*
*ਪੇਟ ਵਿਚਿ ਦਸ ਮਾਹ ਰੱਖਿ*
*ਪੀੜਾ ਖਾਇ ਜਣੈ ਪੁਤ ਪਿਆਰੇ।*
*ਜਣ ਕੈ ਪਾਲੇ ਕਸ਼ਟ ਕਰਿ*
*ਖਾਨ ਪਾਨ ਵਿਚਿ ਸੰਜਮ ਸਾਰੇ।*
*ਗੁੜ੍ਹਤੀ ਦੇਇ ਪਿਆਲਿ ਦੁੱਧੁ*
*ਘੁੱਟੀ ਵੱਟੀ ਦੇਇ ਨਿਹਾਰੇ।*
*ਛਾਦਨੁ ਭੋਜਨੁ ਪੋਖਿਆ ਭੱਦਣ*
*ਮੰਗਣ ਪੜ੍ਹਣ ਚਿਤਾਰੇ।*
*ਪਾਂਧੇ ਪਾਸ ਬਹਾਲਿਆ*
*ਖੱਟਿ ਲੁਟਾਇ ਹੋਇ ਸਚਿਆਰੇ।*
*ਉਰਿਣਿਤ ਹੋਏ ਭਾਰ ਉਤਾਰੇ॥*

***ਭਾਈ ਗੁਰਦਾਸ ਜੀ, ਵਾਰ 37/10***

ਜਦੋਂ ਪੁੱਤਰ ਪੜ੍ਹ ਲਿਖ ਜਾਂਦਾ ਹੈ ਤਾਂ ਮਾਤਾ ਪਿਤਾ ਦੇ ਮਨ ਵਿਚ ਪੂਰੀ ਤਰ੍ਹਾਂ ਨਾਲ ਇਹ ਗੱਲ ਸਮਾਈ ਹੁੰਦੀ ਹੈ ਕਿ ਸਾਡਾ ਪੁੱਤਰ ਬਹੁਤ ਲਾਇਕ ਹੋ ਗਿਆ ਹੈ। ਇਸ ਨੂੰ ਚੰਗੇ ਤੋਂ ਚੰਗੇ ਘਰ ਵਿਚ ਮੰਗੀਏ, ਵਿਆਹੀਏ। ਜਦੋਂ ਵਿਆਹ ਹੋ ਜਾਂਦਾ ਹੈ ਤਾਂ ਸਭ ਤੋਂ ਵੱਧ ਖੁਸ਼ੀ ਮਾਤਾ-ਪਿਤਾ ਨੂੰ ਹੁੰਦੀ ਹੈ। ਉਨ੍ਹਾਂ ਦੇ ਮਨ ਵਿਚ ਬਹੁਤ ਆਸ਼ਾਵਾਂ ਹੁੰਦੀਆਂ ਹਨ ਕਿ ਸਾਡਾ ਪੁੱਤਰ ਸਾਡੇ ਨਾਲ ਮਿਲ ਕੇ ਕਮਾਈ ਕਰੇਗਾ। ਪੁੱਤਰ, ਪੋਤਰੀਆਂ ਹੋਣਗੀਆਂ। ਸਾਡਾ ਪੁੱਤਰ ਸਾਇੰਸਦਾਨ, ਪ੍ਰੋਫੈਸਰ ਬਣ ਗਿਆ ਹੈ ਸੋ ਬਹੁਤ ਐਸੀਆਂ ਆਸ਼ਾਵਾਂ ਉਨ੍ਹਾਂ ਨੂੰ ਪ੍ਰਸੰਨਤਾ ਬਖਸ਼ਦੀਆਂ ਹਨ। ਜਦੋਂ ਮਾਂ ਆਪਣੇ ਪੁੱਤਰ ਦੇ ਅਤੇ ਨੂੰਹ ਵਿਚ ਹੁੰਦਾ ਪਿਆਰ ਦੇਖਦੀ ਹੈ ਤਾਂ ਉਹ ਪ੍ਰਭੂ ਕੋਲ ਅਰਦਾਸ ਕਰਦੀ ਹੈ ਕਿ ਹੇ ਪ੍ਰਭੂ! ਇਸ ਛੋਟੇ ਜਿਹੇ ਪਰਿਵਾਰ ਨੂੰ ਤੂੰ ਕਦੇ ਦੁਖ ਨਾ ਦੇਈਂ। ਪਰ ਹੁੰਦਾ ਕੀ ਹੈ ਨੂੰਹ ਸਿਖੀ ਸਿਖਾਈ ਘਰ ਆਉਂਦੀ ਹੈ, ਮਾਂ ਬਾਪ ਤੋਂ ਪਤੀ ਨੂੰ ਵੱਖਰਾ ਕਰ ਦਿੰਦੀ ਹੈ। ਸੱਸ ਨਾਲ ਲੜਦੀ ਹੈ, ਪਤੀ ਨੂੰ ਸਿਖਾ ਦਿੰਦੀ ਹੈ।

ਚੁਗਲੀਆਂ ਦਾ ਅਸਰ ਪੁੱਤਰ ਤੇ ਹੋ ਜਾਂਦਾ ਹੈ ਉਹ ਮਾਤਾ ਪਿਤਾ ਨਾਲ ਗੱਲ ਕਰਨੀ ਬੰਦ ਕਰ ਦਿੰਦਾ ਹੈ। ਮਾਤਾ ਪਿਤਾ ਸਿਕਦੇ ਹੀ ਰਹਿੰਦੇ ਹਨ ਕਿ ਇਹ ਕੀ ਹੋਇਆ ਸਾਡੀ ਸੋਚਣੀ ਉਪਰ ਪਾਣੀ ਫਿਰ ਗਿਆ। ਹੇ ਵਾਹਿਗੁਰੂ! ਇਸ ਪੁੱਤਰ ਨੂੰ ਸੁਮੱਤ ਦੇਹ। ਮਾਂ ਆਪਣੇ ਮੁਖ ਤੋਂ ਪੁੱਤਰ ਨੂੰ ਕਦੇ ਵੀ ਬੁਰਾ ਸ਼ਬਦ ਨਹੀਂ ਕਹਿੰਦੀ। ਨੂੰਹ ਪੁੱਤਰ ਦੋਨੋਂ ਮਾਤਾ ਪਿਤਾ ਤੋਂ ਆਕੀ ਹੋ ਕੇ ਉਨ੍ਹਾਂ ਨੂੰ ਬੋਲ ਕਬੋਲ ਬੋਲਦੇ ਹਨ ਜੋ ਉਨ੍ਹਾਂ ਨੂੰ ਸਹਿਣੇ ਔਖੇ ਹੋ ਜਾਂਦੇ ਹਨ। ਮਾਪਿਆਂ ਨਾਲ ਝਗੜਾ ਕਰਦੇ ਹਨ ਇਥੋਂ ਤਕ ਦੇਖਿਆ ਗਿਆ ਹੈ ਕਿ ਮਾਤਾ ਪਿਤਾ ਆਪਣੇ ਪੁੱਤਰਾਂ ਦੀ ਸਹੂਲਤ ਵਾਸਤੇ ਕੋਠੀਆਂ ਬਣਾਉਂਦੇ ਹਨ, ਜਾਇਦਾਦ ਖਰੀਦਦੇ ਹਨ, ਆਪਣੇ ਨਾਮ ਕੁਝ ਨਹੀਂ ਲਵਾਉਂਦੇ, ਆਪਣੇ ਪੁੱਤਰ ਦੇ ਨਾਂ ਲਵਾਉਂਦੇ ਹਨ ਪਰ ਉਸ ਪੁੱਤਰ ਨੂੰ ਉਸ ਦੀ ਪਤਨੀ ਆਪਣੇ ਸੱਸ ਤੇ ਸਹੁਰੇ ਦੇ ਖਿਲਾਫ ਕਰ ਦਿੰਦੀ ਹੈ। ਇਥੋਂ ਤਕ ਵੀ ਮੈਂ ਦੇਖਿਆ ਹੈ ਕਿ ਅਜਿਹੇ ਪਿਆਰ ਭਰੇ ਬਜ਼ੁਰਗਾਂ ਨੂੰ ਆਦੇਸ਼ ਮਿਲਦੇ ਜਾਂਦੇ ਹਨ ਕਿ ਘਰ ਸਾਡੇ ਨਾਮ ਹੈ, ਜਾਇਦਾਦ ਸਾਡੇ ਨਾਂ ਹੈ। ਪੁੱਤਰ ਕਹਿੰਦਾ ਹੈ ਜਾਂ ਘਰ ਖਾਲੀ ਕਰੋ ਜਾਂ ਕਿਰਾਇਆ ਦੇਵੋ, ਮੈਂ ਮੁਫਤ ਤੁਹਾਨੂੰ ਇਸ ਘਰ ਵਿਚ ਨਹੀਂ ਰਖ ਸਕਦਾ। ਮਾਤਾ ਪਿਤਾ ਦੇ ਉਪਕਾਰ ਨੂੰ ਭੁੱਲ ਜਾਂਦਾ ਹੈ। ਉਸ ਵੇਲੇ ਸਰਵਣ ਪੁੱਤਰ ਯਾਦ ਆਉਂਦਾ ਹੈ ਪਰ ਸਰਵਣ ਪੁੱਤਰ ਤਾਂ ਕੋਈ ਹੁੰਦਾ ਹੀ ਨਹੀਂ –

*ਮਾਤਾ ਪਿਤਾ ਅਨੰਦ ਵਿਚਿ*
*ਪੁੱਤੈ ਦੀ ਕੁੜਮਾਈ ਹੋਈ।*
*ਰਹਸੀ ਅੰਗ ਨ ਮਾਵਈ*
*ਗਾਵੈ ਸੋਹਿਲੜੇ ਸੁਖ ਸੋਈ।*
*ਵਿਗਸੀ ਪੁਤ੍ਰ ਵਿਆਹਿਐ*
*ਘੋੜੀ ਲਾਵਾਂ ਗਾਵ ਭਲੋਈ।*
*ਸੁੱਖਾਂ ਸੁਖੈ ਮਾਵੜੀ*
*ਪੁੱਤ ਨੂੰਹ ਦਾ ਮੇਲ ਅਲੋਈ।*
*ਨੂੰਹ ਨਿਤ ਕੰਮ ਕੁਮੰਤ ਦੇਇ*
*ਵਿਹਰੇ ਹੋਵਨ ਸੱਸੁ ਵਿਗੋਈ।*
*ਲਖ ਉਪਕਾਰੁ ਵਿਸਾਰਕੈ*
*ਪੁੱਤ ਕੁਪੁੱਤ ਚੱਕੀ ਉਠਿ ਝੋਈ।*
*ਹੋਵੈ ਸਰਵਣ ਵਿਰਲਾ ਕੋਈ॥*

**ਭਾਈ ਗੁਰਦਾਸ ਜੀ, ਵਾਰ 37/11**

ਅੱਜਕਲ੍ਹ ਆਮ ਪਰਿਵਾਰਾਂ ਵਿਚ ਦੇਖਿਆ ਗਿਆ ਹੈ ਕਿ ਜਦੋਂ ਪੁੱਤਰ ਦਾ ਵਿਆਹ ਹੁੰਦਾ ਹੈ ਉਸ ਵੇਲੇ ਉਨ੍ਹਾਂ ਦੀ ਨੂੰਹ ਪਹਿਲਾਂ ਹੀ plan ਕਰਕੇ ਆਈ ਹੁੰਦੀ ਹੈ ਕਿ ਮਾਤਾ ਦੇ ਉਤੇ ਜਾਦੂ ਕਰ ਦੇਣਾ ਹੈ, ਕੁਝ ਖਲਾ ਦੇਣਾ ਹੈ ਜਿਸ ਨਾਲ ਉਨ੍ਹਾਂ ਨੂੰ ਕੋਈ ਨਾ ਕੋਈ ਬਿਮਾਰੀ ਲਗ ਜਾਵੇ।

ਇਸ ਪੁੱਤਰ ਨੇ ਵਿਆਹ ਕਰਾ ਕੇ ਸਭ ਤੋਂ ਪਹਿਲਾਂ ਪ੍ਰਭੂ ਨੂੰ ਭੁਲਾ ਦਿਤਾ ਅਤੇ ਫੇਰ ਮਾਪਿਆਂ ਨੂੰ ਵਿਸਾਰ ਦਿਤਾ। ਮਾਪਿਆਂ ਨੇ ਸੁੱਖਾਂ ਸੁੱਖ ਕੇ ਵਿਆਹ ਕੀਤਾ ਸੀ। ਮਾਂ, ਨੂੰਹ ਪੁੱਤਰ ਦੇ ਮਿਲਾਪ ਲਈ ਸਦਾ ਅਰਦਾਸਾਂ ਕਰਦੀ ਸੀ ਪਰ ਨੂੰਹ ਆਪਣੇ ਪਤੀ ਨੂੰ ਨਿਤ ਖੋਟੀ ਮਤ ਦਿੰਦੀ ਹੈ, ਜਿਸ ਕਰਕੇ ਪੁੱਤਰ ਮਾਪਿਆਂ ਨੂੰ ਛੱਡ ਕੇ ਵੱਡੇ ਹਤਿਆਰਿਆਂ (ਪਾਪੀਆਂ) ਵਾਲਾ ਕੰਮ ਕਰਦਾ ਹੈ। ਇਸ ਖੋਟੀ ਮਤ ਦਾ ਅਸਰ ਇਹ ਹੁੰਦਾ ਹੈ ਕਿ ਪੁੱਤਰ ਆਪਣੀ ਪਤਨੀ ਨੂੰ ਲੈ ਕੇ ਅਲੱਗ ਹੋ ਜਾਂਦਾ ਹੈ, ਪੁੱਤਰ ਦਾ ਇਹ ਕਰਮ ਬਹੁਤ ਖੋਟੀ ਚਾਲ ਵਾਲਾ ਹੁੰਦਾ ਹੈ।

*ਕਾਮਣਿ ਕਾਮਣਿਆਰੀਐ ਕੀਤੌਂ*
*ਕਾਮਣ ਕੰਤ ਪਿਆਰੇ।*
*ਜੰਮੇ ਸਾਈਂ ਵਿਸਾਰਿਆ*
*ਵੀਵਾਹਿਆਂ ਮਾਂ ਪਿਓ ਵਿਸਾਰੇ।*
*ਸੁੱਖਾਂ ਸੁੱਖਿ ਵਿਵਾਹਿਆ*
*ਸਉਣੁ ਸੰਜੋਗ ਵਿਚਾਰਿ ਵਿਚਾਰੇ॥*
*ਪੂਤ ਨੂਹੈਂ ਦਾ ਮੇਲੁ ਵੇਖਿ*
*ਅੰਗ ਨ ਮਾਵਨਿ ਮਾਂ ਪਿਓ ਵਾਰੇ।*
*ਨੂੰਹੁ ਨਿਤ ਕੰਤ ਕੁਮੰਤ ਦੇਇ*
*ਮਾਂ ਪਿਓ ਛੱਡਿ ਵਡੇ ਹਤਿਆਰੇ।*
*ਵੱਖ ਹੋਵੈ ਪੁਤੁ ਰੰਨਿ ਲੈ*
*ਮਾਂ ਪਿਉ ਦੇ ਉਪਕਾਰੁ ਵਿਸਾਰੇ।*
*ਲੋਕਾਚਾਰ ਹੁਇ ਵਡੇ ਕੁਚਾਰੇ।*

**ਭਾਈ ਗੁਰਦਾਸ ਜੀ, ਵਾਰ 37/12**

ਇਸ ਤਰ੍ਹਾਂ ਦੇ ਨਾਲ ਜੋ ਪੁੱਤਰ ਵਾਸ਼ਨਾ ਹੈ ਪੁੱਤਰ ਪ੍ਰਾਪਤੀ ਲਈ ਬੜੇ ਨਖਿੱਧ ਕਰਮ ਕੀਤੇ ਜਾਂਦੇ ਹਨ। ਜਦੋਂ ਪੁੱਤਰ ਕੋਈ ਵੀ ਧਿਆਨ ਨਹੀਂ ਦਿੰਦਾ ਉਸ ਵੇਲੇ ਮਾਂ ਬਾਪ ਨੂੰ ਕਿੰਨਾ ਦੁਖ ਹੁੰਦਾ ਹੋਵੇਗਾ ਇਸ ਦਾ ਅੰਦਾਜ਼ਾ ਓਹੀ ਲਾ ਸਕਦੇ ਹਨ।

'ਚਲਦਾ...........।"

# ਸਿਮਰਉ ਸਿਮਰਿ ਸਿਮਰਿ ਸੁਖ ਪਾਵਉ

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

*(ਲੜੀ ਜੋੜਨ ਲਈ ਦੇਖੋ, ਦਸੰਬਰ 23 ਅੰਕ, ਪੰਨਾ-45)*

ਇਹ ਤਾਂ ਜਾਣਾ ਹੈ ਜਦੋਂ ਅਸੀਂ ਇਸ ਤਰ੍ਹਾਂ ਕਰਾਂਗੇ।

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਅੰਗ - ੩੦੫*

ਇਹ ਪਾਪ ਜਿਹੜੇ ਨੇ ਇਹ ਦੋਖ ਲੱਗੇ ਹੋਏ-

*ਪਾਪ ਕਰਹਿ ਪੰਚਾਂ ਕੇ ਬਸਿ ਰੇ ॥*
*ਤੀਰਥਿ ਨਾਇ ਕਹਹਿ ਸਭਿ ਉਤਰੇ ॥ ਅੰਗ- ੧੩੪੮*

ਇਹ ਨਹੀਂ ਹੁੰਦਾ ਕਿ ਤੀਰਥ 'ਤੇ ਨਹਾ ਲਏ ਤੇ ਪਾਪ ਉਤਰ ਗਏ। ਉਥੇ ਚਲੇ ਗਏ ਤਾ -

*ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥*
*ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥*
*ਅੰਗ - ੭੮੯*

ਮਨ ਵਿਚ ਤਾਂ ਐਡੀਆਂ ਵਾਸ਼ਨਾਵਾਂ ਹਨ। ਮਨੋ ਨਾਸ਼, ਵਾਸ਼ਨਾ ਖ੍ਰੈ, ਤੱਤ੍ਵ ਗਿਆਨ, ਮਲ, ਵਿਖਸ਼ੇਪ, ਆਵਰਨ ਦੋਸ਼ ਪਏ ਨੇ। ਮੈਲ ਜਿਹੜੀ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ- ੬੫੧*

ਅੰਤਸ਼ਕਰਣ ਚਾਰ ਦਾ ਜੋੜ ਹੈ, ਮਨ, ਚਿੱਤ, ਬੁੱਧ, ਅਹੰਭਾਵ। ਐਨਾ ਮੈਲਾ ਹੋ ਗਿਆ ਸ਼ੀਸ਼ਾ। ਉਹਦੇ 'ਤੇ ਪਰਮ ਆਪੇ ਦੇ ਦਰਸ਼ਨ ਨਹੀਂ ਹੋਣ ਦਿਤੇ ਜਾਂਦੇ। ਕਿਉਂਕਿ -

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥ ਅੰਗ- ੫੫੮*

ਇਸ ਕਰਕੇ ਅੰਦਰੋਂ ਜਿਹੜੀ ਗੱਲ ਹੈ, ਉਹ ਬਣਨੀ ਹੈ। ਅੰਦਰੋਂ ਜਿਹੜੀ ਮੈਲ ਹੈ ਉਸ ਨੂੰ ਧੋਣਾ ਹੈ। ਉਹ ਮੈਲ ਕਿਵੇਂ ਉਤਰਦੀ ਹੈ? ਪਹਿਲਾਂ ਕਰਮ ਨਾਲ ਮੈਲ ਦੂਰ ਹੁੰਦੀ ਹੈ। ਮਲ, ਵਿਖਸ਼ੇਪ ਤੇ ਆਵਰਨ ਦਾ ਖਾਤਮਾ ਕਰਮ, ਉਪਾਸਨਾ, ਗਿਆਨ ਨਾਲ ਹੋਣਾ ਹੈ -

*ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥*
*ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥*
*ਅੰਗ- ੭੮੯*

ਸਾਧ ਭਲੇ ਕਿਉਂ ਹਨ? ਕਿਉਂਕਿ ਉਹਨਾਂ ਨੇ ਸਾਧਨਾ ਕੀਤੀ ਹੈ -

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਅੰਗ- ੬੮੭*

ਅਸਲ ਦੇ ਵਿਚ ਜਿਹੜਾ ਨਾਮ ਹੈ, ਬਾਹਰੋਂ ਤਾਂ ਮਿਲਦਾ ਨਹੀਂ। ਇਹ ਤਾਂ ਸਾਧਨਾ ਕਰਦੇ-ਕਰਦੇ, ਮਨ ਨੂੰ ਸਾਧਦੇ-ਸਾਧਦੇ; ਸਰੀਰ ਦੇ ਸਾਰੇ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਨੇ, ਅੰਦਰ ਨੂੰ ਤਾਂ ਇੱਕੋ ਹੀ ਦਰਵਾਜ਼ਾ ਹੈ, ਉਹ ਵੀ ਐਸਾ ਹੈ -

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ- ੯੫੪*

ਖੁਲ੍ਹਣਾ ਕਿਵੇਂ ਹੈ? 'ਗੁਰ ਸਬਦਿ ਖੁਲੀਜੈ'। ਗੁਰੂ ਦੇ ਸ਼ਬਦ ਦੀ ਚਾਬੀ ਲੱਗਣੀ ਹੈ। ਜਿਹਨੇ ਇਹ ਬਜਰ ਕਪਾਟ ਲਾਏ ਨੇ, ਉਸੇ ਦੇ ਹੱਥ 'ਚ ਚਾਬੀ ਹੈ। ਜਿਹੜੀ ਉਹਨੂੰ ਚਾਬੀ ਲੱਗਣੀ ਹੈ, ਇਹ ਚਾਰ ਅੱਖਰ ਹੀ ਨੇ, ਇਹਨਾਂ ਦੀ ਚਾਬੀ ਲੱਗਣੀ ਹੈ।

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ ਅੰਗ- ੨੮੬*

ਮਨ ਤੇ ਤਨ ਦਾ ਸਾਰਾ ਸਬੰਧ ਹੈ।

ਸੋ ਗੁਰੂ ਪਾਤਸ਼ਾਹ ਜੀ ਨੇ ਇਸ ਪਾਵਨ ਧਰਤੀ 'ਤੇ ਪ੍ਰੈਕਟੀਕਲ ਰੂਪ 'ਚ ਸਿਧਾਤ ਪ੍ਰਗਟ ਕੀਤਾ। ਮਹਾਂਪੁਰਸ਼ਾਂ ਨੇ 'ਆਤਮ ਮਾਰਗ' ਮੈਗਜ਼ੀਨ ਸ਼ੁਰੂ ਕੀਤਾ, ਉਹਦੇ ਵਿਚ ਜਿਹੜੇ ਸਿਧਾਂਤ ਨੇ ਉਹ ਪ੍ਰਗਟ ਕੀਤੇ ਨੇ। ਗੁਰਬਾਣੀ ਦੇ ਪ੍ਰਕਾਸ਼ ਵਿਚ ਸਾਰੀ ਲਿਖਤ ਪ੍ਰਕਾਸ਼ਿਤ ਹੁੰਦੀ ਹੈ। ਇਕ ਵੀ ਅੱਖਰ ਤੁਹਾਨੂੰ ਲੱਭਣਾ ਨਹੀਂ ਜਿਹੜਾ ਕੋਈ ਰਾਗ ਜਾਂ ਦਵੈਸ਼ ਦਾ ਹੈ। ਇਹ ਤਾਂ ਅਦ੍ਵੈਤ ਸਿਧਾਂਤ ਹੈ ਸਾਰਾ ਹੀ।

ਹੁਣ ਭਾਈ ਘਨੱਈਆ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਤੋਂ ਇਹ ਉਪਦੇਸ਼ ਲਿਆ। ਸ਼ਬਦ ਲਿਆ। ਮੰਤਰ ਲਿਆ ਕਿਉਂਕਿ ਗੁਰੂ ਨਾਮ ਨਹੀਂ ਦਿੰਦਾ, ਨਾਮ ਤਾਂ ਅੰਦਰੋਂ ਮਿਲਦਾ ਹੈ। ਇਹ ਬੈਖਰੀ ਬਾਣੀ ਤੋਂ ਮਧਮਾ, ਮਧਮਾ ਬਾਣੀ ਤੋਂ ਪਸੰਤੀ, ਪਸੰਤੀ ਤੋਂ ਪਰਾ, ਨਾਭੀ 'ਤੇ ਜ਼ੋਰ ਦੇਣਾ ਹੈ। ਨਾਭੀ ਇਕ ਜੀਵਨ ਸ਼ਕਤੀ, ਰੀੜ੍ਹ ਦੀ ਹੱਡੀ ਦੇ ਦੁਆਲੇ ਤਿੰਨ ਨਾੜਾਂ ਲਿਪਟੀਆਂ ਨੇ। ਇੜਾ, ਪਿੰਗਲਾ, ਸੁਖਮਨਾ। ਪਹਿਲੇ ਯੋਗੀਆਂ ਦਾ ਕੀ ਕੰਮ ਸੀ ਕਿ ਅੰਦਰ ਚਾਨਣ ਪੈਦਾ ਕਰਨਾ। ਸਵਾਸ ਦੀ ਗਰਮੀ ਦੇ ਨਾਲ ਭੁਚੰਗਾ ਨਾੜੀ ਦੇ ਉਪਰੋਂ ਮਾਸ ਉਤਾਰਨਾ ਤੇ ਫੇਰ ਲਾਈਟ ਪੈਦਾ ਕਰਨਾ। ਪਰ ਗੁਰੂ ਮਹਾਰਾਜ ਨੇ ਕਿਹਾ ਹੈ ਕਿ ਕਲਜੁਗ ਦਾ ਸਮਾਂ ਹੈ ਦਿਲ ਦਿਮਾਗ

ਤਾਕਤਵਰ ਨਹੀਂ। ਇਹਦੀ ਤਾਬ ਨਹੀਂ ਝੱਲ ਸਕਣਗੇ। ਉਹਨਾਂ ਨੇ ਫੇਰ ਇਹ ਕਿਹਾ -

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥* ਅੰਗ - ੩੦੫

ਸੋ ਇਹ ਕਰਨਾ ਹੁੰਦਾ ਹੈ ਪਰ ਅਸੀਂ ਕਰਦੇ ਉਲਟਾ ਹੀ ਹਾਂ। ਅੰਮ੍ਰਿਤ ਵੇਲਾ ਹੁੰਦਾ ਹੈ ਸਪੀਕਰਾਂ ਤੋਂ ਅਵਾਜ਼ਾਂ ਆਉਂਦੀਆਂ ਹਨ। ਉੱਚੀ ਅਵਾਜ਼ ਦੇ ਵਿਚ ਕਿੰਨੇ ਪਾਸੇ ਸਪੀਕਰ ਲਗ ਜਾਂਦੇ ਹਨ। ਉਠਦੇ ਹੀ ਬਾਣੀ ਪੜ੍ਹਨੀ ਸ਼ੁਰੂ ਹੋ ਜਾਂਦੀ ਹੈ। ਕੋਈ ਮਾੜੀ ਗੱਲ ਨਹੀਂ। ਪਰ ਸਮੇਂ ਨਾਲ ਸੋਭਦਾ ਹੈ -

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
ਅੰਗ- ੩੦੫

ਅੰਮ੍ਰਿਤ ਵੇਲੇ ਹੁੰਦੈ, ਪੂਰਨ ਸ਼ਾਤੀ ਦੇ ਵਿਚ ਕੀ ਕਰੋ ਉਸ ਸਮੇਂ। ਦੁਨੀਆਂ ਤਾਂ ਗ਼ਫ਼ਲਤ ਦੀ ਨੀਂਦ ਵਿਚ ਸੁੱਤੀ ਪਈ ਹੁੰਦੀ ਹੈ। ਤੁਸੀਂ ਉਠ ਕੇ ਬੈਠੋ, ਮਹਾਂਪੁਰਸ਼ਾਂ ਦੀ ਰਤਵਾੜਾ ਸਾਹਿਬ ਬ੍ਰਹਮ ਮਹੂਰਤ ਸਮੇਂ, ਅੰਮ੍ਰਿਤ ਵੇਲੇ ਸਭ ਤੋਂ ਪਹਿਲਾਂ ਇਹੀ ਅਵਾਜ਼ ਰੋਜ਼ ਕੰਨਾਂ 'ਚ ਸੁਣਾਈ ਦਿੰਦੀ ਹੈ। ਉਠ ਕੇ ਬੈਠੋ, ਸਿੱਧੇ ਬੈਠੋ, ਦੇਖੋ ਸਵਾਸ ਨੂੰ ਆਉਂਦਾ ਹੈ, ਜਾਂਦਾ ਹੈ। ਫੇਰ ਉਹ ਕਹਿਣਗੇ ਕਿ ਸਰੀਰ ਨੂੰ ਕੱਸੋ ਨਾ। ਜਿਵੇਂ ਤਾਰ ਨੂੰ ਬਹੁਤੀ ਕਸ ਲੈਂਦੇ ਹਾਂ ਤਾਂ ਇਹ ਟੁੱਟ ਜਾਏਗੀ। ਬਹੁਤੀ ਢਿੱਲੀ ਛੱਡ ਦਿਓ ਫੇਰ ਸੁਰ ਨਹੀਂ ਨਿਕਲਦਾ। ਇਸ ਕਰਕੇ ਸਰੀਰ ਨੂੰ ਤਾ ਢਿੱਲਾ ਛੱਡਣਾ ਹੈ ਪਰ ਰੀੜ੍ਹ ਦੀ ਹੱਡੀ ਸਿੱਧੀ ਰੱਖਣੀ ਹੈ। ਸਾਰਾ ਦਸਦੇ ਹਨ। 'ਸੁਰਤਿ ਸਬਦਿ ਮਾਰਗ' ਪੁਸਤਕ ਵਿਚ ਦਸਿਆ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਜਗਤ ਮਾਤਾ ਧੰਨ-ਧੰਨ ਮਾਤਾ ਜੀਤੋ ਜੀ ਨੂੰ ਜੋ ਉਪਦੇਸ਼ ਬਖਸ਼ਿਸ਼ ਕੀਤਾ ਹੈ। 7 ਸਤਿਸੰਗਾਂ ਦਾ ਸੰਗ੍ਰਹਿ ਹੈ, ਉਹਦੇ ਵਿਚ ਅੰਦਰ ਦੀ ਅਵਸਥਾ ਸਾਰੀ ਖੁਲ੍ਹਦੀ ਚਲੀ ਜਾਂਦੀ ਹੈ, ਜੇ ਉਹ ਉਪਦੇਸ਼ ਅਸੀਂ ਵੀ ਦ੍ਰਿੜ੍ਹ ਕਰ ਲਈਏ। ਮਾਤਾ ਜੀ ਨੇ ਕਰ ਲਿਆ, ਉਹਨਾਂ ਨੂੰ ਇਹ ਸਾਰਾ ਦ੍ਰਿਸ਼ਟਾਂਤ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਹਿਲਾਂ ਹੀ ਨਜ਼ਰ ਆ ਗਿਆ। ਭਜਨ 'ਚ ਬੈਠੇ ਨੇ ਕੀ ਦੇਖਦੇ ਨੇ ਆਹ ਤਾਂ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪੈ ਗਿਆ। ਅੰਦਰ ਬਹੁਤ ਔਖਾ ਵਕਤ ਗੁਜ਼ਰ ਰਿਹਾ ਏ। ਛੋਲਿਆਂ ਦੀ ਇਕ-ਇਕ ਮੁੱਠ ਸਾਹਿਬਜ਼ਾਦਿਆਂ ਨੂੰ ਛਕਣ ਦੀ ਮਿਲਦੀ ਹੈ। ਪੱਤੇ ਉਬਾਲ ਕੇ ਛਕ ਲਏ ਦਰਖ਼ਤਾਂ ਦੇ। ਦਰਖ਼ਤਾਂ ਦੀ ਛਿਲ ਵੀ ਲਾਹ-ਲਾਹ ਕੇ ਖਾ ਲਈ। ਪਰਸਾਦੀ ਹਾਥੀ ਵਰਗੇ ਮਰ ਗਏ। ਐਨਾ ਜ਼ਬਰਦਸਤ ਘੇਰਾ ਪਿਆ ਹੋਇਆ ਹੈ। ਅੱਠ ਮਹੀਨੇ ਬਾਅਦ ਜਦੋਂ ਕਿਲ੍ਹਾ ਛੱਡਿਆ, ਸਰਸਾ 'ਤੇ ਪਰਿਵਾਰ ਦਾ ਵਿਛੋੜਾ ਪੈ ਗਿਆ। ਫੇਰ ਦੇਖਿਆ ਕਿ ਵੱਡੇ ਸਾਹਿਬਜ਼ਾਦੇ ਚਮਕੌਰ ਦੇ ਜੰਗ ਵਿਚ ਸ਼ਹਾਦਤ ਦਾ ਜਾਮ ਪੀ ਰਹੇ ਨੇ। ਫੇਰ ਦੇਖਿਆ ਕਿ ਨਿੱਕੀਆਂ ਜਿੰਦਾਂ ਵੱਡਾ ਸਾਕਾ, ਸਰਹੰਦ ਦੀਆਂ ਨੀਹਾਂ ਵਿਚ ਚਿਣੇ ਜਾ ਰਹੇ ਨੇ। ਮਾਤਾ ਜੀ ਵੀ ਸ਼ਹਾਦਤ ਦਾ ਜਾਮ ਪੀ ਰਹੇ ਨੇ। ਸਾਰਾ ਦੇਖ ਲਿਆ। ਗੁਰੂ ਪਾਤਸ਼ਾਹ ਨੂੰ ਬੇਨਤੀ ਕੀਤੀ ਕਿ ਮਹਾਰਾਜ! ਆਹ ਕੀ ਮੈਂ ਧਿਆਨ ਵਿਚ ਦੇਖਿਆ। ਗੁਰੂ ਮਹਾਰਾਜ ਕਹਿਣ ਲੱਗੇ ਕਿ ਧਰਤੀ ਦੇ ਰੰਗ ਮੰਚ 'ਨਾਟਕ ਖੇਡੇ ਜਾਂਦੇ ਨੇ ਪਰ ਇਹ ਜੋ ਨਾਟਕ ਹੈ, ਇਹ ਬਚਿਤ੍ਰ ਨਾਟਕ ਹੈ। ਇਹ ਬਚਿਤ੍ਰ ਕਥਾ ਹੈ -

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥* ਅੰਗ - ੮੫੫

ਉਹਨਾਂ ਦਾ ਕੀ ਆਉਣਾ ਕੀ ਜਾਣਾ। ਮਮਤਾ ਦੇ ਅਧੀਨ ਮਾਤਾ ਜੀ ਕਹਿਣ ਲੱਗੇ ਕਿ ਪਾਤਸ਼ਾਹ! ਵੰਸ ਤਾਂ ਬਚਾ ਲਓ। ਬੱਚਿਆਂ ਨੂੰ ਭੇਜ ਦਿਓ, ਇਸ ਬਲਦੀ ਅੱਗ ਤੋਂ ਬਚ ਜਾਣਗੇ। ਮਹਾਰਾਜ ਕਹਿਣ ਲੱਗੇ, ਕਿ ਤੁਸੀਂ ਯੋਗ ਕਮਾਇਆ ਹੈ ਅੰਸ ਬੰਸ ਰੱਖਣ ਵਾਸਤੇ? ਇਹ ਤਾਂ ਅਮਰ ਜੋਤਾਂ, ਐਸੀਆਂ ਜੋਤਾਂ ਨੂੰ ਕੌਣ ਬੁਝਾ ਸਕਦਾ ਹੈ। ਇਸ ਕਰਕੇ ਇਹ ਬਚਿਤ੍ਰ ਨਾਟਕ ਹੋਣਾ ਹੀ ਹੋਣਾ ਹੈ। ਮਾਤਾ ਜੀ ਕਹਿਣ ਲੱਗੇ ਮੇਰੇ ਤੋਂ ਇਹ ਸਭ ਦੇਖ ਨਹੀਂ ਹੋਣਾ। ਗੁਰੂ ਮਹਾਰਾਜ ਕਹਿਣ ਲੱਗੇ, ਚੰਗਾ ਤੁਸੀਂ ਪਹਿਲਾਂ ਚਲੇ ਜਾਓ। ਮਾਤਾ ਜੀਤੋ ਜੀ ਨੇ ਫੇਰ ਬ੍ਰਹਮ ਰੁੰਦਰ ਦੇ ਰਾਹੀਂ ਪ੍ਰਾਣ ਤਿਆਗ ਦਿਤੇ। ਕਿੱਡੀ ਅਵਸਥਾ ਪ੍ਰਾਪਤ ਸੀ। ਸੋ ਇਸੇ ਉਪਦੇਸ਼ ਨੂੰ ਜੇ ਅਪਣਾਅ ਲਈਏ। ਭਾਈ ਘਨੱਈਆ ਜੀ ਨੇ ਕਮਾਇਆ। ਹੁਣ ਸੁਰਤ ਐਨੀ ਉੱਚੀ ਚੜ੍ਹ ਗਈ ਸਵਾਸ ਦੀ ਮਦਦ ਲੈ ਕੇ, ਨਾਭੀ ਦੇ ਜ਼ੋਰ ਦੇ ਸਵਾਸ ਖਾਲੀ ਨਹੀਂ ਜਾਣ ਦਿੰਦੇ। ਉਠਦੇ ਨੇ ਤਦ ਵੀ, ਸੌਂਦੇ ਨੇ ਤਾਂ ਵੀ, ਬੈਠਦੇ ਨੇ ਤਦ ਵੀ, ਖਾਂਦੇ ਨੇ ਤਦ ਵੀ। ਕਦੇ ਵੀ ਅਜਾਈਂ ਮੌਕਾ ਨਹੀਂ ਗਵਾਉਣ ਦਿੰਦੇ ਕਿਉਂਕਿ ਜੇ ਪ੍ਰਸ਼ਾਦ ਪਾਣੀ ਵੀ ਸਾਮ੍ਹਣੇ ਆ ਗਿਆ। ਉਹਦੇ ਉਤੇ ਵੀ ਮੰਤਰ ਪੜ੍ਹਿਆ। ਉਹ ਵੀ ਪ੍ਰਸ਼ਾਦ ਬਣ ਗਿਆ। ਮੂਲਮੰਤ੍ਰ ਪੜ੍ਹ ਕੇ ਛਕਿਆ। ਜਦੋਂ ਸੌਣ ਲੱਗੇ, ਫੇਰ ਪੈ ਕੇ ਕਰਦੇ ਰਹੇ। ਸਵੇਰੇ ਉਠਦੇ ਹੀ ਜੇ ਬੈਠ ਗਏ ਫੇਰ ਕਰ ਲਿਆ ਕਿਉਂਕਿ -

*ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥* ਅੰਗ- ੪੫੬

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥* ਅੰਗ - ੬੧੧

ਪਹਿਲਾਂ ਸਮ ਹੈ, ਦਮ ਹੈ, ਯਮ ਹੈ, ਨਿਯਮ ਹੈ, ਆਸਣ ਹੈ। ਆਸਣ ਹੁੰਦੈ ਕਿ ਸਰੀਰ ਦਾ ਕੋਈ

ਅੰਗ ਨਹੀਂ ਹਿੱਲਣ ਦੇਣਾ। ਜੇ 45 ਕੁ ਮਿੰਟ ਬੈਠਣ ਦਾ ਅਭਿਆਸ ਬਣ ਗਿਆ ਤਾਂ ਫੇਰ ਅੰਦਰ ਦਾ ਰਸਤਾ ਖੁਲ੍ਹਦਾ ਹੈ। ਜੇ ਸਮ ਤੇ ਦਮ ਤੇ ਸਖ਼ਤੀ ਨਾਲ ਪਹਿਰਾ ਦਿਤਾ। ਆਸਣ ਸਿੱਧ ਕੀਤਾ। ਸਵਾਸ 'ਤੇ ਜਦੋਂ ਤੁਸੀਂ ਪ੍ਰਾਣਾਯਾਮ ਕਰਦੇ ਹੋਂ, ਆਲਸ ਨਹੀਂ ਆਏਗੀ, ਆਕਸੀਜਨ ਦੀ ਘਾਟ ਨਹੀਂ ਆਏਗੀ, ਆਕਸੀਜਨ ਦੀ ਘਾਟ ਆਉਂਦੀ ਹੈ ਤਾਂ ਉਬਾਸੀ ਆਉਂਦੀ ਹੈ। ਸਮਝੋ ਕਿ ਇਹ ਨੀਂਦ ਦਾ ਬੁਲਾਵਾ (indication) ਆ ਗਿਆ। ਕਾਰਬਨ ਡਾਈਆਕਸਾਈਡ ਦੁਆਲੇ ਵਧ ਗਈ। ਉਸੇ ਸਮੇਂ ਇਨਸਾਨ ਸੌਂ ਜਾਂਦਾ ਹੈ। ਫੇਰ ਉਹ ਸੁਪਨਿਆਂ ਨੀਂਦ ਵਿਚ ਚਲਿਆ ਜਾਂਦਾ ਹੈ। ਹਿਤਾ ਨਾੜੀ ਹੈ ਕੰਠ 'ਚ। 12-12 ਸੈਕਿੰਟ ਦੇ ਸੁਪਨੇ ਆਈ ਜਾਂਦੇ ਨੇ। ਕਈਆਂ ਨੂੰ ਤਾਂ ਚੁਪੀਤੇ ਹਮਲੇ (silent attack) ਆ ਜਾਂਦੇ ਨੇ। ਇਹ ਤਾਂ ਇਕ ਛੋਟਾ ਜਿਹਾ ਪ੍ਰਾਣਾਯਾਮ ਹੈ, ਅੰਦਰ ਸਵਾਸ ਜਾਂਦੈ 'ਵਾਹਿ' ਬਾਹਰ ਨੂੰ ਆਉਂਦਾ 'ਗੁਰੂ' ਕਹਿਨੈ। ਮਨ ਦੌੜਦਾ ਹੈ। ਮਨ ਤੂੰ ਕਿਹੜੇ ਜੰਜਾਲਾਂ 'ਚ ਪੈ ਗਿਆ। ਇਹ ਤੇਰਾ ਦੇਸ਼ ਨਹੀਂ। ਇਹ ਤਾਂ ਛੱਡ ਜਾਣਾ ਹੈ। ਜਿਥੇ ਜਾਣਾ ਹੈ ਓਧਰ ਨੂੰ ਧਿਆਨ ਲਿਜਾ। ਬਹਿਰੰਗ ਸਾਧਨ ਤੋਂ ਬਾਅਦ ਅੰਤਰੰਗ ਸਾਧਨ ਸ਼ੁਰੂ ਹੋਣਾ ਹੈ। ਧਾਰਨਾ ਕੀ ਹੈ? 12 ਸੈਕਿੰਡ ਦੀ ਇਕ ਧਾਰਨਾ ਹੈ। 12 ਧਾਰਨਾ ਦਾ ਧਿਆਨ ਬਣ ਜਾਂਦਾ ਹੈ। ਤਕਰੀਬਨ ਢਾਈ ਕੁ ਮਿੰਟ। ਇਸੇ ਕਰਕੇ ਅਭਿਆਸ ਜੋੜ ਦਿਤਾ ਜਾਂਦੈ ਨਾਲ ਕਿ ਜੇ ਅੱਧਾ ਕੁ ਮਿੰਟ 'ਤੇ ਸਵਾਸ ਨੂੰ ਜੇ ਲੈ ਆਓ-ਡੂੰਘਾ ਸਵਾਸ ਲੈ ਕੇ ਛੱਡੋ। ਫੇਰ ਕੀ ਹੋਏਗਾ? ਮਨ ਦੌੜੇਗਾ ਨਹੀਂ। ਮਨ ਦੌੜਦੈ ਸਵਾਸ ਨਾਲ। ਫੇਰ ਢਾਈ ਮਿੰਟ ਰੁਕਣ ਤੋਂ ਬਾਅਦ ਧਿਆਨ ਬਣ ਗਿਆ। ਧਿਆਨ ਤੋਂ ਬਾਅਦ ਫੇਰ ਸਮਾਧੀ। ਇਕ ਸਾ ਵਿਕਲਪ ਸਮਾਧੀ ਹੈ, ਜਿਸ ਵਿਚ ਪਤਾ ਲਗ ਜਾਂਦਾ ਹੈ ਸਮੇਂ ਦਾ। ਸੰਕਲਪ, ਵਿਕਲਪ ਨੇ। ਇਕ ਸੰਪਰਗਿਆਤ ਸਮਾਧੀ ਹੈ, ਅਸੰਪਰਗਿਆਤ ਸਮਾਧੀ ਹੈ। ਨਿਰਵਿਕਲਪ ਸਮਾਧ ਐਸੀ ਸਮਾਧੀ ਹੈ। ਭਾਈ ਘਨੱਈਆ ਜੀ ਨੇ ਇਹ ਅਵਸਥਾ ਪ੍ਰਾਪਤ ਕਰ ਲਈ। ਆਹ ਸਮਾਧੀ ਉਹਨਾਂ ਦੀ ਲੱਗੀ ਰਹਿੰਦੀ ਹੈ।

*ਆਠ ਪਹਰ ਜਨੁ ਹਰਿ ਹਰਿ ਜਪੈ ॥ ਅੰਗ- ੨੬੫*

ਉਹ ਜਿਹੜੇ ਅੱਠ ਪਹਿਰ ਨੇ। ਚਾਰ ਪਹਿਰ ਦਿਨ ਹੈ, ਚਾਰ ਪਹਿਰ ਰਾਤ ਹੈ। ਇਹ ਕਿਵੇਂ ਹੁੰਦਾ ਹੈ? ਕਿਉਂਕਿ ਅਵਸਥਾਵਾਂ ਐਨੀਆਂ ਉੱਚੀਆਂ ਹੋ ਜਾਂਦੀਆਂ ਨੇ। ਹੁਣ ਓਸ ਜਗ੍ਹਾ 'ਤੇ ਦੇਹ ਅਧਿਆਸ ਟੁੱਟ ਜਾਂਦਾ ਹੈ।

ਸੋ ਭਾਈ ਘਨੱਈਆ ਜੀ ਨੇ ਐਨੀ ਉੱਚੀ ਅਵਸਥਾ ਪ੍ਰਾਪਤ ਕਰ ਲਈ -

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ- ੯੪੧*

ਦਸਮ ਦੁਆਰ 'ਚ ਵੀ, ਆਗਿਆ ਚੱਕਰ 'ਚ ਵੀ, ਸਹੰਸਾਰਾਰ ਦਲ ਕਮਲ ਦੀ ਤ੍ਰਿਕੁਟੀ ਤੋੜੀ। ਫੇਰ ਗਿਆਤਾ ਗਿਆਨ ਇਕ ਹੋ ਗਿਆ। ਦਸਮ ਦੁਆਰ 'ਚ ਵੀ ਜਪਿਆ। ਫੇਰ ਐਸੀ ਗੱਲ ਬਣ ਗਈ -

*ਅਨਹਤ ਬਾਣੀ ਥਾਨੁ ਨਿਰਾਲਾ ॥*
*ਤਾ ਕੀ ਧੁਨਿ ਮੋਹੇ ਗੋਪਾਲਾ ॥ ਅੰਗ- ੧੮੬*

ਫੇਰ ਕੀ ਦਿਸਦਾ ਹੈ?

*ਗੁਰਮੁਖਿ ਸਗਲੀ ਗਣਤ ਮਿਟਾਵੈ ॥ ਅੰਗ- ੯੪੨*

ਗਿਣਤੀਆਂ-ਮਿਣਤੀਆਂ ਤੋਂ ਬਾਹਰ ਦੀ ਗੱਲ ਹੋ ਗਈ। ਫੇਰ ਨਹੀਂ ਕੋਈ ਦੁਸ਼ਮਣ ਨਜ਼ਰ ਆਇਆ-

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ- ੧੨੯੯*

ਫੇਰ ਦੇਖ ਲਓ, ਰੈਡ ਕਰਾਸ ਤਾਂ ਬਾਅਦ 'ਚ ਬਣੀ ਹੈ। ਭਾਈ ਘਨੱਈਆ ਜੀ ਨੇ ਪਹਿਲਾਂ ਹੀ ਇਸ ਦੀ ਨੀਂਹ ਰੱਖ ਦਿਤੀ ਕਿ ਦੁਸ਼ਮਣ ਤੇ ਮਿੱਤਰ ਵਿਚ ਕੋਈ ਭੇਤ ਨਹੀਂ ਜਾਨਣਾ। ਮੁਗ਼ਲ ਖਾਨ ਨੇ ਬੀੜਾ ਚੁੱਕਿਆ ਸੀ ਕਿ ਅੱਜ ਮੈਂ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਨੂੰ ਜਾਂ ਤਾਂ ਮੈਂ ਸ਼ਹੀਦ ਕਰ ਦੇਵਾਂਗਾ ਜਾਂ ਮੈਂ ਵਾਪਸ ਨਹੀਂ ਆਵਾਂਗਾ, ਆਪਣਾ ਆਪਾ ਕੁਰਬਾਨ ਕਰ ਦੇਵਾਂਗਾ। ਪਰ ਹੋਇਆ ਕੀ? ਆਪਾ ਹੀ ਸਮਰਪਿਤ ਕਰ ਬੈਠਿਆ। ਜਦੋਂ ਭਾਈ ਘਨੱਈਆ ਜੀ ਨੇ ਜਲ ਆਬ-ਏ-ਹਿਆਤ ਪਿਲਾਇਆ -

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*
*ਅੰਗ- ੨੭੩*

ਓਸ ਪਵਿੱਤਰ ਹੱਥਾਂ ਤੋਂ ਜਲ ਛਕਾਇਆ। ਚਾਰਜ ਕੀਤਾ ਜਲ ਮੂੰਹ 'ਚ ਪਾਇਆ ਉਸਦੇ। ਸਾਰਾ ਵੈਰ ਵਿਰੋਧ ਹੀ ਭੁਲਾ ਦਿਤਾ। ਸਾਧ ਬਣਾ ਦਿਤਾ। ਪਹਾੜਾਂ 'ਤੇ ਚਲਾ ਗਿਆ। ਫੇਰ ਨਹੀਂ ਉਹ ਮੁੜ ਕੇ ਆਇਆ।

ਜਦੋਂ ਗੁਰੂ ਮਹਾਰਾਜ ਜੀ ਕੋਲ ਭਾਈ ਘਨੱਈਆ ਜੀ ਦੀ ਸ਼ਿਕਾਇਤ ਪਹੁੰਚੀ ਸੀ ਤਾਂ ਮਹਾਰਾਜ ਜੀ ਨੇ ਹੋਰ ਕ੍ਰਿਪਾ ਕਰ ਦਿਤੀ ਕਿ ਤੁਸੀਂ ਮਲ੍ਹਮ ਵੀ ਲਾਇਆ ਕਰੋ, ਜਿਥੇ ਪਾਣੀ ਪਿਲਾਉਂਦੇ ਹੋਂ।

ਸੋ ਐਸੀ ਭਰਪੂਰ ਕ੍ਰਿਪਾ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਈ। ਸੋ 6 ਪੋਹ ਦੀ ਰਾਤ 7 ਦਾ ਬ੍ਰਹਮ ਮਹੂਰਤ ਓਸ ਸਮੇਂ ਗੁਰੂ ਪਾਤਸ਼ਾਹ ਜੀ ਨੇ ਉਪਦੇਸ਼ ਦ੍ਰਿੜ੍ਹ ਕਰਵਾਇਆ।

*ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥*

# ਵਾਰਾਂ ਭਾਈ ਗੁਰਦਾਸ ਜੀ
## ਸਟੀਕ

*ਸਿੰਘ ਸਾਹਿਬ ਗਿਆਨੀ ਮਨੀ ਸਿੰਘ*

ਵਾਰ ੪

੧. (ਵਸਤੂ ਨ੍ਰਿਦੇਸ਼ ਮੰਗਲ। ਮਨੁੱਖਾ ਦੇਹ ਸਫਲ ਕਿਵੇਂ ਹੈ?)

੧. ਓਅੰਕਾਰਿ ਅਕਾਰੁ ਕਰਿ ਪਉਣੁ ਪਾਣੀ ਬੈਸੰਤਰੁ ਧਾਰੇ।
੨. ਧਰਤਿ ਅਕਾਸ ਵਿਛੋੜਿਅਨੁ ਚੰਦੁ ਸੂਰੁ ਦੁਇ ਜੋਤਿ ਸਵਾਰੇ।
੩. ਖਾਣੀ ਚਾਰਿ ਬੰਧਾਨ ਕਰਿ ਲਖ ਚਉਰਾਸੀਹ ਜੂਨਿ ਦੁਆਰੇ।
੪. ਇਕਸ ਇਕਸ ਜੂਨਿ ਵਿਚਿ ਜੀਅ ਜੰਤੁ ਅਣਗਣਤੁ ਅਪਾਰੇ।
੫. ਮਾਣਸ ਜਨਮੁ ਦੁਲੰਭੁ ਹੈ ਸਫਲ ਜਨਮੁ ਗੁਰ ਸਰਣਿ ਉਧਾਰੇ।
੬. ਸਾਧਸੰਗਤਿ ਗੁਰਸਬਦਿ ਲਿਵ ਭਾਇ ਭਗਤਿ ਗੁਰ ਗਿਆਨ ਵੀਚਾਰੇ।
੭. ਪਰਉਪਕਾਰੀ ਗੁਰੂ ਪਿਆਰੇ।

ਪਦਾਰਥ - ਵਿਛੋੜਿਅਨੁ=ਵਿਚ ਛੱਡਿਓ ਨੇ। ਦੁਆਰੇ=ਸਰੀਰ। ਦੁਲੰਭੁ=ਦੁਰਲਭ।

ਅਰਥ - (ਵਾਹਿਗੁਰੂ ਨੇ) ਓਅੰਕਾਰ ਤੋਂ ਆਕਾਰ ਬਣਾ ਕੇ ਪੌਣ, ਪਾਣੀ, ਬੈਸੰਤਰ (ਧਰਤੀ ਤੇ ਆਕਾਸ਼ ਪੰਜ ਮੂਲ ਪਦਾਰਥ) ਬਨਾਏ। 2. (ਫੇਰ) ਧਰਤੀ ਨੂੰ ਆਕਾਸ਼ ਵਿਚ ਛੋੜਿਆ, ਚੰਦ ਤੇ ਸੂਰਜ (ਇਸ ਲਈ) ਦੋ ਜੋਤਾਂ ਸਵਾਰ (ਕੇ ਧਰੀਆਂ) 3. (ਫੇਰ) ਚਾਰ ਖਾਣੀਆਂ ਦਾ ਬੰਧਾਨ ਕਰਕੇ ਚੁਰਾਸੀ ਲੱਖ ਜੂਨ ਦੇ ਸਰੀਰ ਬਨਾਏ। 4. ਇਕ-ਇਕ ਜੂਨ ਵਿਚ ਅਨਗਿਣਤ ਤੇ ਅਪਾਰ ਜੀਵ ਜੰਤ ਹੀ ਬਨਾ ਦਿਤੇ। 5. (ਸਭਨਾਂ ਵਿਚੋਂ) ਮਨੁੱਖਾ ਜਨਮ ਦੁਰਲੱਭ ਹੈ, ਇਹ ਜਨਮ ਸਫਲ ਹੈ (ਜੇ) ਗੁਰੂ ਦੀ ਸ਼ਰਨ ਲੈ ਕੇ (ਇਸ ਦਾ) ਉਧਾਰ ਕਰੇ। 6. ਸਤਿਸੰਗ (ਕਰੇ), ਗੁਰ ਸ਼ਬਦ ਵਿਚ ਲਿਵ (ਜੋੜੇ), ਪ੍ਰੇਮਾ ਭਗਤੀ (ਕਮਾਵੇ ਤੇ) ਗੁਰੂ ਦਾ ਦਸਿਆ ਗਿਆਨ ਵੀਚਾਰੇ। 7. ਪਰ ਉਪਕਾਰੀ ਹੋਵੇ ਤੇ ਗੁਰੂ ਨੂੰ ਪਿਆਰ ਕਰੇ।

੨. (ਨਿੰਮ੍ਰਤਾ)

੧. ਸਭਦੂੰ ਨੀਵੀ ਧਰਤਿ ਹੈ ਆਪੁ ਗਵਾਇ ਹੋਈ ਓਡੀਣੀ।
੨. ਧੀਰਜੁ ਧਰਮੁ ਸੰਤੋਖੁ ਦ੍ਰਿੜੁ ਪੈਰਾ ਹੇਠਿ ਰਹੈ ਲਿਵਲੀਣੀ।
੩. ਸਾਧ ਜਨਾ ਦੇ ਚਰਣ ਛੁਹਿ ਆਢੀਣੀ ਹੋਈ ਲਾਖੀਣੀ।
੪. ਅੰਮ੍ਰਿਤ ਬੂੰਦ ਸੁਹਾਵਣੀ ਛਹਬਰ ਛਲਕ ਰੇਣ ਹੋਇ ਰੀਣੀ।
੫. ਮਿਲਿਆ ਮਾਣੁ ਨਿਮਾਣੀਐ ਪਿਰਮ ਪਿਆਲਾ ਪੀਇ ਪਤੀਣੀ।
੬. ਜੋ ਬੀਜੈ ਸੋਈ ਲੁਣੈ ਸਭ ਰਸ ਕਸ ਬਹੁ ਰੰਗ ਰੰਗੀਣੀ।
੭ ਗੁਰਮੁਖਿ ਸੁਖ ਫਲੁ ਹੈ ਮਸਕੀਣੀ।

ਪਦਾਰਥ - ਓਡੀਣੀ=ਨਿਮਾਣੀ। ਲਿਵਲੀਣੀ=ਪ੍ਰੀਤ ਰੱਖਦੀ ਹੈ। ਆਢੀਣੀ=ਅੱਧੇ ਦਾਮ ਦੀ, ਭਾਵ ਧੇਲੇ ਦੀ। ਲਾਖੀਣੀ=ਲੱਖਾਂ ਦੀ। ਛਹਬਰ ਛਲਕ=ਇਕ ਰਸ ਝੜੀ, ਪ੍ਰਵਾਹ। ਰੇਣ=ਧਰਤੀ, ਰੀਣੀ=ਰਜਦੀ ਹੈ। ਪਤੀਣੀ=ਪਤੀਜਨਾ। ਮਸਕੀਣੀ=ਗਰੀਬੀ।

ਅਰਥ - 1. ਸਭ ਤੋਂ ਨੀਵੀਂ ਧਰਤੀ ਹੈ; ਆਪਾ ਭਾਵ ਗਵਾ ਕੇ ਨਿਮਾਣੀ ਰਹਿੰਦੀ ਹੈ। 2. ਧੀਰਜ ਤੇ

ਸੰਤੋਖ ਦਾ ਧਰਮ ਪੱਕਾ ਰਖਦੀ ਹੈ, ਪੈਰਾਂ ਦੇ ਹੇਠ ਰਹਿਣ ਦੀ ਪ੍ਰੀਤੀ ਰਖਦੀ ਹੈ 3. ਸੰਤਾਂ ਦੇ ਚਰਨਾਂ ਨੂੰ ਸਪਰਸ਼ ਕਰਕੇ ਇਕ ਧੇਲੇ ਦੀ ਹੋ ਕੇ ਲੱਖਾਂ ਦੀ ਹੋ ਜਾਂਦੀ ਹੈ। 4. ਨਿਰਮਲ ਬੂੰਦਾਂ ਦੀ ਸੁੰਦਰ ਇਕ ਰਸ (ਛਲਕ) ਝੜੀ ਨਾਲ ਧਰਤੀ ਰਜਦੀ ਹੈ। 5. ਨਿਮਾਣੀ ਨੂੰ ਮਾਣ ਮਿਲ ਜਾਂਦਾ ਹੈ, (ਪਰਮ=ਈਸ਼੍ਵਰ ਦਾ (ਭੇਜਿਆ) ਪਿਆਲਾ ਪੀ ਕੇ ਪਤੀਜਦੀ ਹੈ। ਭਾਵ ਤ੍ਰਿਪਤ ਹੋ ਜਾਂਦੀ ਹੈ। 6. ਜੋ (ਕੋਈ ਉਸ ਵਿਖੇ) ਬੀਜਦਾ ਹੈ ਓਹੋ ਵੱਢਦਾ ਹੈ, ਵੱਡੇ ਰਸਾਂ ਤੇ ਰੰਗਾਂ ਨਾਲ ਰੰਗੀ ਹੋਈ (ਜੋ ਇਹ ਧਰਤੀ ਹੈ) 7. ਗੁਰਮੁਖ ਲੋਕ ਸੁਖ ਫਲ ਗਰੀਬੀ ਵਿਖੇ (ਹੀ ਜਾਣਦੇ ਹਨ)'

ਭਾਵ ਧਰਤੀ ਦਾ ਦ੍ਰਿਸ਼ਟਾਂਤ ਦੇ ਕੇ ਉਪਦੇਸ਼ ਕੀਤਾ ਹੈ, ਧਰਤੀ ਨਿਮਾਣੀ ਹੈ, ਨਿੰਮ੍ਰਤਾ ਰਖਦੀ ਹੈ। ਉਸ ਪਰ ਸੰਤ ਰਹਿੰਦੇ ਹਨ। ਸੰਤਾਂ ਦੇ ਸਪਰਸ਼ ਕਰਕੇ ਪਵਿੱਤਰ ਹੋ ਜਾਂਦੀ ਹੈ। ਫੇਰ ਆਕਾਸ਼ ਤੋਂ ਮੀਂਹ ਵਰ੍ਹਦੇ ਹਨ, ਧਰਤੀ ਤ੍ਰਿਪਤ ਹੋ ਜਾਂਦੀ ਹੈ। ਅਸਲ ਵਿਚ ਇਹ ਦ੍ਰਿਸ਼ਟਾਂਤ ਅੰਨਯੋਕਤੀ ਅਲੰਕਾਰ ਦੁਆਰਾ ਹੈ।

### ੩. (ਚਰਨਾਂ ਦਾ ਦ੍ਰਿਸ਼ਟਾਂਤ)

੧. ਮਾਣਸ ਦੇਹ ਸੁ ਖੇਹ ਹੈ ਤਿਸੁ ਵਿਚਿ ਜੀਭੈ ਲਈ ਨਕੀਬੀ।<br>
੨. ਅਖੀ ਦੇਖਿਨਿ ਰੂਪ ਰੰਗ ਰਾਗ ਨਾਦ ਕੰਨ ਕਰਨਿ ਰਕੀਬੀ।<br>
੩. ਨਕਿ ਸੁਵਾਸੁ ਨਿਵਾਸੁ ਹੈ ਪੰਜੇ ਦੂਤ ਬੁਰੀ ਤਰਤੀਬੀ।<br>
੪. ਸਭਦੂੰ ਨੀਵੇ ਚਰਨ ਹੋਇ ਆਪ ਗਵਾਇ ਨਸੀਬੁ ਨਸੀਬੀ।<br>
੫. ਹਉਮੈ ਰੋਗ ਮਿਟਾਇਦਾ ਸਤਿਗੁਰ ਪੂਰਾ ਕਰੇ ਤਬੀਬੀ।<br>
੬. ਪੈਰੀ ਪੈ ਰਹਰਾਸਿ ਕਰਿ ਗੁਰ ਸਿਖ ਸੁਣਿ ਗੁਰ ਸਿਖਿ ਮਨੀਬੀ।<br>
੭. ਮੁਰਦਾ ਹੋਇ ਮੁਰੀਦੁ ਗਰੀਬੀ।

ਪਦਾਰਥ - ਨਕੀਬੀ=ਉਹ ਨੌਕਰ ਜੋ ਅੰਦਰ ਦੀ ਗੱਲ ਬਾਹਰ ਦੱਸੇ। ਆਵਾਜ਼ ਦੇਣ ਵਾਲਾ ਨੌਕਰ। ਸਰਦਾਰੀ। ਰਕੀਬੀ=ਨਿਗਹਬਾਨੀ, ਰਾਖੀ। ਤਰਤੀਬੀ=ਕ੍ਰਮ, ਸਲਾਹ ਵਾਲੇ। ਨਸੀਬੁ ਨਸੀਬੀ=ਉਚੇ ਲੇਖਾਂ ਵਾਲੇ। ਤਬੀਬੀ=ਹਕੀਮੀ। ਮਨੀਬੀ=ਮਨਨ ਕਰਨਾ।

ਅਰਥ - 1. ਮਨੁੱਖ ਦੇਹ ਮਿੱਟੀ ਹੈ, ਉਸ ਵਿਖੇ ਜੀਭ ਨੇ ਨਕੀਬੀ ਦਾ ਕੰਮ ਲਿਆ ਹੈ। 2. ਅੱਖਾਂ ਰੂਪ ਰੰਗ ਦੇਖਦੀਆਂ ਹਨ, ਰਾਗ ਨਾਦ ਦੀ ਕੰਨ ਰਾਖੀ ਕਰਦੇ ਹਨ (ਗੁਆਚਣ ਨਹੀਂ ਦੇਂਦੇ ਅੰਦਰ ਪਹੁੰਚਾਉਂਦੇ ਹਨ) 3. ਨੱਕ ਦਾ ਚੰਗੀਆਂ ਵਾਸ਼ਨਾ ਵਿਚ ਧਿਆਨ ਹੈ, ਪੰਜੇ ਦੂਤ (ਅਰਥਾਤ ਸ਼ਬਦ, ਸਪਰਸ਼, ਰੂਪ, ਰਸ, ਗੰਧ) ਭੈੜੀ ਤਰਤੀਬ (ਸਲਾਹ ਯਾ ਕ੍ਰਮ) ਵਾਲੇ ਹਨ। ਭਾਵ ਕੰਨ ਸ਼ਬਦ ਨੂੰ, ਤੁਚਾ ਸਪਰਸ਼ ਨੂੰ, ਰੂਪ ਨੇਤ੍ਰ ਨੂੰ, ਜੀਭ ਰਸ ਨੂੰ, ਨਕ ਗੰਧ ਨੂੰ ਚਾਹੁੰਦੇ ਹਨ। 4. ਸਾਰੀਆ (ਗਿਆਨ ਇੰਦ੍ਰੀਆਂ) ਨਾਲੋਂ ਚਰਨ ਨੀਵੇਂ ਹੋਏ, (ਇਹ) ਆਪਾ ਭਾਵ ਗਵਾ ਕੇ (ਉਚੇ) ਨਸੀਬਾਂ ਨਾਲ ਭਾਗਾਂ ਵਾਲੇ ਹਨ। 5. ਸਤਿਗੁਰੂ ਜੀ ਪੂਰਨ ਹਕੀਮੀ ਕਰਕੇ ਹਉਮੈ ਦੇ ਰੋਗ ਨੂੰ ਮਿਟਾ ਦਿੰਦੇ ਹਨ। 6. ਪੈਰੀ ਪੈਣ ਦੀ ਰਾਹ ਰੀਤ ਕਰਕੇ ਗੁਰ ਸਿਖਿਆ ਨੂੰ ਸੁਣ ਕੇ ਗੁਰੂ ਦੇ ਸਿਖ ਮਨਨ ਕਰਦੇ ਹਨ (ਭਾਵ ਧਾਰਨ ਕਰਦੇ ਹਨ) 7. ਜੋ ਗਰੀਬ ਮੁਰਦਾ ਹੋ ਜਾਵੇ ਉਹ ਮੁਰੀਦੀ (ਸਿੱਖੀ ਦੇ ਜੋਗ ਹੁੰਦਾ ਹੈ)

ਭਾਵ - ਜੀਭ, ਨੱਕ, ਕੰਨ, ਅੱਖਾਂ ਆਦਿ ਉਚੇ ਥਾਉਂ ਤੇ ਹਨ, ਪਰ ਇਹ ਪੰਜਾਂ ਵਿਸ਼ਿਆਂ ਦੇ ਅਧੀਨ ਹੋ ਜਾਂਦੇ ਤੇ ਉਨ੍ਹਾਂ ਦੀ ਪੂਰਨਤਾ ਕਰਦੇ ਹਨ। ਪਰ ਪੈਰ ਸਭ ਤੋਂ ਨੀਵੇਂ, ਸਾਰੇ ਸਰੀਰ ਦਾ ਕੰਮ ਸੁਆਰਦੇ ਹਨ, ਸਤਿਸੰਗ ਪਾਸ ਤੁਰ ਕੇ ਜਾਂਦੇ ਹਨ ਅਰ ਗੁਰੂ ਹਉਮੈ ਰੋਗ ਕੱਟ ਦੇਂਦਾ ਹੈ। ਇਨ੍ਹਾਂ ਹੀ ਪੈਰਾਂ ਤੇ ਫੇਰ ਮੱਥਾਂ ਟੇਕੀਦਾ ਹੈ, ਐਉਂ ਮੁਰਦਾ ਹੋ ਕੇ ਮੁਰੀਦ ਗਰੀਬ ਬਣੋ।

# ਭਾਈ ਨੰਦ ਲਾਲ ਜੀ
## (ਜ਼ਿੰਦਗੀਨਾਮਾ)

ਹਰ ਦਮੇ ਕੂ ਬਾ ਖ਼ੁਦਾ ਵਾਸਿਲ ਬਵਦ
ਹਾਸਿਲਿ ਈਂ ਉਮਰ ਰਾ ਹਾਸਿਲ ਬਵਦ॥

ਉਹ ਹਰ ਦਮ ਰੱਬ ਨਾਲ ਜੁੜਿਆ ਰਹਿੰਦਾ ਹੈ, ਉਸ ਨੂੰ ਇਸ ਜੀਵਨ ਦਾ ਸੱਚਾ ਫਲ ਪ੍ਰਾਪਤ ਹੋ ਜਾਂਦਾ ਹੈ।

ਹਾਸਿਲਿ ਈਂ ਉਮਰ ਪੇਸ਼ਿ ਮੁਰਸ਼ਿਦ ਅਸਤ
ਨਾਮਿ ਹੱਕ ਚੂੰ ਬਰ ਜ਼ੁਬਾਨਸ਼ ਫਾਰਦਿ ਅਸਤ॥

ਇਸ ਜੀਵਨ ਦਾ ਫਲ ਗੁਰੂ ਕੋਲ ਹੈ, ਰੱਬ ਦਾ ਜਾਪ ਉਸ ਦੀ ਰਸਨਾ ਉਤੇ ਰਹਿੰਦਾ ਹੈ।

ਮੁਰਸ਼ਦਿ ਕਾਮਿਲ ਬਵਦ ਦੀਦਾਰਿ ਹੱਕ
ਕਜ਼ ਜ਼ੁਬਾਨਸ਼ ਬਿਸ਼ਨਵੀ ਅਸਰਾਰਿ ਹੱਕ॥

ਸਤਿਗੁਰੂ ਰੱਬ ਦਾ (ਸਾਖਿਆਤ) ਦੀਦਾਰ ਹੁੰਦਾ ਹੈ, ਇਸ ਲਈ ਤੂੰ ਉਸ ਦੀ ਰਸਨਾ ਤੋਂ ਰੱਬ ਦੇ ਭੇਤ ਸੁਣ।

ਸੂਰਤਿ ਹੱਕ ਮੁਰਸ਼ਦਿ ਕਾਮਿਲ ਬਵਦ।
ਨਕਸ਼ਿ ਊ ਦਾਇਮ ਦਰੂਨਿ ਦਿਲ ਬਵਦ॥

ਪੂਰਨ ਸਤਿਗੁਰੂ ਰੱਬ ਦਾ ਹੀ ਸਰੂਪ ਹੁੰਦਾ ਹੈ, ਉਸ ਦੀ ਮੂਰਤ ਸਦਾ ਦਿਲ ਵਿਚ ਵਸਦੀ ਹੈ।

ਨਕਸ਼ਿ ਊ ਚੂੰ ਦਰ ਦਿਲਿ ਕਸ ਜਾ ਕੁਨਦ
ਹਰਫ਼ਿ ਹੱਕ ਅੰਦਰ ਦਿਲਸ਼ ਮਾਵਾ ਕੁਨਦ॥

ਉਸ ਦੀ ਮੂਰਤ ਜਦ ਕਿਸੇ ਦੇ ਦਿਲ ਵਿਚ ਵਸ ਜਾਂਦੀ ਹੈ, ਤਾਂ ਰੱਬ ਦਾ ਇਕੋ ਅੱਖਰ ਉਸਦੇ ਦਿਲ ਵਿਚ ਘਰ ਕਰ ਲੈਂਦਾ ਹੈ।

ਖ਼ਾਸਤਮ ਤਰਤੀਬਿ ਈਂ ਦੁੱਰ ਦਾਨਾ ਰਾ
ਕਿ ਆਸ਼ਨਾ ਸਾਜ਼ਦ ਦਿਲਿ ਬੇਗ਼ਾਨਾ ਰਾ॥

ਮੈਂ ਇਨ੍ਹਾਂ ਮੋਤੀਆਂ ਦੇ ਦਾਨਿਆਂ ਨੂੰ ਇਸ ਲਈ ਪਰੋਇਆ ਹੈ, ਕਿ ਇਹ ਤਰਤੀਬ ਅਗਿਆਤ ਦਿਲਾਂ ਨੂੰ (ਰੱਬ ਦੇ ਭੇਤਾਂ ਤੋਂ) ਵਾਕਫ਼ ਕਰ ਦੇਵੇ।

ਆਬਿ ਹੈਵਾਂ ਪੁਰ ਸ਼ੁਦਾ ਚੂ ਜਾਮਿ ਊ
ਜ਼ਿੰਦਗੀ ਨਾਮਾ ਸ਼ੁਦਾ ਜ਼ਾਂ ਨਾਮਿ ਊ॥

(ਇਹ ਗ੍ਰੰਥ) ਪਿਆਲੇ ਵਾਂਗ ਜ਼ਿੰਦਗੀ ਦੇ ਅੰਮ੍ਰਿਤ ਨਾਲ ਭਰਿਆ ਹੋਇਆ ਹੈ, ਇਸ ਲਈ ਇਸ ਦਾ ਨਾਮ 'ਜ਼ਿੰਦਗੀ ਨਾਮਾ' ਹੋ ਗਿਆ ਹੈ।

ਕਜ਼ ਤਕੱਲੁਮ ਬੂਇ ਇਰਫ਼ਾਂ ਆਇਦਸ਼
ਵਜ਼ ਦਿਲਿ ਆਲਮ ਨਿਗਾਹ ਬਿਕੁਸ਼ਾਇਦਸ਼॥

ਇਸ ਦੇ ਕਲਾਮ ਵਿਚੋਂ ਰੱਬੀ ਗਿਆਨ ਦੀ ਸੁਗੰਧੀ ਆਉਂਦੀ ਹੈ, ਇਸ ਨਾਲ ਇਕ ਸੰਸਾਰ ਦੇ ਦਿਲ ਦੀ ਗੰਢ ਖੁਲ੍ਹ ਜਾਂਦੀ ਹੈ।

ਹਰ ਕਿ ਖ਼ਾਨਦ ਅਜ਼ ਰਹਿ ਲੁਤਫ਼ੋ ਕਰਮ
ਗਰਦਦਸ਼ ਦਰ ਰਾਹਿ ਇਰਫ਼ਾਂ ਮੁਹਤਰਿਮ॥

ਜਿਹੜਾ ਵੀ ਇਸ ਨੂੰ ਰੱਬ ਦੀ ਮਿਹਰ ਅਤੇ ਕ੍ਰਿਪਾ ਸਹਿਤ ਪੜ੍ਹਦਾ ਹੈ, ਉਹ ਗਿਆਨਵਾਨਾਂ ਵਿਚ ਸਤਿਕਾਰ ਪਾਉਂਦਾ ਹੈ।

ਹਸਤ ਜ਼ਿਕਰਿ ਆਰਿਫ਼ਾਨਿ ਪਾਕ ਰਾ
ਆਂ ਕਿ ਊ ਰੌਸ਼ਨ ਕੁਨਦ ਇਦਰਾਕ ਰਾ॥

ਇਸ (ਗ੍ਰੰਥ) ਵਿਚ ਪਵਿੱਤ੍ਰ ਰੱਬੀ ਗਿਆਨਵਾਨਾਂ ਦਾ ਵਰਨਣ ਹੈ, ਇਹ ਵਰਨਣ ਬੁੱਧੀ ਅਤੇ ਸੂਝ ਨੂੰ ਰੌਸ਼ਨ ਕਰਦਾ ਹੈ।

ਨੀਸਤ ਦਰ ਵੈ ਮੁੰਦਰਜ ਐ ਬਾ-ਖ਼ਬਰ
ਗ਼ੈਰ ਹਰਫ਼ਿ ਬੰਦਗੀ ਹਰਫ਼ਿ ਦਿਗਰ॥

ਹੇ ਜਾਣਕਾਰ! ਇਸ ਵਿਚ ਬਿਨਾਂ ਰੱਬ ਦੀ ਬੰਦਗੀ ਦੇ, ਹੋਰ ਕੋਈ ਦੂਜਾ ਅੱਖਰ ਦਰਜ ਨਹੀਂ।

ਯਾਦਿ ਹੱਕ ਸਰਮਾਯਾ-ਇ ਰੌਸ਼ਨ ਦਿਲੀਸਤ
ਗ਼ੈਰ ਯਾਦਿ ਹੱਕ ਹਮਾ ਬੇ-ਹਾਸਲੀਸਤ॥

ਰੱਬ ਦੀ ਯਾਦ ਚਾਨਣੇ ਦਿਲਾਂ ਦੀ ਪੂੰਜੀ ਹੈ, ਰੱਬ ਦੀ ਯਾਦ ਤੋਂ ਛੁੱਟ ਬਾਕੀ ਸਭ ਕੁਝ ਵਿਅਰਥ ਹੈ।

ਹਰਫ਼ਿ ਦੀਗਰ ਨੀਸਤ ਗ਼ੈਰ ਅਜ਼ ਯਾਦਿ ਹੱਕ
ਯਾਦਿ ਹੱਕ ਹਾਂ ਯਾਦਿ ਹੱਕ ਹਾਂ ਯਾਦਿ ਹੱਕ॥

ਰੱਬ ਦੀ ਯਾਦ ਤੋਂ ਛੁੱਟ ਹੋਰ ਕੋਈ ਦੂਜਾ ਹਰਫ਼ ਨਾ ਪੜ੍ਹ, ਰੱਬ ਦੀ ਯਾਦ, ਹਾਂ ਰੱਬ ਦੀ ਯਾਦ, ਬੱਸ ਰੱਬ ਦੀ ਯਾਦ।

ਯਾ ਇਲਾਹੀ ਹਰ ਦਿਲਿ ਪਜ਼ਮੁਰਦਾ ਰਾ
ਸਬਜ਼ ਕੁਨ ਹਰ ਖ਼ਾਤਿਰਿ ਅਫ਼ਸੁਰਦਾ ਰਾ॥

ਹੇ ਅਕਾਲ ਪੁਰਖ! ਹਰ ਮੁਰਝਾਏ ਹੋਏ ਦਿਲ ਨੂੰ ਹਰਿਆ ਕਰ, ਹਰ ਕੁਮਲਾਏ ਹਿਰਦੇ ਨੂੰ ਹਰਿਆ ਕਰ।

ਯਾ ਇਲਾਹੀ ਯਾਵਰੀ ਕੁਨ ਬੰਦਾ ਰਾ
ਸੁਰਖ਼ਰੂ ਕੁਨ ਹਰ ਦਿਲਿ ਸ਼ਰਮਿੰਦਾ ਰਾ॥

ਹੇ ਅਕਾਲ ਪੁਰਖ! ਇਸ ਬੰਦੇ (ਸੇਵਕ) ਦਾ ਸਹਾਈ ਹੋ, ਹਰ ਸ਼ਰਮਿੰਦੇ ਦਿਲ ਨੂੰ ਸੁਰਖਰੂ ਕਰ।

ਦਰ ਦਿਲਿ ਗੋਯਾ ਹਵਾਇ ਸ਼ੋਕ ਬਖ਼ਸ਼
ਬਰ ਜ਼ੁਬਾਨਸ਼ ਜ਼ੱਰਾ-ਇ ਅਜ਼ ਜੋਕ ਬਖ਼ਸ਼।

ਹੇ ਅਕਾਲ ਪੁਰਖ! ਗੋਯਾ ਦੇ ਦਿਲ ਵਿਚ ਪ੍ਰੇਮ ਦੀ ਚਾਹ ਬਖਸ਼, ਗੋਯਾ ਦੀ ਜੀਭ ਪੁਰ ਆਪਣੇ ਚਾਉ ਦਾ ਇਕ ਕਿਣਕਾ ਬਖਸ਼।

ਤਾ ਨਾ ਬਾਸ਼ਦ ਵਿਰਦਿ ਆਂ ਜੁਜ਼ ਯਾਦਿ ਹੱਕ
ਤਾਂ ਨ ਖ਼ਾਨਦ ਗ਼ੈਰ ਹੱਕ ਦੀਗਰ ਸਬਕ॥

ਤਾਂ ਜੋ ਰੱਬ ਦੀ ਯਾਦ ਤੋਂ ਛੁੱਟ ਹੋਰ ਦੂਜਾ ਕੋਈ ਸਿਮਰਨ ਨਾ ਕਰੇ, ਤਾਂ ਜੋ ਰੱਬ ਦੇ ਪ੍ਰੇਮ ਤੋਂ ਬਿਨਾਂ ਹੋਰ ਦੂਜਾ ਕੋਈ ਸਬਕ ਨਾ ਪੜ੍ਹੇ।

ਤਾ ਨ ਗੀਰਦ ਗ਼ੈਰ ਨਾਮਿ ਜ਼ਿਕਰਿ ਹੱਕ
ਤਾ ਨ ਗੋਇਦ ਹਰਫ਼ਿ ਗ਼ੈਰ ਅਜ਼ ਫ਼ਿਕਰਿ ਹੱਕ॥

ਤਾਂ ਜੋ ਬਿਨਾਂ ਰੱਬ ਦੇ ਸਿਮਰਨ ਦੇ ਹੋਰ ਦੂਜਾ ਕੋਈ ਨਾਮ ਨਾ ਲਵੇ, ਤਾਂ ਜੋ ਬਿਨਾਂ ਰੱਬ ਦੇ ਦਿਆਨ ਦੇ ਹੋਰ ਦੂਜਾ ਕੋਈ ਸ਼ਬਦ ਨਾ ਕਹੇ।

ਦੀਦਾ ਅਜ਼ ਦੀਦਾਰਿ-ਹੱਕ ਪੁਰ-ਨੂਰ ਕੁਨ
ਗ਼ੈਰ ਹੱਕ ਅਜ਼ ਖ਼ਾਤਰਿ ਦਿਲਿ ਦੂਰ ਕੁਨ।

ਹੇ ਅਕਾਲ ਪੁਰਖ! ਮੇਰੀਆਂ ਅੱਖਾਂ ਨੂੰ ਰੱਬ ਦੇ ਦੀਦਾਰ ਨਾਲ ਨੂਰੋ ਨੂਰ ਕਰ ਦੇ, ਮੇਰੇ ਦਿਲ ਵਿਚੋਂ ਰੱਬ ਤੋਂ ਬਿਨਾਂ ਸਭ ਕੁਝ ਦੂਰ ਕਰ ਦੇ।

## ਗੰਜਨਾਮਾ

ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ

ਗੁਰੂ ਗੋਬਿੰਦ ਗੋਪਾਲ ਗੁਰ ਪੂਰਨ ਨਾਰਾਇਣਹਿ।
ਗੁਰ ਦਿਆਲ ਸਮਰੱਥ ਗੁਰ ਗੁਰ ਨਾਨਕ ਪਤਿਤ ਉਦਾਰਣਹਿ॥
ਦਿਲੋ ਜ਼ਾਨਮ ਬ-ਹਰ ਸਬਾਹੋ ਮਸਾ
ਸਰੋ ਫ਼ਰਕਮ ਜ਼ਿ ਰੂਇ ਸਿਦਕੋ ਸਫ਼ਾ।
ਬਾਦ ਬਰ ਮੁਰਸ਼ਦ ਤਰੀਕਿ ਨਿਸਾਰ
ਅਜ਼ ਸਰਿ ਇਜਜ਼ ਸਦ ਹਜ਼ਾਰਾਂ ਬਾਰ।

ਮੇਰਾ ਦਿਲ ਅਤੇ ਜਾਨ ਹਰ ਸਵੇਰ ਅਤੇ ਸ਼ਾਮ, ਮੇਰਾ ਸਿਰ ਤੇ ਮੱਥਾ ਸਿਦਕ ਸਫ਼ਾਈ ਨਾਲ, ਆਪਣੇ ਗੁਰੂ ਤੋਂ ਕੁਰਬਾਨ ਜਾਵੇ, ਨਿਮਰਤਾ ਸਹਿਤ ਲੱਖਾਂ ਵਾਰ ਕੁਰਬਾਨ ਹੋਵੇ।

ਕਿ ਜ਼ਿ ਇਨਸਾਂ ਮਲਿਕ ਨਮੂਦਸਤ ਊ
ਇਜ਼ਤਿ ਖ਼ਾਕੀਆਂ ਫ਼ਜ਼ੂਦਸਤ ਊ॥

ਕਿਉਂ ਜੋ ਉਸ ਨੇ ਮਨੁੱਖਾਂ ਵਿਚੋਂ ਦੇਵਤੇ ਪ੍ਰਗਟ ਕੀਤੇ, ਉਸ ਨੇ ਮਿੱਟੀ ਦੇ ਜੀਵਾਂ ਦੇ ਮਾਨ ਸਤਿਕਾਰ ਵਧਾ ਦਿਤੇ।

ਖ਼ਾਸਗਾਂ ਜੁਮਲਾ ਖ਼ਾਕਿ ਪਾਇ ਊ
ਹਮਾ ਮਕਲੂਤੀਆਂ ਫਿਦਾਇ ਊ॥

ਉਸ ਦੇ ਸਤਿਕਾਰੇ ਹੋਏ ਸਾਰੇ ਹੀ ਉਸ ਦੇ ਚਰਨਾਂ ਦੀ ਧੂੜ ਹਨ, ਸਾਰੇ ਦੇਵੀ-ਦੇਵਤੇ ਉਸ ਤੋਂ ਕੁਰਬਾਨ ਹਨ।

ਗਰ ਫ਼ਿਰੋਜ਼ਦ ਹਜ਼ਾਰ ਮਿਹਰੋ ਮਾਹ
ਆਲਮੇ ਦਾਂ ਜੁਜ਼ ਊ ਤਮਾਮ ਸਿਆਹ॥

ਭਾਵੇਂ ਹਜ਼ਾਰਾਂ ਸੂਰਜ ਚੰਨ ਪਏ ਚਮਕਣ, ਪਰ ਉਸ ਗੁਰੂ ਤੋਂ ਬਿਨਾਂ ਸਾਰਾ ਜਹਾਨ ਘੋਰ ਅੰਨੇਰਾ ਹੈ।

ਮੁਰਸ਼ਦਿ ਪਾਕ ਨੂਰਿ ਹੱਕ ਆਮਦ
ਜ਼ਾਂ ਸਬੱਬ ਦਰ ਦਿਲਮ ਸਬਕ ਆਮਦ॥

ਪਾਕ ਪਵਿੱਤਰ ਮੁਰਸ਼ਦ ਰੱਬ ਦਾ ਹੀ ਨੂਰ ਹੈ, ਇਸੇ ਕਾਰਣ ਉਹ ਮੇਰੇ ਦਿਲ ਵਿਚ ਵਸਿਆ।

ਆਂ ਕਸਾਨੇ ਕਿ ਜ਼ੋ ਯਾਦ ਆਰੰਦ
ਸਮਰਾ-ਏ ਜਾਨੋ ਦਿਲ ਬਬਾਦ ਆਰੰਦ।

ਉਹ ਮਨੁੱਖ ਜਿਹੜੇ ਉਸ ਨੂੰ ਯਾਦ ਨਹੀਂ ਕਰਦੇ, ਸਮਝੋ ਕਿ ਉਨ੍ਹਾਂ ਆਪਣੀ ਜਾਨ ਅਤੇ ਦਿਲ ਦਾ ਫਲ ਅੰਵਾਈ ਗਵਾ ਲਿਆ।

ਮਜ਼ਰਾ-ਇ ਪੁਰ ਸਮਰ ਬ-ਅਰਜ਼ਨੀ
ਚੂੰ ਮ-ਬੀਨਦ ਜ਼ਿ ਦੂਰ ਸੇਰਾਨੀ॥

ਇਸ ਸਸਤੇ ਫਲਾਂ ਨਾਲ ਭਰੇ ਖੇਤ ਨੂੰ ਜਦ ਉਹ ਦੂਰੋਂ ਰੱਜ ਕੇ ਵੇਖਦਾ ਹੈ।

ਇੰਬਸਾਤ ਆਇਦਸ਼ ਅਜ਼ਾਂ ਦੀਦਨ
ਬਰ ਸ਼ਤਾਬਦ ਜ਼ਿ ਬਹਿਰਿ ਬਰਚੀਦਨ॥

ਤਾਂ ਉਸ ਨੂੰ ਵੇਖਣ ਵਿਚ ਆਨੰਦ ਪ੍ਰਾਪਤ ਹੁੰਦਾ ਹੈ ਅਤੇ ਉਹ ਉਨ੍ਹਾਂ ਫਲਾਂ ਨੂੰ ਤੋੜਨ ਲਈ ਨੱਸਦਾ ਹੈ।

ਲੇਕ ਹਾਸਿਲ ਨਿਆਰਦ ਅਜ਼ ਵੈ ਬਾਰ
ਬਾਜ਼ ਗਰਦਦ ਗੁਰਜਨਾ ਖ਼ੁਆਰੋ ਨਜ਼ਾਰ॥

ਪਰ ਉਸ ਖੇਤ 'ਚੋਂ ਉਸ ਨੂੰ ਕੋਈ ਫ਼ਲ ਪ੍ਰਾਪਤ ਨਹੀਂ ਹੁੰਦਾ, ਅਤੇ ਉਹ ਫੇਰ ਭੁੱਖਾ ਤਿਹਾਇਆ ਅਤੇ ਕਮਜ਼ੋਰ ਮੁੜ ਜਾਂਦਾ ਹੈ।

ਗ਼ੈਰ ਸਤਿਗੁਰ ਹਮਾ ਬ-ਦਾਂ ਮਾਨਦ
ਕਾਂ ਚੁਨਾਂ ਜ਼ਰਇ ਬਾਰ-ਵਰ ਦਾਨਦ॥

ਸਤਿਗੁਰ ਤੋਂ ਬਿਨਾਂ ਸਭ ਕੁਝ ਇਸੇ ਤਰ੍ਹਾਂ ਸਮਝ, ਜਿਵੇਂ ਝਾੜਾਂ ਅਤੇ ਕੰਡਿਆਂ ਨਾਲ ਭਰਿਆ ਹੋਇਆ ਖੇਤ ਹੋਵੇ।

*'ਚਲਦਾ.....।'*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-48)*

ਪੰਖੀ ਬਿਰਖਿ ਸੁਹਾਵੜਾ
ਸਚੁ ਚੁਗੈ ਗੁਰ ਭਾਇ ॥

ਜੋ ਜੀਵ ਆਤਮਾ ਰੂਪੀ ਪੰਖੀ=ਪੰਛੀ, ਬਿਧ ਨਿਖੇਧ ਰੂਪੀ ਖੰਭਾਂ ਨੂੰ ਧਾਰਨ ਕਰ ਕੇ ਸੰਸਾਰ ਰੂਪੀ ਬਿਰਖਿ=ਬ੍ਰਿਛ ਤੇ ਸੁਹਾਵੜਾ=ਸ਼ੋਭਨੀਕ ਹੋ ਰਹੇ ਹਨ ਵਾ: ਵੈਰਾਗ ਬਿਬੇਕ ਰੂਪੀ ਖੰਭਾਂ ਨੂੰ ਧਾਰਨ ਕਰ ਕੇ ਸਤਿਸੰਗ ਰੂਪੀ ਬ੍ਰਿਛ 'ਤੇ ਸ਼ੋਭਨੀਕ ਹੋ ਰਹੇ ਹਨ ਵਾ: ਗੁਰੂ ਸਾਹਿਬ ਕਲਪਤਰ ਬ੍ਰਿਛ ਦੀ ਨਿਆਈ ਸੁਹਾਵੜਾ=ਸ਼ੋਭਨੀਕ ਹਨ ਜਿਨ੍ਹਾਂ ਨੂੰ ਅਮਰ ਫਲ ਲੱਗਦਾ ਹੈ। ਜਿਹੜੇ ਗੁਰੂ ਸਾਹਿਬ ਜੀ ਪਾਸੋਂ ਸਚੁ=ਸੱਚੇ ਨਾਮ ਦਾ ਚੋਗਾ ਚੁਗੈ=ਚੁਗਦੇ ਹਨ, ਉਹੋ ਗੁਰੂ ਸਾਹਿਬ ਜੀ ਨੂੰ ਭਾਇ=ਭਾ ਜਾਂਦੇ ਹਨ। ਉਨ੍ਹਾਂ ਦੇ ਹਿਰਦੇ ਵਿਚ ਪਰਮੇਸ਼ਰ ਦਾ ਪ੍ਰੇਮ ਪੈਦਾ ਹੋ ਜਾਂਦਾ ਹੈ ਵਾ: ਉਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਦਾ ਭਾਇ=ਪ੍ਰਕਾਸ਼ ਹੋ ਜਾਂਦਾ ਹੈ।

ਹਰਿ ਰਸੁ ਪੀਵੈ ਸਹਜਿ ਰਹੈ
ਉਡੈ ਨ ਆਵੈ ਜਾਇ ॥

ਐਸੇ ਜੀਵ ਰੂਪੀ ਪੰਛੀ ਹਰਿ= ਹਰੀ ਪਰਮੇਸ਼ਰ ਦੇ ਰਸੁ=ਆਤਮ ਰਸ ਨੂੰ ਪੀਵੈ=ਪੀਣਾ ਕਰਦੇ ਹਨ ਅਤੇ ਸਦਾ ਸਹਜਿ=ਸ਼ਾਂਤੀ ਵਿਚ ਰਹਿੰਦੇ ਹਨ। ਫਿਰ ਉਹ ਜੀਵ ਰੂਪੀ ਪੰਛੀ ਵਾਸ਼ਨਾ ਕਰਕੇ ਉਡੈ=ਉਡਦੇ ਨਹੀਂ ਅਥਵਾ ਉਹ ਸੰਕਲਪਾਂ-ਵਿਕਲਪਾਂ ਰੂਪ ਖੰਭਾਂ ਨਾਲ ਉਡੈ=ਉਡਾਰੀ ਨਹੀਂ ਮਾਰਦੇ ਅਤੇ ਆਵੈ ਜਾਇ=ਜੰਮਣ ਮਰਣ ਵਿਚ ਨਹੀਂ ਆਉਂਦੇ, ਜਿਸ ਨਾਲ ਉਹ ਲੋਕ ਪਰਲੋਕ ਨਹੀਂ ਜਾਂਦੇ ਭਾਵ ਮੁਕਤ ਹੋ ਜਾਂਦੇ ਹਨ।

ਨਿਜ ਘਰਿ ਵਾਸਾ ਪਾਇਆ
ਹਰਿ ਹਰਿ ਨਾਮਿ ਸਮਾਇ ॥ ੧ ॥

ਉਹ ਨਿਜ=ਆਪਣੇ ਸਰੂਪ ਰੂਪੀ ਘਰ ਵਿਚ ਵਾਸਾ=ਟਿਕਾਣਾ ਪਾਇਆ=ਪਾ ਲੈਂਦੇ ਹਨ ਅਤੇ ਹਰਿ=ਹਰੀ ਪਰਮੇਸ਼ਰ ਜੋ ਹਰਿ=ਸਾਰਿਆਂ ਨੂੰ ਹਰਿਆ-ਭਰਿਆ ਕਰਨ ਵਾਲਾ ਹੈ, ਉਸ ਅਕਾਲ ਪੁਰਖ ਦੇ ਨਾਮ ਵਿਚ ਸਮਾਇ=ਮਿਲ ਜਾਂਦੇ ਹਨ। ਫਿਰ ਉਹ ਆਪਣੇ ਮਨ ਨੂੰ ਇਸ ਤਰ੍ਹਾਂ ਕਹਿੰਦੇ ਹਨ -

ਮਨ ਰੇ ਗੁਰ ਕੀ ਕਾਰ ਕਮਾਇ ॥

ਰੇ-ਹੇ ਮੇਰੇ ਮਨਾਂ! ਤੂੰ ਗੁਰ=ਸਤਿਗੁਰੂ ਦੀ ਦੱਸੀ ਹੋਈ ਸਿੱਖਿਆ ਅਨੁਸਾਰ ਭਗਤੀ ਅਤੇ ਟਹਿਲ ਰੂਪੀ ਕਾਰ=ਕਮਾਈ ਨੂੰ ਕਮਾਇ=ਕਮਾਉਣਾ ਕਰ।

ਗੁਰ ਕੈ ਭਾਣੈ ਜੇ ਚਲਹਿ
ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ਰਹਾਉ॥

ਜੇ=ਜੇਕਰ ਗੁਰ=ਸਤਿਗੁਰਾਂ ਕੈ=ਦੇ ਭਾਣੈ=ਰਜ਼ਾ ਵਿਚ ਚਲਹਿ=ਚੱਲੇਂਗਾ ਤਾਂ ਤੂੰ ਅਨਦਿਨੁ=ਦਿਨ ਰਾਤ ਹਰਿ=ਹਰੀ ਪਰਮੇਸ਼ਰ ਦੇ ਨਾਇ=ਨਾਮ ਵਿਚ ਰਾਚਹਿ=ਰਚ ਜਾਵੇਂਗਾ ਅਥਵਾ ਅਕਾਲ ਪੁਰਖ ਦੇ ਨਾਲ ਵਿਚ ਲਿਵਲੀਨ ਹੋ ਜਾਵੇਂਗਾ। ਜਿਵੇਂ ਘਿਉ ਤੇ ਖੰਡ ਰਚ ਕੇ ਇਕ ਰੂਪ ਹੋ ਜਾਂਦੇ ਹਨ, ਇਸ ਪ੍ਰਕਾਰ ਵਾਹਿਗੁਰੂ ਦੇ ਨਾਮ ਵਿਚ ਰਚ ਕੇ ਅਭੇਦ ਹੋ ਜਾਵੇਂਗਾ। ਪਰਮੇਸ਼ਰ ਦਾ ਨਾਮ ਘੀ ਦੀ ਨਿਆਈਂ ਹੈ ਅਤੇ ਪ੍ਰੇਮ ਖੰਡ ਦੀ ਨਿਆਈਂ ਹੈ ਅਤੇ ਇਉਂ ਨਾਮ ਦੇ ਦੁਆਰਾ ਪ੍ਰੇਮ ਦੇ ਸਹਿਤ ਇਕ ਰੂਪ ਹੋ ਜਾਵੇਂਗਾ।

ਪੰਖੀ ਬਿਰਖ ਸੁਹਾਵੜੇ
ਊਡਹਿ ਚਹੁ ਦਿਸਿ ਜਾਹਿ ॥

ਜੀਵ ਰੂਪੀ ਪੰਖੀ=ਪੰਛੀ ਸਰੀਰ ਰੂਪ ਬਿਰਖ=ਬ੍ਰਿਛ ਵਿਚ ਵਾਸਾ ਪਾ ਰਹੇ ਹਨ ਅਥਵਾ ਸੰਸਾਰ ਰੂਪੀ ਬ੍ਰਿਛ ਵਿਚ ਜੀਵ ਰੂਪੀ ਪੰਛੀ ਸੁਹਾਵੜੇ=ਸ਼ੋਭਨੀਕ ਹੋ ਰਹੇ ਹਨ। ਵਾਸ਼ਨਾ ਰੂਪ ਖੰਭਾਂ ਨਾਲ ਉਡਹਿ=ਉੱਡ ਉੱਡ ਕੇ ਚਹੁ ਚਾਰੇ ਦਿਸਿ=ਦਿਸ਼ਾਵਾਂ ਦੇ ਪਦਾਰਥ, ਕਦੇ ਸਵਰਗਾਂ ਵਿਚ, ਕਦੇ ਮਾਤ ਲੋਕ ਦੇ ਪਦਾਰਥਾਂ ਵਿਚ, ਇਸ ਪ੍ਰਕਾਰ ਚਾਰੇ ਦਿਸ਼ਾਵਾਂ ਪੂਰਬ, ਪੱਛਮ, ਉੱਤਰ, ਦੱਖਣ ਵਾ: ਚਾਰ ਖਾਣੀਆਂ ਅੰਡਜ, ਜੇਰਜ, ਸੇਤਜ, ਉਤਭੁਜ ਵਿਚ ਜਾਹਿ=ਦੌੜਦੇ ਰਹਿੰਦੇ ਹਨ -

ਜੇਤਾ ਊਡਹਿ ਦੁਖ ਘਣੇ
ਨਿਤ ਦਾਝਹਿ ਤੈ ਬਿਲਲਾਹਿ ॥

ਜੇਤਾ=ਜਿੰਨਾ ਵਾਸ਼ਨਾ ਵਿਚ ਊਡਹਿ=ਉਡਾਰੀਆਂ

ਮਾਰਦੇ ਹਨ, ਉਤਨਾ ਹੀ ਘਣੇ=ਬਹੁਤੇ ਜੰਮਣ ਮਰਣ ਦੇ ਦੁੱਖ ਪ੍ਰਾਪਤ ਕਰਦੇ ਹਨ ਤੇ ਨਿਤ=ਹਮੇਸ਼ਾ ਤ੍ਰਿਸ਼ਨਾ ਦੀ ਅੱਗ ਵਿਚ ਦਾਝਹਿ=ਸੜਦੇ ਰਹਿੰਦੇ ਹਨ। ਤੈ=ਅਤੇ ਨਰਕ ਵਿਚ ਜਾਂ ਮਾਤਾ ਦੇ ਗਰਭ ਵਿਚ ਕ੍ਰੋਧ ਵਿਚ ਦਾਝਹਿ=ਸੜਦੇ ਰਹਿੰਦੇ ਹਨ ਅਤੇ ਬਿਲਲਾਹਿ=ਵਿਰਲਾਪ ਕਰਦੇ ਹਨ।

ਬਿਨੁ ਗੁਰ ਮਹਲੁ ਨ ਜਾਪਈ
ਨਾ ਅੰਮ੍ਰਿਤ ਫਲ ਪਾਹਿ ॥ ੨ ॥

ਗੁਰ=ਸਤਿਗੁਰੂ ਸਾਹਿਬ ਤੋਂ ਬਿਨੁ=ਬਗੈਰ ਮਹਲੁ=ਸਰੂਪ ਰੂਪੀ, ਸੱਚਖੰਡ ਰੂਪੀ, ਤੁਰੀਆ ਪਦ ਰੂਪੀ ਮਹਿਲ ਨ ਜਾਪਈ= ਜਾਣਿਆ ਨਹੀਂ ਜਾ ਸਕਦਾ ਅਤੇ ਅੰਮ੍ਰਿਤ ਫਲ=ਮ੍ਰਿਤੂ ਤੋਂ ਰਹਿਤ ਹੋਣ ਵਾਲਾ ਅਮਰ ਫਲ, ਪਰਮਾਨੰਦ ਰੂਪ, ਅੰਮ੍ਰਿਤ ਨਾਮ ਰੂਪੀ ਫਲ ਨਹੀਂ ਪਾਹਿ=ਪਾਇਆ ਜਾ ਸਕਦਾ।

ਗੁਰਮੁਖਿ ਬ੍ਰਹਮੁ ਹਰੀਆਵਲਾ
ਸਾਚੈ ਸਹਜਿ ਸੁਭਾਇ ॥

ਗੁਰੂ ਸਾਹਿਬ ਜੀ ਗੁਰਮੁਖਾਂ ਦੇ ਤਾਈਂ ਬ੍ਰਹਮ ਸਰੂਪ ਹਰੀਆਵਲੇ ਬ੍ਰਿਛ ਮਿਲੇ ਹਨ ਜੋ ਨਿਤਾਪ੍ਰਤੀ ਸਿੱਖਾਂ ਨੂੰ ਵੀ ਭਾਉ-ਭਗਤੀ ਅਤੇ ਸ਼ੁਭ ਗੁਣਾਂ ਰੂਪ ਹਰੀਆਵਲ ਬਖਸ਼ਿਸ਼ ਕਰੇ, ਹਰੇ ਭਰੇ ਕਰਦੇ ਰਹਿੰਦੇ ਹਨ। ਗੁਰੂ ਸਾਹਿਬ ਜੀ ਸਾਚੈ=ਸੱਚੇ ਅਕਾਲ ਪੁਰਖ ਦਾ ਸਰੂਪ ਹਨ। ਜੋ ਸਹਜਿ=ਸੁਭਾਵਿਕ ਹੀ (ਸੁ+ਭਾਇ) ਸੁ=ਸ੍ਰੇਸ਼ਟ, ਭਾਇ=ਪ੍ਰੇਮ ਦੇਣ ਵਾਲੇ ਹਨ ਵਾ: ਸਹਜਿ=ਸੁਭਾਵਿਕ ਹੀ ਗਿਆਨ ਦਾ ਸੁਭਾਇ=ਪ੍ਰਕਾਸ਼ ਦੇਣ ਵਾਲੇ ਹਨ ਅਥਵਾ ਗੁਰੂ ਸਾਹਿਬ ਜੀ ਬ੍ਰਹਮ ਰੂਪ ਹਰੀਆਵਲੇ ਬ੍ਰਿਛ ਹਨ ਜਾਂ ਬ੍ਰਹਮ ਵਿਚ ਹੀ ਚੇਤਨਪੁਣਾ ਰੂਪ ਹਰੀਆਵਲਤਾ ਹੈ ਜੋ ਕਿ ਗੁਰਮੁਖ ਜਨਾਂ ਨੇ ਜਾਣਿਆ ਹੈ। ਸਾਚੈ=ਸੱਚੇ ਨਾਮ ਨੂੰ ਜਪਦੇ ਅਤੇ ਸਹਜੇ ਹੀ ਉਸ ਦੇ ਭਾਇ=ਪ੍ਰਕਾਸ਼ ਨੂੰ ਪਾਉਂਦੇ ਹਨ।

ਸਾਖਾ ਤੀਨਿ ਨਿਵਾਰੀਆ
ਏਕ ਸਬਦਿ ਲਿਵ ਲਾਇ ॥

ਉਨ੍ਹਾਂ ਨੇ ਤੀਨਿ=ਤਿੰਨ ਸਾਖਾ=ਸ਼ਾਖਾਵਾਂ=ਰਾਜਸੀ, ਤਾਮਸੀ, ਸਾਤਕੀ ਆਦਿ ਸੁਭਾਅ, ਨਿਵਾਰੀਆ=ਛੱਡ ਦੇਣਾ ਕੀਤੇ ਹਨ ਵਾ: ਤਮੋ ਗੁਣ ਕਰਕੇ ਕਰਮ-ਕਾਂਡ, ਰਜੋਗੁਣ ਕਰਕੇ ਉਪਾਸ਼ਨਾ, ਸਤੋਗੁਣ ਕਰਕੇ ਗਿਆਨ ਦੇ ਜੋ ਬਚਨ ਕਰਦੇ ਸਨ, ਉਹ ਵੀ ਨਿਵਾਰੀਆ=ਤਿਆਗ ਦਿਤੇ ਹਨ। ਐਸੀਆਂ ਤਿੰਨ ਸਾਖਾਂ ਛੱਡ ਕੇ ਏਕ=ਇਕ ਗੁਰਾਂ ਦੇ ਸਬਦਿ=ਉਪਦੇਸ਼ ਵਿਚ ਚਿੱਤ ਦੀ ਲਿਵ=ਬਿਰਤੀ ਲਾਇ=ਲਾ ਲਈ ਹੈ= ਨਾਮ ਵਿਚ ਲਿਵ ਲਾ ਲਈ ਹੈ ਅਥਵਾ ਜਾਗਰਤ, ਸੁਪਨ, ਸੁਖੋਪਤ ਵੀ ਮੇਟ ਦਿਤੀਆਂ ਹਨ। ਬਾਲ, ਜੁਆਨੀ ਅਤੇ ਬਿਰਧਪੁਣਾ ਦੀ ਹੰਗਤਾ ਛੱਡ ਦੇਣੀ ਕੀਤੀ ਹੈ ਵਾ: ਉਤਮ, ਮੱਧਮ, ਕਨਿਸ਼ਟਪੁਣਾ ਅਤੇ ਦੇਵਤਾ, ਦੈਂਤ, ਮਨੁੱਖ ਆਦਿ ਤਿੰਨਾਂ ਸਾਖਾਂ ਨੂੰ ਉਨ੍ਹਾਂ ਨੇ ਮੇਟ ਦਿਤਾ ਹੈ। ਪੁੱਤਰ ਦੀ, ਧਨ ਦੀ, ਲੋਕਾਂ ਦੀ ਵਡਿਆਈ ਦੀ, ਤਿੰਨੇ ਇੱਛਾ ਮੇਟ ਲਈਆਂ ਹਨ।

ਅੰਮ੍ਰਿਤ ਫਲੁ ਹਰਿ ਏਕੁ ਹੈ
ਆਪੇ ਦੇਇ ਖਵਾਇ ॥ ੩ ॥

ਅੰਮ੍ਰਿਤ=ਅਮਰ ਕਰਨ ਵਾਲਾ ਫਲ ਇਕ ਕੇਵਲ ਹਰਿ=ਹਰੀ ਪਰਮੇਸ਼ਰ ਦਾ ਨਾਮ ਹੀ ਹੈ। ਜਿਨ੍ਹਾਂ ਨੂੰ ਸਤਿਗੁਰੂ ਸਾਹਿਬ ਜੀ ਆਪ ਖਵਾਇ=ਖਵਾ ਦੇਇ=ਦਿੰਦੇ ਹਨ, ਉਹ ਹੀ ਤੱਤ ਬੇਤੇ ਮਹਾਂਪੁਰਸ਼ ਉਸ ਨੂੰ ਖਾਂਦੇ ਹਨ।

ਮਨਮੁਖ ਊਭੇ ਸੁਕਿ ਗਏ
ਨਾ ਫਲੁ ਤਿੰਨਾ ਛਾਉ ॥

ਮਨਮੁਖਾਂ ਦੇ ਨਿਸ਼ਰਧਕਪੁਣੇ ਕਰਕੇ ਹਿਰਦੇ ਉਤੇ=ਖੜ੍ਹੇ ਹੋਏ ਸੁੱਕੇ ਬ੍ਰਿਛ ਦੀ ਨਿਆਈਂ ਹੋ ਗਏ ਹਨ, ਜਿਵੇਂ ਸੋਕੜ ਬ੍ਰਿਛ ਦੀਆਂ ਜੜ੍ਹਾਂ ਤੇ ਟਾਹਣੀਆਂ ਸੁੱਕ ਜਾਂਦੀਆ ਹਨ, ਨਾ ਹੀ ਉਸ ਨੂੰ ਕੋਈ ਫਲ ਲਗਦਾ ਹੈ ਤੇ ਨਾ ਹੀ ਤਿਨ੍ਹਾਂ ਬ੍ਰਿਛਾਂ ਦੀ ਛਾਉ=ਛਾਂ ਹੁੰਦੀ ਹੈ, ਇਸੇ ਪ੍ਰਕਾਰ ਮਨਮੁਖਾਂ ਦੀ ਸ਼ਰਧਾ ਰੂਪੀ ਜੜ੍ਹ ਸੁੱਕ ਗਈ ਤੇ ਸ਼ੁਭ ਗੁਣਾਂ ਰੂਪੀ ਟਾਹਣੀਆਂ ਵੀ ਸੁੱਕ ਗਈਆਂ ਹਨ, ਨਾ ਹੀ ਉਨ੍ਹਾਂ ਨੂੰ ਬ੍ਰਹਮ ਗਿਆਨ ਰੂਪੀ ਫਲ ਲਗਦਾ ਹੈ, ਨਾ ਹੀ ਉਨ੍ਹਾਂ ਕੋਲ ਸ਼ਾਂਤੀ ਰੂਪੀ ਛਾਂ ਹੁੰਦੀ ਹੈ -

ਤਿੰਨਾ ਪਾਸਿ ਨ ਬੈਸੀਐ
ਓਨਾ ਘਰੁ ਨ ਗਿਰਾਉ ॥

ਤਿੰਨਾ=ਉਨ੍ਹਾਂ ਖੜ ਸੁੱਕ ਬ੍ਰਿਛਾਂ ਦੇ ਪਾਸ ਕੋਈ ਵੀ ਬੈਸੀਐ=ਨਹੀਂ ਬੈਠਦਾ। ਜੇਕਰ ਚੰਗਾ ਘਰ ਬਣਾਉਣਾ ਹੋਵੇ ਜਾਂ ਧਰਮਸਾਲ ਆਦਿ ਬਣਾਉਣੀ ਹੋਵੇ ਜਾਂ ਗਿਰਾਉ=ਪਿੰਡ ਦਾ ਕੋਈ ਸਾਂਝਾ ਥਾਂ ਬਣਾਉਣਾ ਹੋਵੇ, ਉਸ ਵਿਚ ਐਸੇ ਸੁੱਕੇ ਬ੍ਰਿਛ ਨੂੰ ਲਿਆਉਣਾ ਨਹੀਂ ਕਰਦੇ। ਵਾ: ਉਨ੍ਹਾਂ ਬ੍ਰਿਛ ਰੂਪ ਮਨਮੁਖਾਂ ਭਾਵ ਕੁਸੰਗੀਆਂ ਦੇ ਪਾਸ ਨ=ਨਹੀਂ ਬੈਸੀਐ=ਬੈਠਣਾ ਚਾਹੀਦਾ, ਨਾ ਉਨ੍ਹਾਂ ਨੂੰ ਸਰੂਪ ਰੂਪੀ ਘਰ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਾ ਹੀ ਸਤਿਸੰਗਤ ਰੂਪੀ ਗਿਰਾਉ

ਦੀ ਪ੍ਰਾਪਤੀ ਹੋਈ ਹੈ। ਉਹ ਖਾਲੀ ਹੀ ਤੁਰੇ ਫਿਰਦੇ ਹਨ।

ਕਟੀਅਹਿ ਤੈ ਨਿਤ ਜਾਲੀਅਹਿ
ਓਨਾ ਸਬਦੁ ਨ ਨਾਉ ॥ ੪ ॥

ਲੋਕ ਉਸ ਨੂੰ ਕਟੀਅਹਿ=ਕੱਟਦੇ ਹਨ ਅਤੇ ਨਿਤ=ਨਿਤਾਪ੍ਰਤੀ ਹੀ ਜਾਲੀਅਹਿ=ਸਾੜਦੇ ਹਨ, ਉਨ੍ਹਾਂ ਦੀ ਐਸੀ ਹਾਲਤ ਹੁੰਦੀ ਹੈ ਅਥਵਾ ਉਨ੍ਹਾਂ ਮਨਮੁਖ ਰੂਪੀ ਖੜ ਸੁੱਕ ਬ੍ਰਿਛਾਂ ਨੂੰ ਮਾਤਾ ਦੇ ਗਰਭ ਵਿਚ ਜਾਲੀਅਹਿ=ਸਾੜਿਆ ਜਾਂਦਾ ਹੈ ਅਤੇ ਨਿਤ ਜੂਨਾਂ ਵਿਚ ਫੇਰਨ ਰੂਪ ਕੱਟਿਆ ਜਾਂਦਾ ਹੈ ਵਾ: ਜਮ ਰੂਪੀ ਲੱਕੜਹਾਰਾ ਕਟੀਅਹਿ=ਕੱਟਦਾ ਹੈ ਤੇ ਨਿੱਤ ਹੀ ਨਰਕਾਂ ਦੀ ਓਂਗ ਵਿਚ ਜਾਲੀਅਹਿ=ਸਾੜਦਾ ਹੈ, ਕਿਉਂਕਿ ਓਨਾ=ਉਨ੍ਹਾ ਨੇ ਗੁਰਾ ਦੇ ਸਬਦੁ=ਉਪਦੇਸ਼ ਦੁਆਰਾ ਪਰਮੇਸ਼ਰ ਦਾ ਨਾਉ=ਨਾਮ ਨ=ਨਹੀਂ ਜਪਿਆ।

ਹੁਕਮੇ ਕਰਮ ਕਮਾਵਣੇ
ਪਇਐ ਕਿਰਤਿ ਫਿਰਾਉ ॥

ਜੀਵ ਪਰਮੇਸ਼ਰ ਦੇ ਹੁਕਮ ਵਿਚ ਕਰਮਾਂ ਨੂੰ ਕਮਾਵਣੇ=ਕਮਾਉਣਾ ਕਰਦੇ ਹਨ ਅਤੇ ਪਇਐ=ਪਏ ਹੋਏ ਕਰਮਾਂ ਦੇ ਅਨੁਸਾਰ ਹੀ ਜੂਨਾ ਵਿਚ ਭੌਂਦੇ ਫਿਰਾਉ=ਫਿਰਦੇ ਹਨ ਭਾਵ ਉਹ ਮੁਕਤ ਨਹੀਂ ਹੋ ਸਕਦੇ।

ਹੁਕਮੇ ਦਰਸਨੁ ਦੇਖਣਾ
ਜਹ ਭੇਜਹਿ ਤਹ ਜਾਉ ॥

ਗੁਰੂ ਸਾਹਿਬ ਜੀ ਦਾ ਬਚਨ ਮੰਨ ਕੇ ਗੁਰਮੁਖ ਵਾਹਿਗੁਰੂ ਦਾ ਦਰਸ਼ਨ ਕਰਦੇ ਹਨ। ਫਿਰ ਮਹਾਰਾਜ ਜਿਥੇ ਭੇਜਣ, ਉਥੇ ਖੁਸ਼ ਹੋ ਕੇ ਜਾਂਦੇ ਹਨ। ਸੇਵਾ ਲਈ ਕੋਈ ਵੀ ਹੁਕਮ ਕਰਨ ਤਾਂ ਉਹ ਖਿੜੇ ਮੱਥੇ ਪ੍ਰਵਾਨ ਕਰਦੇ ਹਨ। ਉਹ ਹੁਕਮ ਵਿਚ ਦੁਨੀਆਂ ਦੇ ਉਧਾਰ ਵਾਸਤੇ ਆਉਂਦੇ ਹਨ ਅਤੇ ਉਹ ਲੱਖਾਂ ਦਾ ਭਲਾ ਕਰ ਕੇ ਬੈਕੁੰਠ ਵਿਚ ਜਾ ਵਸਦੇ ਹਨ।

ਹੁਕਮੇ ਹਰਿ ਹਰਿ ਮਨਿ ਵਸੈ
ਹੁਕਮੇ ਸਚਿ ਸਮਾਉ ॥ ੫ ॥

ਹੁਕਮੇ=ਭਾਣੇ ਵਿਚ ਹੀ ਸਾਰਿਆਂ ਨੂੰ ਹਰਿ=ਹਰੇ ਭਰੇ ਕਰਨ ਵਾਲੇ ਹਰਿ=ਪਰਮੇਸ਼ਰ ਦਾ ਨਾਮ ਮਨ ਵਿਚ ਵਸੈ=ਵਸ ਜਾਂਦਾ ਹੈ ਅਤੇ ਹੁਕਮੇ=ਭਾਣਾ ਮੰਨਣ ਨਾਲ ਹੀ ਸਚਿ=ਸੱਚੇ ਦੇ ਸਰੂਪ ਵਿਚ ਸਮਾਉ=ਮਿਲਾਪ ਹੋ ਜਾਂਦਾ ਹੈ।

ਹੁਕਮੁ ਨ ਜਾਣਹਿ ਬਪੁੜੇ
ਭੂਲੇ ਫਿਰਹਿ ਗਵਾਰ ॥

ਜਿਹੜੇ ਤੁੱਛ ਜੀਵ ਬਪੁੜੇ=ਵਿਚਾਰੇ ਪਰਮੇਸ਼ਰ ਦੇ ਹੁਕਮ ਨੂੰ ਜਾਣਹਿ=ਜਾਣਦੇ ਨਹੀਂ ਕਿ ਹੁਕਮ ਕੀ ਹੈ, ਉਹ ਗਵਾਰ=ਮੂਰਖ ਹੁਕਮ ਵੱਲੋਂ ਭੂਲੇ=ਬੇਸਮਝ ਹੀ ਫਿਰਹਿ=ਤੁਰੇ ਫਿਰਦੇ ਹਨ, ਉਹ ਇਕ ਹਰੀ ਪਰਮੇਸ਼ਰ ਦੇ ਹੁਕਮ ਨੂੰ ਸਮਝਦੇ ਨਹੀਂ ਹਨ।

ਮਨਹਠਿ ਕਰਮ ਕਮਾਵਦੇ
ਨਿਤ ਨਿਤ ਹੋਹਿ ਖੁਆਰੁ ॥

ਜਿਹੜੇ ਮਨ ਦੀ ਹਠਿ=ਜ਼ਿੱਦ ਨਾਲ ਕਰਮ ਕਮਾਵਦੇ=ਕਮਾਉਂਦੇ ਹਨ। ਜਲਧਾਰੇ, ਧੂਣੀਆਂ ਧੁਖਾਉਣੀਆਂ ਆਦਿਕ ਕਰਦੇ ਹਨ, ਉਹ ਨਿਤ-ਨਿਤ=ਨਿਤਾ ਪ੍ਰਤੀ ਹੰਕਾਰ ਵਿਚ ਜਤ ਸਤ ਗਵਾ ਕੇ ਖੁਆਰੁ=ਦੁਖੀ ਹੋਹਿ=ਹੁੰਦੇ ਹਨ।

ਅੰਤਰਿ ਸਾਂਤਿ ਨ ਆਵਈ
ਨਾ ਸਚਿ ਲਗੈ ਪਿਆਰੁ॥

ਉਹਨਾਂ ਦੇ ਅੰਤਰਿ=ਅੰਦਰ ਸ਼ਾਂਤਿ ਨ=ਨਹੀਂ ਆਵਈ=ਆਉਂਦੀ। ਸਦਾ ਵਿਸ਼ੇ-ਵਿਕਾਰਾਂ ਵਿਚ ਮਨ ਜਲਦੇ ਰਹਿੰਦੇ ਹਨ ਅਤੇ ਸਚਿ=ਸੱਚੇ ਨਾਮ ਵਿਚ ਉਹਨਾਂ ਦਾ ਪਿਆਰੁ=ਸਨੇਹ ਨ=ਨਹੀਂ ਲਗੈ=ਲਗਦਾ।

ਅੰਤਰਿ ਸਾਂਤਿ ਨ ਆਵਈ
ਨਾ ਸਚਿ ਲਗੈ ਪਿਆਰੁ ॥ ੬ ॥

ਉਹਨਾਂ ਦੇ ਅੰਤਰਿ=ਅੰਦਰ ਸ਼ਾਤਿ=ਸ਼ਾਂਤੀ ਨ=ਨਹੀਂ ਆਵਈ=ਆਉਂਦੀ। ਸਦਾ ਵਿਸ਼ੇ-ਵਿਕਾਰਾਂ ਵਿਚ ਮਨ ਜਲਦੇ ਰਹਿੰਦੇ ਹਨ ਅਤੇ ਸਚਿ=ਸੱਚੇ ਨਾਮ ਵਿਚ ਉਹਨਾਂ ਦਾ ਪਿਆਰੁ=ਸਨੇਹ ਨ=ਨਹੀਂ ਲਗੈ=ਲੱਗਦਾ।

ਗੁਰਮੁਖੀਆ ਮੁਹ ਸੋਹਣੇ
ਗੁਰ ਕੈ ਹੇਤਿ ਪਿਆਰਿ ॥

ਉਨ੍ਹਾਂ ਗੁਰਮੁਖੀਆ ਸਖੀਆ ਦੇ ਅੰਤਹਕਰਣ ਰੂਪੀ ਮੁਹ=ਚਿਹਰੇ ਸੋਹਣੇ=ਸ਼ੋਭਨੀਕ ਹਨ, ਜਿਨ੍ਹਾਂ ਨੇ ਗੁਰੂ ਸਾਹਿਬ ਜੀ ਨੂੰ ਪ੍ਰਮੇਸ਼ਰ ਦੇ ਪਿਆਰ ਦਾ ਹੇਤਿ=ਕਾਰਨ ਸਮਝਿਆ ਹੈ ਵਾ: ਗੁਰਾ ਨਾਲ ਜਿਨ੍ਹਾਂ ਨੇ ਹੇਤਿ=ਪ੍ਰੇਮ ਕੀਤਾ ਹੈ, ਉਹਨਾਂ ਦਾ ਵਾਹਿਗੁਰੂ ਵਿਚ ਪਿਆਰ ਲੱਗਾ ਹੈ।

ਸਚੀ ਭਗਤੀ ਸਚਿ ਰਤੇ
ਦਰਿ ਸਚੈ ਸਚਿਆਰ ॥

ਉਹ ਪਰਮੇਸ਼ਰ ਦੀ ਸੱਚੀ ਭਗਤੀ ਕਰਦੇ ਹਨ ਤੇ ਮਨ ਕਰਕੇ ਸੱਚੇ ਨਾਮ ਵਿਚ ਰਤੇ=ਰੰਗੇ ਰਹਿੰਦੇ

ਹਨ ਅਤੇ ਸਚੈ=ਸੱਚੀ ਦਰਿ=ਦਰਗਾਹ ਵਿਚ ਸਚਿਆਰ=ਸੱਚ ਦੀ ਪ੍ਰਾਪਤੀ ਵਾਲੇ ਹਨ।

**ਆਏ ਸੇ ਪਰਵਾਣੁ ਹੈ**
**ਸਭ ਕੁਲ ਕਾ ਕਰਹਿ ਉਧਾਰੁ ॥ ੭ ॥**

ਸੇ=ਉਹ ਮਨੁੱਖ ਜਨਮ ਧਾਰ ਕੇ ਆਏ ਹੋਏ ਪਰਵਾਣੁ=ਸਫਲੇ ਹੈ=ਹਨ ਭਾਵ ਪ੍ਰਮਾਣੀਕ ਹਨ, ਉਹ ਆਪ ਤਾਂ ਮੁਕਤ ਹੀ ਹਨ ਅਤੇ ਆਪਣੀਆਂ ਸਭ=ਸਾਰੀਆਂ ਕੁਲਾਂ ਕਾ=ਦਾ ਵੀ ਉਧਾਰੁ=ਕਲਿਆਣ ਕਰਹਿ=ਕਰ ਲੈਂਦੇ ਹਨ।

**ਸਭ ਨਦਰੀ ਕਰਮ ਕਮਾਵਦੇ**
**ਨਦਰੀ ਬਾਹਰਿ ਨ ਕੋਇ ॥**

ਗੁਰਮੁਖ ਸਭ=ਸਾਰੇ ਇਉਂ ਜਾਣਦੇ ਹਨ ਕਿ ਪਰਮੇਸ਼ਰ ਦੀ ਨਦਰੀ=ਕ੍ਰਿਪਾ ਦ੍ਰਿਸ਼ਟੀ ਨਾਲ ਹੀ ਜੀਵ ਚੰਗੇ ਕਰਮ ਕਮਾਵਦੇ=ਕਮਾਉਂਦੇ ਹਨ। ਪਰਮੇਸ਼ਰ ਸਭਨਾਂ ਨੂੰ ਆਪਣੀ ਨਦਰੀ=ਨਦਰਿ ਤੋਂ ਬਾਹਰ ਕਿਸੇ ਨੂੰ ਵੀ ਨਹੀਂ ਰੱਖਦਾ ਭਾਵ ਮਹਾਰਾਜ ਦੀ ਨਦਰਿ ਤੋਂ ਬਿਨਾਂ ਕੋਈ ਨਹੀਂ ਹੈ।

**ਜੈਸੀ ਨਦਰਿ ਕਰਿ ਦੇਖੈ ਸਚਾ**
**ਤੈਸਾ ਹੀ ਕੋ ਹੋਇ ॥**

ਜੀਵਾਂ ਦੇ ਕਰਮਾਂ ਅਨੁਸਾਰ ਜੈਸੀ ਨਦਰਿ=ਦ੍ਰਿਸ਼ਟੀ ਕਰਿ=ਕਰਕੇ ਪਰਮੇਸ਼ਰ ਦੇਖੈ=ਦੇਖਦਾ ਹੈ, ਉਹ ਜੀਵ ਫਲ ਪ੍ਰਾਪਤ ਕਰਕੇ ਉਹੋ ਜਿਹਾ ਹੀ ਹੋ ਜਾਂਦਾ ਹੈ। ਕੋਈ ਕਰਮ-ਕਾਂਡੀ ਸਵਰਗ ਵਿਚ, ਕੋਈ ਮਾਤ ਲੋਕ ਵਿਚ, ਕੋਈ ਟੇਢੀਆਂ ਜੂਨਾਂ ਵਿਚ, ਕੋਈ ਬ੍ਰਹਮ ਲੋਕ ਵਿਚ ਜਿਹੋ ਜਿਹੀ ਸੱਚੇ ਵਾਹਿਗੁਰੂ ਦੀ ਨਦਰਿ ਹੋਵੇ, ਉਹੋ ਜਿਹੇ ਫਲ ਵਾਲੇ ਹੋ ਜਾਂਦੇ ਹਨ।

**ਨਾਨਕ ਨਾਮਿ ਵਡਾਈਆ**
**ਕਰਮਿ ਪਰਾਪਤਿ ਹੋਇ ॥ ੮ ॥ ੩ ॥ ੨੦ ॥**

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਨਾਮ ਜਪਣ ਵਾਲੇ ਨੂੰ ਸਾਰੀਆਂ ਵਡਿਆਈਆਂ ਪ੍ਰਾਪਤ ਹੁੰਦੀਆਂ ਹਨ। ਸਤਿਗੁਰਾਂ ਦੀ ਕ੍ਰਿਪਾ ਕਰਕੇ ਚੰਗੇ ਕਰਮਾਂ ਕਰਕੇ ਨਾਮ ਦੀ ਪ੍ਰਾਪਤੀ ਹੁੰਦੀ ਹੈ ਵਾ: ਜਿਨ੍ਹਾਂ ਨੂੰ ਨਾਮ ਪ੍ਰਾਪਤ ਹੁੰਦਾ ਹੈ, ਉਨ੍ਹਾਂ ਨੂੰ ਕਰਮ ਬਖਸ਼ੀ ਕਰਕੇ (ਪਰਾ+ਪਤਿ) ਪਰਾ=ਉਤਕ੍ਰਿਸ਼ਟ ਪਤਿ=ਇੱਜ਼ਤ ਪ੍ਰਾਪਤ ਹੁੰਦੀ ਹੈ ਭਾਵ ਪਰਮੇਸ਼ਰ ਦੀ ਪ੍ਰਾਪਤੀ ਰੂਪ ਇੱਜ਼ਤ ਪ੍ਰਾਪਤ ਹੁੰਦੀ ਹੈ।

*(ਪੰਨਾ 12 ਦੀ ਬਾਕੀ)*

ਸੰਸਾਰ ਦਾ ਭਲਾ ਮਨਾ, ਇਸ ਤਰ੍ਹਾਂ ਕਰਨ ਨਾਲ ਪਤਿ ਦੇ ਨਾਲ ਤੂੰ ਗੁਰੂ ਲੋਕ ਵਿਚ ਜਾਵੇਂਗਾ –

***ਦੂਖੁ ਨ ਦੇਈ ਕਿਸੈ ਜੀਅ***
***ਪਤਿ ਸਿਉ ਘਰਿ ਜਾਵਉ ॥ ਅੰਗ – ੩੨੨***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਸਨੂੰ ਸੱਚ ਦੀ ਪ੍ਰਾਪਤੀ ਹੋ ਗਈ, ਉਹ ਸਾਰੇ ਜੀਵਾਂ ਤੇ ਦਇਆ ਕਰਕੇ ਪੁੰਨ ਦਾਨ ਕਰਦਾ ਹੈ। ਜਿਵੇਂ ਕਿ ਅੰਨ ਦਾਨ, ਵਸਤਰ ਦਾਨ, ਹਰੀ ਦੇ ਜਸ ਦਾ ਦਾਨ ਅਤੇ ਸਭ ਤੋਂ ਉਤਮ ਨਾਮ ਦਾਨ ਹੋਇਆ ਕਰਦਾ ਹੈ। ਸੋ ਦਇਆ ਧਾਰਨ ਕਰਨ ਨਾਲ 68 ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ –

***ਅਠਸਠਿ ਤੀਰਥ ਸਗਲ ਪੁੰਨ***
***ਜੀਅ ਦਇਆ ਪਰਵਾਨੁ ॥ ਅੰਗ – ੧੩੬***

ਜਿਸ ਨੂੰ ਵਾਹਿਗੁਰੂ ਜੀ ਦਇਆ ਕਰਕੇ ਆਪਣੇ ਸਾਧੂਆਂ ਦੀ ਸੰਗਤ ਬਖਸ਼ਦੇ ਹਨ, ਸਮਰੱਥ ਗੁਰੂ ਦੀ ਚਰਨ ਸ਼ਰਨ ਭੇਜਦੇ ਹਨ, ਉਹ ਗੁਰੂ ਤੋਂ ਨਾਮ ਪ੍ਰਾਪਤ ਕਰਕੇ ਉਸਦੀ ਕਮਾਈ ਕਰਦਾ ਹੈ, ਉਹ ਪੁਰਖ ਸੁਜਾਨ ਹੈ –

***ਜਿਸ ਨੋ ਦੇਵੈ ਦਇਆ ਕਰਿ***
***ਸੋਈ ਪੁਰਖੁ ਸੁਜਾਨੁ ॥ ਅੰਗ – ੧੩੬***

ਕੁਰਬਾਨ ਜਾਂਦੇ ਹਾਂ ਉਨ੍ਹਾਂ ਪੁਰਸ਼ਾਂ ਤੋਂ, ਜਿਨ੍ਹਾਂ ਨੇ ਸਾਧੂ ਦੀ ਸੰਗਤ ਕਰਕੇ ਨਾਮ ਦੀ ਕਮਾਈ ਕੀਤੀ। ਅੰਦਰਲੀ ਖੋਜ ਕਰਕੇ ਆਤਮ ਮੰਡਲ ਵਿਚ ਪ੍ਰਵੇਸ਼ ਕਰਕੇ, ਉਨਮਨੀ ਮੰਡਲ ਵਿਚ ਪਹੁੰਚ ਕੇ ਆਪਣੀ ਆਤਮਾ ਨੂੰ ਵਾਹਿਗੁਰੂ ਜੀ ਵਿਚ ਅਭੇਦ ਕੀਤਾ –

***ਜਿਨਾ ਮਿਲਿਆ ਪ੍ਰਭੁ ਆਪਣਾ***
***ਨਾਨਕ ਤਿਨ ਕੁਰਬਾਨੁ ॥***

***ਪੰਨਾ – ੧੩੬***

ਜਿਨ੍ਹਾਂ ਉਪਰ ਪੂਰਾ ਗੁਰੂ ਮਿਹਰਵਾਨ ਹੋ ਗਿਆ, ਉਹ ਪੁਰਖ ਪਵਿੱਤਰ ਗਿਣੇ ਜਾਂਦੇ ਹਨ। ਸੋ ਇਸ ਉਪਦੇਸ਼ ਤੋਂ ਗੁਰੂ ਮਹਾਰਾਜ ਜੀ ਨੇ ਅਸਾਨੂੰ ਮਾਘ ਦੇ ਮਹੀਨੇ ਦੇ ਇਸ਼ਨਾਨ ਬਾਰੇ ਗਿਆਤ ਕਰਾਇਆ ਅਤੇ ਦਰਿਆਵਾਂ ਤੇ ਜਾ ਕੇ ਦੂਰ-ਦੂਰ ਜਲ ਕੇ ਮਜਨ ਤੋਂ ਸੱਚ ਦੇ ਮਜਨ ਦੀ ਜਾਚ ਦਿਤੀ –

***ਮਾਘਿ ਸੁਚੇ ਸੇ ਕਾਂਢੀਅਹਿ***
***ਜਿਨ ਪੂਰਾ ਗੁਰੁ ਮਿਹਰਵਾਨੁ ॥***

ਅੰਗ – ***੧੩੬***

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-55)*

ਅਸੀਂ ਪੱਥਰ ਦੀਆਂ ਮੂਰਤਾਂ ਵਾਂਗ ਖੜ੍ਹੇ ਦੇ ਖੜ੍ਹੇ ਰਹਿ ਗਏ। ਜਾਂ ਅੱਖਾਂ ਖੋਲ੍ਹੀਆਂ ਤਾਂ ਇਹ ਚਾਰੇ ਮੂਰਤਾਂ ਗ਼ੈਬ ਸਨ। ਅਸੀਂ ਮੱਠ ਦੇ ਬਾਹਰ ਥੜੇ ਤੇ ਆ ਬੈਠੇ। ਪਲ ਕੁ ਮਗਰੋਂ ਮੇਰੇ ਕਲੇਜੇ ਨੂੰ ਅਤਿ ਧੂ ਪਈ, ਐਉਂ ਕਿ ਜਿਵੇਂ ਮੁੱਠ ਭਰ ਕੇ ਕੋਈ ਕੱਢ ਲਿਜਾਂਦਾ ਹੈ! ਸਰੀਰ ਝੂਠਾ ਹੋ ਗਿਆ, ਓਪਰਾ ਹੋ ਗਿਆ। ਮੈਂ ਸਰੀਰ ਨਹੀਂ, ਇਸ ਵੇਲੇ ਮੈਨੂੰ ਦਿਸਿਆ, ਪਰਤੱਖ ਹੋ ਗਿਆ ਕਿ ਮੈਂ ਸਰੀਰ ਨਹੀਂ ਹਾਂ। ਮੇਰੇ ਅੰਦਰੋਂ ਬੇਵਸੇ ਨਿਕਲ ਗਿਆ ਅੰਮੀ! ਪਿਆਰੇ ਦਾ ਪਿਆਰਾ ਆ ਗਿਆ, ਤਾਂ ਫੇਰ ਮੇਰੇ ਨੇਤ੍ਰ ਬੰਦ ਹੋ ਗਏ, ਹੋਸ਼ ਨਹੀਂ ਰਹੀ, ਪਤਾ ਨਹੀਂ ਕੀਹ ਵਰਤਿਆ? ਮਾਂ ਪਿਉ ਨੂੰ ਮੈਂ ਤ੍ਰਬ੍ਰਕਦੇ ਡਿੱਠਾ ਹੈ, ਫੇਰ ਪਤਾ ਨਹੀਂ ਕੀਹ ਹੋਇਆ।

ਜਾਂ ਮੇਰੀ ਅੱਖ ਖੁੱਲ੍ਹੀ ਮੇਰਾ ਸਿਰ ਕਿਸੇ ਡਾਢੇ ਹੀ ਪਿਆਰੇ ਚਰਨਾਂ ਤੇ ਪਿਆ ਸੀ, ਮੇਰੇ ਨੈਣ ਉਨ੍ਹਾਂ ਤੇ ਹੰਝੂ ਕੇਰ ਰਹੇ ਸਨ, ਮੇਰੇ ਸਿਰ ਤੇ ਕੋਈ ਹੱਥ ਫਿਰ ਰਿਹਾ ਸੀ ਜੋ ਅਤਿ ਸੁਖ ਦੇ ਰਿਹਾ ਸੀ, ਮੇਰਾ ਜੀਅ ਇੰਨਾ ਸੁਖੀ ਸੀ ਕਿ ਸਿਰ ਨਹੀਂ ਚੁੱਕ ਸਕਦੀ ਸਾਂ। ਇਸ ਡੂੰਘੇ ਪਿਆਰ ਵਾਲੇ ਹੱਥ ਨੇ ਮੇਰਾ ਸਿਰ ਚੁੱਕਿਆ, ਜਾਂ ਮੈਂ ਨਜ਼ਰ ਭਰ ਕੇ ਮੁਖੜੇ ਵਲ ਤੱਕਿਆ ਤਾਂ ਉਹ ਇਕ ਲਿਸ਼ਕਾਰਾ ਵੱਜਾ ਕਿ ਬਿਜਲੀ ਵਾਲੀ ਚਕਾਚੂੰਧ ਹੋ ਗਈ। ਮੇਰਾ ਸਿਰ ਫੇਰ ਢਹਿ ਪਿਆ ਤੇ ਚੀਕ ਵਾਂਗੂੰ ਦੁਹਾਈ ਨਿਕਲ ਗਈ, ਪਿਆਰੇ ਦਾ ਪਿਆਰਾ।

ਉਸ ਸੁਖ ਆਨੰਦ ਵਾਲੇ ਹੱਥਾਂ ਨੇ ਮੈਨੂੰ ਫੇਰ ਚੁੱਕਿਆ, ਮੈਨੂੰ ਬਿਠਾਯਾ। ਮੈਂ ਫੇਰ ਚਿਹਰੇ ਵਲ ਨਹੀਂ ਤੱਕ ਸਕੀ। ਅੰਮੀ ਨੇ ਕਿਹਾ, ਕਾਕੀ! ਪਿਆਰੇ ਦੇ ਪਿਆਰੇ ਜੀ ਆ ਗਏ, ਤੱਕ।

ਮੈਂ ਕੀਹ ਤੱਕਾਂ! ਕੌਣ ਆ ਗਏ? ਪਿਆਰੇ ਦੇ ਪਿਆਰੇ ਆਏ ਕਿ ਮੇਰੇ ਪ੍ਰਾਣ ਆ ਗਏ, ਜਿੰਦ ਆ ਗਈ, ਆਤਮਾ ਆ ਗਿਆ। ਪਹਿਲਾ ਖਿਆਲ ਉਹਨਾਂ ਪਵਿੱਤ੍ਰ ਤੇ ਪ੍ਰੇਮ ਭਰੇ ਹੱਥਾਂ ਵਿਚ ਮੈਨੂੰ ਇਹ ਫੁਰਿਆ ਕਿ ਇਹ ਪਿਆਰੇ ਦਾ ਪਿਆਰਾ, ਪਿਆਰਾ ਹੈ ਕਿ ਪਿਆਰ ਆਪ ਹੈ। ਮੇਰੇ ਨੈਣਾਂ ਵਿਚ ਫੇਰ ਜਲ ਭਰ ਆਯਾ, ਸਿਰ ਫਿਰ ਚਰਨਾਂ ਤੇ ਢਹਿ ਪਿਆ ਪਰ ਉਹ ਮੈਨੂੰ ਸਿਰ ਤੇ ਹੱਥ ਫੇਰ-ਫੇਰ ਕੇ ਪਿਆਰ ਕਰਦੇ ਸੀ। ਮੈਂ ਕਿਹਾ ਇਹ ਸੱਚ-ਮੁੱਚ ਮੇਰੇ ਪਿਆਰੇ ਨੂੰ ਪਿਆਰ ਕਰਦੇ ਸਨ ਜੋ ਉਸ ਪਿੱਛੇ ਮੇਰੇ ਨਾਲ ਐਡਾ ਸੋਹਣਾ ਪਿਆਰ ਕਰਦੇ ਹਨ। ਮੈਂ ਉਸ ਵੇਲੇ ਕੀ ਕਰਾਂ? ਕੁਛ ਨਾ ਅਹੁੜੇ। ਸਰੀਰ ਕੱਟਾਂ? ਟੋਟੇ-ਟੋਟੇ ਕਰਾਂ ਤੇ ਵਾਰ-ਵਾਰ ਕੇ ਅੱਗ ਵਿਚ ਸਿਟੀ ਜਾਵਾਂ, ਮਨ ਤਨ ਸਦਕੇ ਕਰਾਂ? ਜੋ ਹੋਵੇ ਸੋ ਲੁਟਾ ਦਿਆਂ? ਮੈਂ ਧੰਨੀ ਹੋ ਗਈ, ਮੈਂ ਜੋ ਪਾਪਣ ਤੇ ਖੂਨ ਕਰਨ ਵਾਲੀ ਸਾਂ ਮੈਂ ਪਿਆਰੀ ਜਾ ਰਹੀ ਹਾਂ। ਜਿਨ੍ਹਾਂ ਦੇ ਪਿਆਰੇ ਨੂੰ ਮੈਂ ਤੀਰ ਨਾਲ ਮਾਰਿਆ ਉਹ ਆ ਕੇ ਮੈਨੂੰ ਪਿਆਰ ਕਰ ਰਹੇ ਹਨ। ਅਚਰਜ ਸੀ ਕਿ ਅਤਿ ਅਚਰਜ।

ਮੈਂ ਰੋ ਕੇ ਆਖਿਆ, ਹੇ ਮੇਰੇ ਪਿਆਰੇ ਦੇ ਪਿਆਰੇ। ਪਰ ਸੰਘ ਰੁਕ ਗਿਆ ਅਰ ਢੇਰ ਚਿਰ ਮੈਂ ਰੋਂਦੀ ਰਹੀ। ਫੇਰ ਹੰਭਲਾ ਮਾਰ ਕੇ ਮੈਂ ਬੋਲੀ, ਪਰ ਸੰਘ ਫੇਰ ਰੁਕ ਗਿਆ। ਇਸ ਵੇਲੇ ਕੋਈ ਇਲਾਹੀ ਰਾਗ ਛਿੜ ਪਿਆ ਤੇ ਇਹ ਧੁਨਿ ਹੋਈ-

*ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥*
*ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ*
*ਸੋਹਿਲੜਾ ਜੁਗ ਚਾਰੇ ॥*
*ਅਪਨੈ ਘਰਿ ਆਇਆ ਥਾਨਿ ਸੁਹਾਇਆ*
*ਕਾਰਜ ਸਬਦਿ ਸਵਾਰੇ ॥*
*ਗਿਆਨ ਮਹਾ ਰਸੁ ਨੇਤ੍ਰੀ ਅੰਜਨੁ*
*ਤ੍ਰਿਭਵਣ ਰੂਪੁ ਦਿਖਾਇਆ ॥*
*ਸਖੀ ਮਿਲਹੁ ਰਸਿ ਮੰਗਲੁ ਗਾਵਹੁ*
*ਹਮ ਘਰਿ ਸਾਜਨੁ ਆਇਆ ॥* *ਅੰਗ - ੭੬੪*

ਜਾਂ ਇਹ ਧੁਨਿ ਬੰਦ ਹੋਈ ਤਾਂ ਅੰਮੀ ਨੇ ਟੁੰਬ ਕੇ ਮੈਨੂੰ ਆਖਿਆ, ਕਾਕੀ! ਪਿਆਰੇ ਦੇ ਪਿਆਰੇ, ਜੀ ਦੀ ਖਾਤਰ ਕਰੋ। ਦੂਰ ਤੋਂ ਆਏ ਹਨ, ਇਸ਼ਨਾਨ, ਜਲ ਅੰਨ! ਇਹ ਸੁਣ ਕੇ ਮੇਰਾ ਕਲੇਜਾ ਫੇਰ ਕੰਬਿਆ, ਹਾਇ ਮੈਂ ਸਦਾ ਭੁੱਲਦੀ ਹੀ ਰਹੀ, ਮੈਂ ਹੁਣ ਵੀ ਆਪਣੇ ਸੁਆਦ ਵਿਚ ਹੀ ਪਈ ਹਾਂ,

ਪਿਆਰੇ ਜੀ ਦੇ ਸੁਖ ਵਲ ਧਿਆਨ ਨਹੀਂ ਦਿਤਾ। ਦਿਲ ਨੂੰ ਘਾਟ ਪੈ ਕੇ ਕਲੇਜਾ ਕੜੱਕ ਕਰਕੇ ਟੁੱਟਾ ਅਰ ਮੈਂ ਗਸ਼ ਖਾ ਕੇ ਧੜੰਮ ਕਰਕੇ ਡਿੱਗ ਪਈ। ਮੇਰੀ, ਬੇਸੁਧੀ ਤੋਂ ਜਦ ਹੋਸ਼ ਆਈ ਤਾਂ ਇਹ ਆਵਾਜ਼ ਕਲੇਜਾ ਪਾੜ ਕੇ ਨਿਕਲੀ, ਹੇ ਪਾਪੀਆਂ ਨੂੰ ਪਿਆਰ ਕਰਨ ਵਾਲੇ! ਹੇ ਅਪਰਾਧੀਆਂ ਨੂੰ ਤਾਰਨ ਵਾਲੇ! ਹੇ ਖੂਨੀਆਂ ਨੂੰ ਪਿਆਰ ਨਾਲ ਸੁੱਚਾ ਕਰਨ ਵਾਲੇ! ਹੇ ਆਪਣੇ ਸੁਖ ਮੰਦਰਾਂ ਨੂੰ ਛੱਡ ਕੇ ਬਨਾਂ ਵਿਚ ਕੀੜ ਤੇ ਕਿਰਮਾਂ ਤੇ ਮਿਹਰ ਕਰਨ ਵਾਲੇ! ਹੇ ਸੁਧੇ ਪਿਆਰ ਤੇ ਦਇਆ ਦੇ ਰੂਪ! ਮੈਂ ਜੇਹੀ ਪਾਪਣ, ਭੁਲੱਕੜ ਤੇ ਆਪਣੇ ਸੁਖਾਂ ਦੀ ਪਿਆਰੀ ਨੂੰ ਬਖਸ਼ ਲੈ, ਬਖਸ਼ ਲੈ, ਤੂੰ ਬਖਸਿੰਦ ਹੈਂ, ਮੈਂ ਭੁੱਲਣਹਾਰ ਹਾਂ, ਮੈਂ ਨਿਰੀ ਭੁੱਲ ਹਾਂ, ਤੂੰ ਨਿਰੀ ਬਖਸ਼ਿਸ਼ ਹੈਂ। ਪਿਆਰੇ ਦੇ ਪਿਆਰੇ! ਮੈਂ ਨਹੀਂ ਰਹੀ, ਮੈਂ ਟੁੱਟ ਗਈ ਹਾਂ, ਮੈਂ ਮਰ ਚੱਲੀ ਹਾਂ, ਮੈਂ ਗਈ, ਔਹ ਮੈਂ ਮਰੀ' ਕਹਿੰਦੀ ਮੈਂ ਧੜੰਮ ਕਰਦੀ ਫੇਰ ਚਰਨਾਂ 'ਤੇ ਡਿੱਗ ਪਈ, ਪਰ ਹੋਇਆ ਕੀਹ? ਮੈਂ ਸਰੀਰ ਨਾ ਰਹੀ। ਸਰੀਰ ਚਰਨਾਂ 'ਤੇ ਪਿਆ ਸੀ ਤੇ ਮੈਂ ਅਚਰਜ ਹੋ ਕੇ ਕੀ ਪਈ ਵੇਖਾਂ ਕਿ ਮੈਂ ਸਰੀਰ ਤੋਂ ਬਾਹਰ ਨਿਕਲੀ ਖੜੋਤੀ ਹਾਂ ਤੇ ਕੀਹ ਵੇਖਦੀ ਹਾਂ? ਸਾਰੀ ਸੁੰਦਰਤਾ, ਸਾਰਾ ਪਿਆਰ, ਸਾਰਾ ਰਸ, ਸਾਰਾ ਆਨੰਦ, ਇਕ ਤਾਰ ਜਿਹੀ ਵਿਚ ਪ੍ਰੋਤਾ ਪਿਆ ਹੈ, ਜਿਸ ਦਾ ਮੈਨੂੰ ਹੁਣ ਪਤਾ ਹੈ ਕਿ ਉਹ ਸੁਰਤ ਦੀ ਤਾਰ ਸੀ। ਸਾਰੇ ਸੁੰਦਰ, ਸਾਰੇ ਰਸੀਏ, ਸਾਰੇ ਪਿਆਰੇ, ਸਾਰੇ ਆਨੰਦੀ ਇਸ ਵਿਚ ਇਕ ਰੂਪ, ਰੂਪ ਤੋਂ ਅਰੂਪ ਨਿਰੇ ਪ੍ਰੇਮ ਤੇ ਆਨੰਦ ਰੂਪ ਹੋ ਕੇ ਝਲਕ ਰਹੇ ਸਨ। ਮੈਂ ਦੇਖ ਰਹੀ ਸਾਂ ਤੇ ਉਹ ਦਿਸ ਰਹੇ ਸਨ, ਇਹ ਕਹਿਣਾ ਬੀ ਕੂੜਾ ਹੈ। ਉਹ ਬੀ ਦੇਖਣਹਾਰ ਤੇ ਮੈਂ ਬੀ ਦੇਖਣਹਾਰ ਹੀ ਸਾਂ, ਪਰ ਫੇਰ ਤਮਾਸ਼ਾ ਦੇਖੋ ਸਾਰੇ ਇਕ ਰੂਪ, ਦੂਆ ਦਿੱਸੇ ਹੀ ਨਾ, ਪਰ ਫੇਰ ਸਾਰੇ ਝਲਕਾ ਬੀ ਦੇਣ। ਮੈਂ ਸਭ ਨਾਲ ਘੁਲ ਮਿਲ ਅਭੇਦ, ਇਕ ਰੂਪ, ਫੇਰ ਪਰ ਕੁਛ ਅੱਡ, ਦੁਹਾਂ ਰੰਗਾਂ ਵਿਚ ਰਸ, ਰਸ ਵਿਚ ਪ੍ਰੇਮ, ਪ੍ਰੇਮ ਵਿਚ ਅਨੰਦ ਤੇ ਆਨੰਦ ਸਾਰੀ ਮੈਂ ਆਪ। ਮੈਂ ਕੀਹ ਦੱਸਾਂ ਕੀ ਸੀ? ਜੀਭ ਕੀ ਆਖੇ? ਜਿਕੂੰ ਵਸਤੂ ਵਿਚ ਗੱਡੀ ਵਸਤੂ ਜਾਵੇ ਤੇ ਭਿੰਨ ਨਾ ਰਹੇ, ਪਰ ਫੇਰ ਰਸ ਰਹੇ, ਏਕਤਾ ਹੋਵੇ, ਪਰ ਜੀਵਨ ਨਸ਼ਟ ਨਾ ਹੋਵੇ, ਵਿੱਥ ਵਿਛੋੜਾ ਹਟ ਜਾਵੇ ਪਰ ਸਵੱਛ ਆਪਾ ਨਾ ਮਰੇ। ਇਹੋ ਦਸ਼ਾ ਹੋਣੀ ਹੈ ਜੋ 'ਤੂੰ ਆਤਮਾ ਹੈਂ' ਪਿਆਰੇ ਨੇ ਜਦ ਮੈਨੂੰ ਕਿਹਾ ਸੀ ਤੇ ਮੈਂ ਸੁਣ ਕੇ ਡਰੀ ਤੇ ਕੰਬੀ ਸਾਂ, ਤਦੋਂ ਮੈਨੂੰ ਕੀਹ ਪਤਾ ਸੀ ਇਕ ਕਿਰਮ ਜੋਤ ਨੇ ਗੁਲਾਬ ਦੇ ਫੁਲ ਤੇ ਪਹੁੰਚ ਜਾਣਾ ਤੇ ਤਿਤਲੀ ਬਣ ਕੇ ਸੁੰਦਰ ਹੋ ਜਾਣਾ ਹੈ। ਫੇਰ ਹੁਣ ਮੈਂ ਕੀ ਡਿੱਠਾ ਕਿ ਏਸੇ ਸੁਰਤ ਦੀ ਇਕ ਹੇਠ ਲਮਕਦੀ ਤਾਰ ਵਿਚ ਸਾਰਾ ਸੰਸਾਰ ਪ੍ਰੋਤਾ ਪਿਆ ਹੈ, ਜੋ ਅੱਡ-ਅੱਡ ਲੋਕ ਤੇ ਅੱਡ-ਅੱਡ ਸਰੀਰ ਸਨ ਸਭ ਇੱਕੋ ਤਾਰ ਵਿਚ ਪ੍ਰੋਤੇ ਸਨ। ਇਹ ਹੋਰ ਕੌਤਕ ਸੀ ਜੋ ਡਾਢਾ ਅਚਰਜ ਸੀ! ਫਿਰ ਇਕ ਝਲਕਾ ਵੱਜਾ ਮੈਂ ਇਕ ਆਨੰਦ ਸਰੂਪ ਸਾਂ, ਸਰਬ ਆਨੰਦ ਸੀ। ਫੇਰ ਪਤਾ ਨਹੀਂ ਕੀਹ ਸੀ, ਬੇ-ਪਤਗੀ ਦੀ ਹਾਲਤ ਸੀ, ਜਿਥੋਂ ਪਰਤਿਆਂ ਆਪਾ ਭਾਸਦਾ ਸੀ ਦੇਖਣਹਾਰ ਹੈ ਸਾਖੀ।

ਫੇਰ ਮੈਂ ਕੀ ਦੇਖਾਂ ਕਿ ਮੇਰੀ ਜਾਗ ਖੁਲ੍ਹੀ ਹੈ ਤੇ ਮੈਂ ਉੱਠ ਕੇ ਬੈਠੀ ਹੋਈ ਹਾਂ, ਮੇਰਾ ਸਰੀਰ ਫੁੱਲ ਨਾਲੋਂ ਹਲਕਾ ਸੀ, ਅਰ ਮੈਂ ਵਿਚ ਵੱਖਰੀ ਸਾਂ। ਪਿਆਰੇ ਦੇ ਪਿਆਰੇ ਜੀ ਮੇਰੇ ਵਲ ਤੱਕ ਕੇ ਮੁਸਕਰਾਏ ਤੇ ਕਹਿਣ ਲੱਗੇ, ਕਾਕੀ! ਤੂੰ ਆਤਮਾ ਹੈਂ ਕਿ ਨਹੀਂ? ਹੁਣ ਸੁਣ ਕੇ ਮੈਨੂੰ ਡਰ ਨਹੀਂ ਆਇਆ, ਸ਼ੁਕਰ ਨਾਲ ਨੈਣ ਭਰ ਆਏ ਤੇ ਤ੍ਰੂਪ-ਤ੍ਰੂਪ ਹੰਝੂ ਕਿਰੇ। ਆਪ ਫੁਰਮਾਉਣ ਲੱਗੇ, ਕੀ ਤੂੰ ਆਤਮਾ ਹੈ? ਮੈਂ ਬੜੇ ਪਿਆਰ ਤੇ ਅਦਬ ਨਾਲ ਕਿਹਾ, ਸੱਚੇ ਮਾਲਕਾ! ਮੈਂ ਕੁਝ ਨਹੀਂ, ਤੂੰ ਸਭ ਕੁਝ ਹੈਂ, ਹਾਂ ਅਪਨਾ ਲੈ। ਮੈਂ ਕੀ ਹਾਂ? ਕੁਛ ਨਹੀਂ ਹਾਂ! ਚਰਨਾਂ ਵਿਚ ਸਮਾ ਲੈ ਤੇ ਨਾ ਵਿਛੋੜ, ਉਹ ਵਿਛੋੜ ਗਿਆ ਹੈ ਹੁਣ ਤੁਸੀਂ ਨਾ ਵਿਛੋੜਨਾ। ਮੈਂ ਮੂਰਖ ਆਤਮਾ ਦਾ ਸੁਨੇਹਾ ਸੁਣ ਕੇ ਰੋਂਦੀ ਹਾਂ ਅੱਜ ਤੇਰੇ ਕੌਤਕ ਦੇਖ ਕੇ ਅਚਰਜ ਹਾਂ। ਮੈਂ ਆਪਣੀ ਮਤਿ ਤੇ ਕੀਹ ਇਤਬਾਰ ਕਰਾਂ, ਮਤਿ ਮੇਰੀ ਥੋੜ੍ਹੀ ਹੈ, ਚਾਨਣਾ ਮੇਰਾ ਧੁੰਦਲਾ ਹੈ, ਰਾਹ ਮੇਰਾ ਮੈਨੂੰ ਕਾਂਬੇ ਦੇਂਦਾ ਹੈ ਤੇ ਸਭ ਤੋਂ ਡਰਾਉਣੀ ਮੈਂ ਆਪਣ ਹਾਂ। ਚਰਨਾਂ ਵਿਚ ਹਾਂ, ਜਿਥੇ ਮੁਰਦਾ ਚੰਮ ਜੋੜੇ ਦੀ ਸਮਾਈ ਹੈ, ਓਥੇ ਇਸ ਮੁਰਦੇ ਮਾਸ ਨੂੰ ਵੀ ਸਮਾ ਲੈ।

ਮੈਂ ਇਹ ਮਸਾਂ-ਮਸਾਂ ਬੋਲੀ, ਸੰਘ ਰੁਕੇ, ਨੈਣ ਬਰਸਣ, ਲੂੰ ਕੰਡੇ, ਮਾੜੀ-ਮਾੜੀ ਤ੍ਰੇਲੀ ਪਵੇ, ਵਿਚ ਖੁਸ਼ੀ ਤੇ ਨਿੰਮ੍ਰਤਾ ਨਾਲ ਇਹ ਲਹਿਰਾ ਵੱਜੇ ਪਿਆਰੇ ਚਰਨਾਂ ਵਿਚ ਘਰ ਪਾ ਲਿਆ ਹੈ ਅਰ ਆਪਣਾ ਸਰੀਰ ਛੱਡ ਕੇ ਓਥੇ ਵਸ ਗਈ ਹਾਂ।

ਮੇਰੇ ਪਿਤਾ ਜੀ ਨੇ ਹੁਣ ਹੱਥ ਜੋੜ ਕੇ ਬੇਨਤੀ ਕੀਤੀ, ਹੇ ਵਾਹਿਗੁਰੂ ਜੀ! ਹੁਣ ਕ੍ਰਿਪਾ ਕਰਕੇ ਦਾਸ

ਦਾ ਘਰ ਪਵਿੱਤਰ ਅਰ ਇਸ ਕੂਕਰ ਦੇ ਵਲੋਂ ਅੰਨ ਦੀ ਸੇਵਾ ਪਰਵਾਨ ਕਰੋ। ਪਿਆਰੇ ਦੇ ਪਿਆਰੇ ਜੀ ਇਹ ਸੁਣ ਕੇ ਕੁਛ ਤ੍ਰਬ੍ਰਕੇ ਤੇ ਆਖਣ ਲੱਗੇ, ਵਾਹਿਗੁਰੂ ਨਾਉਂ ਤੇ ਮੇਰੇ ਪਿਆਰੇ ਦਾ ਹੈ। ਇਹ ਸੁਣ ਕੇ ਜ਼ਰਾ ਤ੍ਰਬ੍ਰਕੀ ਕਿ ਹੈਨ ਤਾਂ ਪਿਆਰੇ ਦੇ ਪਿਆਰੇ, ਇਨ੍ਹਾਂ ਸੁਹਣਿਆਂ ਨੇ ਇਹ ਕੀ ਆਖਿਆ ਹੈ? ਇਹ ਕਿਹੀ ਹੋਰ ਔਖੀ ਗੱਲ ਆਖ ਰਹੇ ਹਨ? ਮੈਂ ਅਜੇ ਸੋਚ ਕਰ ਰਹੀ ਸਾਂ ਕਿ ਆਪ ਨੇ ਫੇਰ ਆਖਿਆ, ਵਾਹਿਗੁਰੂ ਤਾਂ ਮੈਂ ਉਸ ਨੂੰ ਸੱਦਦਾ ਹਾਂ ਜਿਸ ਨੂੰ ਕਿ ਮੈਂ ਆਪਣੇ ਆਪੇ ਤੋਂ ਬੀ ਵਧੀਕ ਪਿਆਰ ਕਰਦਾ ਹਾਂ।

ਹੁਣ ਮੈਂ ਹੋਰ ਡਰੀ ਕਿ ਕਿਤੇ ਅੱਗੇ ਵਾਂਗੂ ਕਿਸੇ ਹੋਰ ਪਿਆਰੇ ਦੀ ਆਸਾ ਲਾ ਕੇ ਇਹ ਪਿਆਰੇ ਜੀ ਭੀ ਨਾ ਟੁਰ ਜਾਣ। ਪਰ ਉਹ ਜਾਣੀ ਜਾਣ ਕ੍ਰਿਪਾਲੂ ਆਪੇ ਹੀ ਆਖਣ ਲੱਗੇ, ਕਾਕੀ ਇਹ ਨਵੀਂ ਗੱਲ ਨਹੀਂ, ਤੈਨੂੰ ਚੰਗੇ ਲੱਗਣ ਵਾਲੇ ਉਸ ਦਾ ਨਾਉਂ ਤੈਨੂੰ ਪ੍ਰਮਾਤਮਾ ਬੀ ਦਸ ਗਏ ਹਨ, ਜੋ ਤੂੰ ਡਰਦੀ ਸੈਂ ਕਿ ਲੁਕ ਕੇ ਮੇਰੇ ਨਾਲ ਰਹਿੰਦਾ ਹੈ। ਤਾਰ ਜਿਸ ਵਿਚ ਕਿ ਤੂੰ ਅਚਰਜ ਕੌਤਕ ਨਾਲ ਸਭ ਕੁਛ ਪ੍ਰੋਤਾ ਤੇ ਰੂਪ ਅਰੂਪ ਡਿੱਠਾ ਹੈ, ਉਸ ਦਾ ਨਾਉਂ ਸੁਰਤ ਹੈ, ਉਸ ਸੁਰਤ ਦਾ ਸੁਰਤਾ ਵਾਹਿਗੁਰੂ ਹੈ। ਉਸ ਦਾ ਰੂਪ ਰੰਗ ਰੇਖ ਭੇਖ ਕੋਈ ਨਹੀਂ ਹੈ, ਪਰ ਉਹ ਸਭ ਦੇ ਅੰਗ ਸੰਗ ਹੈ। ਸਭ ਦੇ ਆਪਣੇ ਆਪ ਦੇ ਆਪੇ ਦਾ ਬੀਜ, ਉਹ ਐਉਂ ਮਿਲਦਾ ਹੈ ਜਿਕੂੰ ਹੁਣ ਤੁਸਾਂ ਉਸ ਦੇ ਚਰਨਾਂ ਨੂੰ ਪਰਸਿਆ ਹੈ। ਇਹ 'ਵਾਹਿਗੁਰੂ' ਨਾਮ ਉਸ ਦਾ ਹੈ। ਤੁਸੀਂ ਉਸ ਨੂੰ ਯਾਦ ਕਰਦੇ ਰਹੇ ਹੋ, ਉਹ ਤੁਹਾਡੀ ਯਾਦ ਦਾ ਬੱਧਾ ਤੁਹਾਨੂੰ ਆਪਣੀ ਵੱਲ ਖਿੱਚਦਾ ਰਿਹਾ ਹੈ। ਇਹ ਜੋ ਤੁਹਾਨੂੰ ਆਨੰਦ ਅੰਦਰੋਂ ਆਉਂਦਾ ਹੈ, ਇਹ ਉਸ ਦਾ ਹੈ। ਉਹ ਸਦਾ ਪ੍ਰੇਮ ਹੈ 'ਆਪੇ ਪ੍ਰੀਤਿ ਪ੍ਰੇਮ ਪਰਮੇਸਰੁ ਕਰਮੀ ਮਿਲੈ' ਹੈ। ਉਹ ਸਾਰੇ ਹੈ, ਅੰਦਰ ਬਾਹਰ ਹੈ, ਅੰਦਰ ਹੋਣ ਕਰਕੇ ਬਾਹਰ ਢੂੰਢਣਾ ਨਹੀਂ ਪੈਂਦਾ। ਪਿਆਰ ਨਾਲ ਯਾਦ ਕਰਦਿਆਂ ਹੀ ਆਪਣਾ ਆਪ ਲਖਾ ਦੇਂਦਾ ਹੈ। ਉਸ ਪਿਆਰੇ ਨਾਲ ਜੁੜੇ ਰਹਿਣਾ ਜੀਵਨ ਹੈ ਤੇ ਓਸ ਤੋਂ ਵਿਛੁੜਨਾ ਮੌਤ ਹੈ। ਇਸੇ ਮੇਲ ਨੂੰ ਕਿਹਾ ਗਿਆ ਸੀ ਕਿ ਤੂੰ ਆਤਮਾ ਹੈਂ। ਇਹ ਅਸਲੀ ਜੀਵਨ ਹੈ, ਸੰਸਾਰ ਏਸ ਜੀਵਨ ਤੋਂ ਬਾਹਰ ਹੈ, ਏਸੇ ਕਰਕੇ ਦੁਖੀ ਹੈ। ਏਸ ਜੀਵਨ ਬਿਨਾਂ ਜੋ ਜੀਵਨ ਹੈ ਉਹ ਜੀਵਨ ਨਹੀਂ। ਇਹ ਕਹਿ ਕੇ ਆਪ ਖੱਬੇ ਪਾਸੇ ਤੱਕੇ ਤੇ ਬੋਲੇ, ਮਰਦਾਨਿਆਂ! ਰਬਾਬ ਵਜਾ, ਬਾਣੀ ਆਈ ਹੈ। ਆਪ ਤਾਂ ਕਹਿੰਦੇ ਹੀ ਲਿਵ ਲੀਨ ਹੋ ਗਏ ਤੇ ਮਰਦਾਨੇ ਨੇ ਇਕ ਸਾਜ਼ ਵਜਾਇਆ ਜੋ ਸਰੋਦੇ ਨਾਲ ਕੁਛ ਮਿਲਦਾ ਜੁਲਦਾ ਸੀ, ਮੈਨੂੰ ਪਿਛੋਂ ਪਤਾ ਲੱਗਾ ਕਿ ਇਸ ਦਾ ਨਾਉਂ ਰਬਾਬ ਹੈ ਅਰ ਪਿਆਰੇ ਦੇ ਪਿਆਰੇ ਜੀ ਵੀ ਵਿਉਂਤ ਦਾ ਹੈ। ਸਾਜ਼ ਇਹ ਐਡਾ ਸੁਰੀਲਾ ਸੀ ਕਿ ਛਿੜਦਿਆਂ ਹੀ ਜੀ ਜੁੜ ਗਿਆ। ਡਾਢੀ ਹੀ ਪਿਆਰੀ ਸੁਰ ਨਾਲ ਗਾਵਣਹਾਰ ਨੇ ਇਹ ਗਾਵਿਆ –

*ਹਰਿ ਬਿਨੁ ਕਿਉ ਜੀਵਾ ਮੇਰੀ ਮਾਈ ॥*
*ਜੈ ਜਗਦੀਸ ਤੇਰਾ ਜਸੁ ਜਾਚਉ*
*ਮੈ ਹਰਿ ਬਿਨੁ ਰਹਨੁ ਨ ਜਾਈ ॥ ੧ ॥ ਰਹਾਉ ॥*
*ਹਰਿ ਕੀ ਪਿਆਸ ਪਿਆਸੀ*
*ਕਾਮਨਿ ਦੇਖਉ ਰੈਨਿ ਸਬਾਈ ॥*
*ਸ੍ਰੀਧਰ ਨਾਥ ਮੇਰਾ ਮਨੁ ਲੀਨਾ*
*ਪ੍ਰਭੁ ਜਾਨੈ ਪੀਰ ਪਰਾਈ ॥* *ਅੰਗ – ੧੨੩੨*

ਜਦ ਸਮਾਪਤੀ ਹੋਈ ਤੇ ਪਿਤਾ ਜੀ ਨੇ ਫੇਰ ਆਪ ਅੱਗੇ ਘਰ ਚੱਲਣ ਲਈ ਬੇਨਤੀ ਕੀਤੀ। ਪਿਆਰੇ ਦੇ ਪਿਆਰੇ ਜੀ ਨੇ ਆਗਿਆ ਕੀਤੀ ਕਿ ਅਸੀਂ ਏਸ ਮੱਠ ਵਿਚ ਹੀ ਚੰਗੇ ਹਾਂ ਕਿ ਜਿਥੇ ਪਿਆਰੀ ਪੁੱਤਰੀ ਵਾਹਿਗੁਰੂ ਨੂੰ ਵਾਜਾਂ ਮਾਰਦੀ ਰਹੀ ਹੈ, ਪਰੰਤੂ ਮੇਰੇ ਥਿੜਕਦੇ ਬੁੱਲ੍ਹਾਂ ਦੀ ਅਤੇ ਮਾਤਾ ਪਿਤਾ ਜੀ ਦੀ ਹੱਥ ਬੰਨ੍ਹਵੀਂ ਅਰਜ਼ੋਈ ਫੇਰ ਹੋਈ ਤੇ ਦੀਨ ਦਿਆਲ ਜੀ ਨੇ ਪ੍ਰਵਾਨ ਕਰ ਲਿਆ ਅਰ ਸਾਡੇ ਪਾਪੀਆਂ ਦੇ ਰਾਜਸੀ ਮਕਾਨ ਵਿਚ ਚਰਨ ਪਾਏ।

ਸਾਡੇ ਲਈ ਹੁਣ ਚਾਉ ਖੁਸ਼ੀਆਂ, ਆਨੰਦ, ਮੰਗਲ ਬਿਨੋਦ ਅਚਰਜ ਰੰਗਾਂ ਦੇ ਖੁਲ੍ਹ ਪਏ। ਮੈਂ ਕੀਹ ਆਖਾਂ, ਸਾਡਾ ਅੱਜ ਜੀਵਨ ਹੀ ਹੋਰ ਹੋ ਗਿਆ। ਪਿਆਰੇ ਦੇ ਪਿਆਰੇ ਜੀ ਦੀ ਸੇਵਾ ਦੇ ਰੰਗ ਵਿਚ ਜੋ ਰਸ ਸੀ, ਸੋ ਸਾਨੂੰ ਹੀ ਪਤਾ ਹੈ। ਉਸ ਰੰਗ ਨੂੰ ਦੱਸ ਸਕਣਾ ਖਰਾ ਕਠਨ ਹੈ।

ਅੱਜ ਦਿਨ ਤੱਕ ਮੈਨੂੰ ਕੀਹ ਪਤਾ ਸੀ ਕਿ ਕੀਹ ਹੋ ਰਿਹਾ ਹੈ? ਮੈਨੂੰ ਕੌਣ ਖਿੱਚ ਰਿਹਾ ਹੈ? ਮੈਂ ਕਿੱਧਰ ਜਾ ਰਹੀ ਹਾਂ? ਹੁਣ ਸਾਰੇ ਪਤੇ ਲੱਗੇ। ਭਾਵੇਂ ਇਨ੍ਹਾਂ ਪਤਿਆਂ ਤੋਂ ਬਿਨਾਂ ਜੋ ਬੀਜ ਮੇਰੇ ਅੰਦਰ ਉਗਿਆ ਤੇ ਮੌਲ ਪਿਆ ਸੀ ਉਹ ਠੀਕ ਸੀ, ਪਰ ਪਤੇ ਲੱਗ ਕੇ ਕੁਛ ਹੋਰ ਧਰਵਾਸ ਤੇ ਭਰੋਸੇ ਦਾ ਰੰਗ ਹੋ ਗਿਆ। ਮੇਰੇ ਪਿਆਰੇ ਦੇ ਪਿਆਰੇ ਸ੍ਰੀ ਸਤਿਗੁਰ ਨਾਨਕ ਦੇਵ ਜੀ ਸਨ। ਹਾਂ, ਇਕ ਦਿਨ ਕਿਸੇ ਗੁੰਮਤਾਈ ਵਿਚ ਪਿਆਰੇ ਜੀ ਦੇ ਮੂੰਹੋਂ ਬੀ ਇਹ ਨਾਉਂ ਨਿਕਲਿਆ ਸੀ, ਪਰ ਮੈਂ ਅੱਲ੍ਹੜ ਨੂੰ

ਤਦੋਂ ਕੋਈ ਥਹੁ ਨਾ ਪਿਆ।

ਹੁਣ ਮੈਨੂੰ ਪਤਾ ਲਗ ਚੁਕਾ ਸੀ ਕਿ ਰਬਾਬ ਵਜਾਉਣ ਵਾਲਾ ਮਰਦਾਨਾ ਗੁਰੂ ਜੀ ਦਾ ਨਿਜ ਸੇਵਕ ਸੀ ਜੋ ਸ੍ਰੀ ਗੁਰੂ ਜੀ ਦਾ ਕੀਰਤਨੀਆਂ ਸੀ। ਦੋ ਚਾਰ ਦਿਨ ਪਹਿਲਾਂ ਤੋਂ ਜੋ ਚੰਗੇ ਲੱਗਣ ਵਾਲੇ ਮਨੁੱਖ ਮੈਨੂੰ ਬਨ ਵਿਚ ਗਾਉਂਦੇ ਯਾ ਪਤੇ ਪੁੱਛਦੇ ਮਿਲੇ ਸਨ, ਉਹ ਭਾਈ ਭਗੀਰਥ, ਭਾਈ ਸਾਹਾ ਤੇ ਤਾਰਾ ਜੀ ਸਨ ਜੋ ਸ੍ਰੀ ਸਤਿਗੁਰੂ ਜੀ ਦੇ ਪਿਆਰੇ ਸਿੱਖ ਸਨ। ਜੋ ਉਨ੍ਹਾਂ ਦੇ ਪ੍ਰਦੇਸਾਂ ਤੋਂ ਘਰ ਆਇਆਂ ਦੇ ਦਰਸ਼ਨ ਨੂੰ ਆਏ ਸਨ, ਪਰ ਉਹਨਾਂ ਨੂੰ ਪਤਾ ਲੱਗਾ ਸੀ ਕਿ ਆਪ ਝਨਾਂ ਵੱਲ ਦਾ ਰੁਖ ਲੈ ਕੇ ਗਏ ਹਨ। ਉਹ ਸੂੰਹਾਂ ਲੈਂਦੇ ਤੇ ਪਤੇ ਕੱਢਦੇ ਕੁਛ ਅੱਗੇ ਅੱਪੜ ਪਏ ਸਨ। ਏਸ ਥਾਵੇਂ ਜਿਥੇ ਕਿ ਉਹ ਅੱਪੜੇ, ਉਹ ਜਾਣਦੇ ਸਨ ਕਿ ਸਤਿਗੁਰ ਨੇ ਪੁੱਜਣਾ ਹੈ। ਕਿਉਂਕਿ ਭਾਈ ਤਿਲੋਕੇ ਮੇਰੇ ਪਿਆਰੇ ਜੀ ਦੀ ਮੌਤ ਤੇ ਮੇਰੇ ਵੈਰਾਗ ਦੀ ਵਾਰਤਾ ਗੁਰੂ ਜੀ ਦੇ ਸਿੱਖਾਂ ਵਿਚ ਅੱਪੜ ਚੁਕੀ ਸੀ ਤੇ ਬੇਬੇ ਜੀ ਦਾ ਖਿਆਲ ਸੀ ਕਿ ਸਤਿਗੁਰ ਝਨਾਉਂ ਦੇ ਰੁਖ ਨੂੰ ਜੋ ਹੋਏ ਹਨ ਉਹ ਬੀਬੀ ਜੀ ਨੂੰ ਜ਼ਰੂਰ ਤਾਰਨ ਵਾਸਤੇ ਜਾਣਗੇ। ਬੇਬੇ ਜੀ ਦਾ ਅਨੁਮਾਨ ਸਮਾਧੀ-ਦਰਸ਼ਨ ਨੇ ਬੀ ਸਿੱਖਾਂ ਨੂੰ ਇਹੋ ਪਤਾ ਦਿਤਾ ਸੀ।

ਇਹ ਸਾਰੇ ਪਿਆਰੇ ਦਰਸ਼ਨਾਂ ਲਈ ਆਏ ਸਨ ਅਤੇ ਗੁਰੂ ਜੀ ਜਦ ਮੁਹਾੜਾਂ ਮੋੜਨ ਤਾਂ ਇਹ ਬੇਨਤੀ ਕਰਨ ਕਿ ਬੇਬੇ ਜੀ ਬਿਨੈ ਕਰਦੇ ਹੈਨ ਕਿ ਘਰ ਅੱਪੜੋ ਤੇ ਦਰਸ਼ਨ ਦਿਓ। ਸ੍ਰੀ ਗੁਰੂ ਜੀ ਏਥੇ ਆਪਣੇ ਪਿਆਰੇ ਸਿੱਖ ਦੇ ਦਿਤੇ ਬਚਨਾਂ ਨੂੰ ਪੂਰਾ ਕਰਨ ਤੇ ਸਾਨੂੰ ਤਾਰਨ ਵਾਸਤੇ ਆਏ ਸਬ ਅਤੇ ਮੈਂ ਗੋਲੀ ਤੇ ਸਦਕੇ ਹਾਂ ਸਾਰੀ ਉਸ ਜੋਤਿ ਨਿਰੰਜਨੀ ਦੇ ਚਰਨਾਂ ਤੋਂ ਪਿਆਰੇ ਸਿੱਖਾਂ ਨੂੰ ਆਖਣ ਲੱਗੇ, ਬੇਬੇ ਨਾਨਕੀ ਭੈਣ ਹੈ, ਪਰ ਇਹ ਭਾਗਵੰਤੀ ਬੀ ਪੁੱਤਰੀ ਹੋ ਦਿਸੀ ਹੈ। ਹੁਣ ਕੁਝ ਦਿਨ ਅਸਾਂ ਇਸ ਪਾਸ ਕੱਟਣੇ ਹਨ ਫਿਰ ਚੱਲਾਂਗੇ ਤੇ ਦਰਸ਼ਨ ਬੇਬੇ ਜੀ ਨੂੰ ਅੱਜੇ ਹੋ ਜਾਣਗੇ। ਮੈਂ ਇਸ ਗਰੀਬ ਨਿਵਾਜਤਾ ਦੇ ਪਿਆਰ ਨੂੰ, ਜੋ ਉਸ ਨਿਮਾਣਿਆਂ ਤੇ ਰੰਵਾਣਿਆਂ ਨੂੰ ਤਾਰਣ ਵਾਲੇ ਨੇ ਕੀਤਾ, ਵੇਖ ਕੇ ਖੀਵੀ ਹੋ ਰਹੀ ਸਾਂ। ਮੈਂ ਸਤਿਗੁਰ ਦੀਆਂ ਮਿਹਰਾਂ ਨੂੰ ਤੱਕ-ਤੱਕ ਕੇ ਸਦਕੇ ਹੋਵਾਂ ਤੇ ਸ਼ੁਕਰ ਵਿਚ ਕੇਣ ਮੇਣ ਲੱਗੀ ਰਿਹਾ ਕਰੇ।

ਹੁਣ ਮੈਨੂੰ ਪਤਾ ਲੱਗਾ ਕਿ ਸਾਡੇ ਤਪੇ ਵਿਚ ਫਿਰਣਾ ਤੇ ਜੋਧ ਗੁਰਮੁਖ ਦੇ ਪਿਆਰੇ ਤੇ ਹੋਰ ਅਨੇਕਾਂ ਸਿੱਖ ਮੇਰੇ ਸੱਚੇ ਪਿਤਾ ਸ੍ਰੀ ਗੁਰੂ ਨਾਨਕ ਦੇਵ ਦੇ ਤਾਰੇ ਅਰ ਉਸ ਜੋਤਿ ਨਿਰੰਜਨੀ ਵਾਹਿਗੁਰੂ ਜੀ ਦੇ ਪ੍ਰੇਮ ਵਿਚ ਮੱਤੇ ਵਸਦੇ ਹਨ। ਕੌਣ ਜਾਣਦਾ ਸੀ ਕਿ ਐਸੇ ਹੀਰੇ ਸਾਡੇ ਰਾਜ ਵਿਚ ਲੁਕੇ ਪਏ ਹਨ। ਇਨ੍ਹਾਂ ਪਿਆਰਿਆਂ ਦਾ ਆਪਣਾ ਸਤਿਸੰਗ ਸੀ ਅਰ ਇਨ੍ਹਾਂ ਨੂੰ ਮਿਲਣ ਵਾਸਤੇ ਮੈਨੂੰ ਚੰਗਾ ਲੱਗਣ ਵਾਲਾ ਮਨੁੱਖ ਸਾਡੇ ਨਗਰ ਆਇਆ ਸੀ। ਨਿਰੰਜਨ ਥਾਉਂ ਵੇਖ ਕੇ ਆਪਣੇ ਨਿਰੰਕਾਰ ਦੇ ਪਿਆਰ ਤੇ ਪ੍ਰੇਮ ਵਿਚ ਉਹ ਮਸਤ ਬੈਠਾ ਸੀ, ਜਦੋਂ ਮੇਰੇ ਪਾਪੀ ਹੱਥਾਂ ਨੇ ਉਸ ਨੂੰ ਵਿੰਨ੍ਹ ਘੱਤਿਆ ਸੀ। ਉਸ ਗੁਰੂ ਸੁਆਰੇ, ਗੁਰੂ ਪਿਆਰੇ ਦਾ ਨਾਉਂ ਭਾਈ ਤਿਲੋਕਾ ਸੀ ਅਤੇ ਬਿਰਧ ਪੁਰਖ ਭਾਈ ਭਗੀਰਥ ਦਾ ਉਹ ਪੁੱਤਰ ਸੀ। ਸ੍ਰੀ ਗੁਰੂ ਜੀ ਇਸ ਪਿਆਰੇ ਨੂੰ ਬਹੁਤ ਪਿਆਰ ਕਰਦੇ ਸੇ ਤੇ ਇਸ ਨੂੰ ਆਪ ਨੇ ਛੋਟੀ ਉਮਰ ਵਿਚ ਹੀ ਪੂਰਨ ਪੁਰਖ ਬਣਾ ਦਿਤਾ ਸੀ। ਜਿਸ ਦਿਨ ਮੇਰੇ ਇਨ੍ਹਾਂ ਹੱਥਾਂ ਨੇ ਤੀਰ ਮਾਰਿਆ ਉਸ ਚੰਗੇ ਨੇ ਅਜੇ ਬਾਈ ਹੁਨਾਲ ਸਿਆਲ ਮਸਾਂ ਵੇਖੇ ਸੀ। ਹਾਂ, ਅੱਜ ਪਤਾ ਲੱਗਾ ਕਿ ਜਿਸ ਨੂੰ ਮੈਂ ਮਾਰਿਆ ਉਹ ਮੈਨੂੰ ਆਤਮਾ ਦੀ ਜਿੰਦ ਵਿਚ ਜਿਵਾਲ ਗਿਆ ਹੈ, ਜਿਸ ਦੇ ਪੁੱਤਰ ਨੂੰ ਮੈਂ ਵਿਛੋੜਿਆ ਉਹ ਅੱਜ ਮੇਰੇ ਘਰ ਮੈਨੂੰ ਪੁੱਤਰੀ ਦੀ ਤਰ੍ਹਾਂ ਦੇਖ ਰਿਹਾ ਹੈ, ਅਰ ਭਾਣਾ ਕਹਿੰਦਾ ਹੈ ਤੇ ਮੇਰੇ ਔਗੁਣ ਨਹੀਂ ਚਿਤਾਰਦਾ। ਜਿਸ ਸਤਿਗੁਰੂ ਦਾ ਲਾਡਲਾ ਸਿੱਖ ਮੈਂ ਚੜ੍ਹਦੀ ਜਵਾਨੀ ਵਿਚ ਵਿੰਨ੍ਹ ਘੱਤਿਆ ਉਹ ਪਤਿਤ ਪਾਵਨ ਮੈਨੂੰ 'ਕਾਕੀ' ਆਖ ਰਿਹਾ ਹੈ। ਤਦੇ ਤਾਂ ਇਹ ਗੁਰੂ ਕੇ ਸਿੱਖ ਭਾਈ ਭਾਈ ਕਰਕੇ ਇਕ ਦੂਏ ਨੂੰ ਕੂੰਦੇ ਹਨ। ਪ੍ਰੇਮ ਤਾਂ ਸਾਰਾ ਇਨ੍ਹਾਂ ਕੋਲ ਹੈ, ਦੂਈ ਤੇ ਦ੍ਵੈਖ ਕਿਤੇ ਲਾਗੇ ਨਹੀਂ ਫਟਕਦੀ, ਅਮਿਤ ਬਖਸ਼ਿਸ਼ ਇਨ੍ਹਾਂ ਦੇ ਘਰ ਹੈ, ਧੰਨ ਇਹ ਸਤਿਸੰਗ ਹੈ।

ਮੈਨੂੰ ਆਪਣੇ ਰੰਗਾਂ ਵਿਚ ਮੱਤੀ ਨੂੰ ਕੀ ਪਤਾ ਸੀ ਕਿ ਜਗਤ ਵਿਚ ਦੁਖ ਬੀ ਕੋਈ ਸ਼ੈ ਹੈ। ਹੁਣ ਪਤਾ ਲੱਗਾ ਕਿ ਸ੍ਰਿਸ਼ਟੀ ਭਾਰ ਨਾਲ ਦੱਬੀ ਪਈ ਹੈ ਸਾਰਾ ਦੇਸ਼ ਹਾਹਾਕਾਰ ਕਰ ਰਿਹਾ ਹੈ, ਪਾਪ ਦੀ ਕਾਲੀ ਰਾਤ ਪੈ ਰਹੀ ਹੈ ਅਤੇ ਉਸ ਹਨੇਰੇ ਦੇ ਕੱਟਣ ਲਈ ਸਤਿਗੁਰ ਨਾਨਕ ਦੇਵ ਜੀ ਆਏ ਹਨ, ਜਿਨ੍ਹਾਂ ਨੇ ਐਸੇ ਗੁਰਮੁਖ ਪਿਆਰੇ ਪੈਦਾ ਕੀਤੇ ਹਨ ਜੋ ਸੰਸਾਰ ਨੂੰ ਤਾਰਦੇ ਹਨ। ਸਾਰੇ ਨਗਰ ਵਿਚ ਗੁਰੂ ਆਗਮ ਦੀ ਤੇ ਮੇਰੀ ਸਾਰੀ ਕਥਾ ਵਿਸਥਾਰ ਨਾਲ ਫੈਲ ਗਈ। ਭਾਈ ਤਿਲੋਕੇ ਦੀ ਕਰਨੀ ਤੇ ਸ੍ਰੀ ਗੁਰੂ ਨਾਨਕ ਜੀ ਦੀ ਮਿਹਰ ਦਾ ਉਹ ਛਾਇਆ ਪਿਆ ਕਿ ਸਾਰਾ ਨਗਰ ਗੁਰੂ ਦਾ ਸਿੱਖ ਹੋਇਆ।

*'ਚਲਦਾ........... /'*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਐਡੀਟਰ-ਇਨ-ਚੀਫ, ਆਤਮ ਮਾਰਗ*

*ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ॥ ਅੰਗ-੧੦*

ਇਸ ਦਾ ਭਾਵ ਇਹ ਹੈ ਕਿ ਹੇ ਪ੍ਰਭੂ! ਸਾਰੇ ਜੀਵ ਤੇਰੇ ਹੀ ਪੈਦਾ ਕੀਤੇ ਹੋਏ ਹਨ ਅਤੇ ਸਭ ਜੀਆਂ ਦਾ ਰਾਜ਼ਕ ਵੀ ਤੂੰ ਹੀ ਹੈਂ। ਸ੍ਰੀ ਗੁਰੂ ਰਾਮਦਾਸ ਜੀ ਦੇ ਆਸਾ ਰਾਗ ਵਿਚ ਉਚਾਰਨ ਕੀਤੇ ਪਾਵਨ ਸ਼ਬਦ, 'ਸੋ ਪੁਰਖ' ਦੀਆਂ ਪਰਾਰੰਭਕ ਪੰਕਤੀਆਂ ਇਸ ਪ੍ਰਕਾਰ ਹਨ -

*ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ*
*ਹਰਿ ਅਗਮਾ ਅਗਮ ਅਪਾਰਾ ॥*
*ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ*
*ਹਰਿ ਸਚੇ ਸਿਰਜਣਹਾਰਾ ॥*
*ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥*
*ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥*
*ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ*
*ਕਿਆ ਨਾਨਕ ਜੰਤ ਵਿਚਾਰਾ ॥ ਅੰਗ - ੧੦*

ਇਸ ਦਾ ਭਾਵ ਇਹ ਹੈ ਕਿ ਪ੍ਰਮਾਤਮਾ ਸਭਨਾਂ ਜੀਆਂ ਵਿਚ ਵਿਆਪਕ ਹੈ ਪਰ ਤਿੰਨ ਗੁਣੀ ਮਾਇਆ ਤੋਂ ਨਿਰਲੇਪ ਹੋਣ ਕਾਰਨ ਜੀਵ ਦੀ ਪਹੁੰਚ ਤੋਂ ਬਾਹਰ ਹੈ, ਅਗੰਮ ਅਤੇ ਅਗੋਚਰ ਹੈ। ਪ੍ਰਭੂ ਸਭ ਦਾ ਸਿਰਜਣਹਾਰ ਹੈ, ਸਭ ਜੀਵ ਉਸ ਦੀ ਆਰਾਧਨਾ ਕਰਦੇ ਹਨ। ਸਾਰੇ ਜੀਵ ਉਸ ਦੇ ਪੈਦਾ ਕੀਤੇ ਹੋਏ ਹਨ, ਸਭਨਾ ਦਾ ਰਾਜ਼ਕ ਵੀ ਉਹ ਹੀ ਹੈ। ਸਾਰੀ ਰਚਨਾ ਉਸ ਨੇ ਆਪਣੇ ਆਪ ਤੋਂ ਕੀਤੀ, ਇਸ ਲਈ ਸਭ ਥਾਂਈ ਉਹ ਆਪ ਹੀ ਵਿਆਪਕ ਹੋ ਰਿਹਾ ਹੈ, ਮਾਲਕ ਅਤੇ ਸੇਵਕ, ਦੋਹਾਂ ਰੂਪਾਂ ਵਿਚ ਆਪ ਹੀ ਵਿਚਰ ਰਿਹਾ ਹੈ। ਵਿਚਾਰ ਅਧੀਨ ਪੰਕਤੀ ਵਿਚ ਪ੍ਰਮਾਤਮਾ ਦੇ ਦੋ ਪ੍ਰਮੁੱਖ ਗੁਣ ਦਰਸਾਏ ਗਏ ਹਨ -

ਪਹਿਲਾ - ਸਭ ਜੀਅ ਤੁਮਾਰੇ ਜੀ, ਅਰਥਾਤ ਸਾਰੇ ਜੀਵ ਉਸ ਦੇ ਹੀ ਪੈਦਾ ਕੀਤੇ ਹੋਏ ਹਨ।

ਦੂਜਾ - ਤੂੰ ਜੀਆ ਕਾ ਦਾਤਾਰਾ ਅਰਥਾਤ ਸਭਨਾ ਦਾ ਰਾਜ਼ਕ ਵੀ ਉਹ ਆਪ ਹੀ ਹੈ।

ਨਾ ਕੇਵਲ ਜੀਵ ਸਗੋਂ ਸਾਰੇ ਖੰਡ ਬ੍ਰਹਿਮੰਡ, ਸਾਰੀ ਕਾਇਨਾਤ, ਸਾਰੇ ਆਕਾਰ ਉਸ ਦੈਵੀ ਹੁਕਮ ਵਿਚ ਹੋਂਦ ਵਿਚ ਆਉਂਦੇ ਅਤੇ ਕਿਰਿਆਸ਼ੀਲ ਹੁੰਦੇ ਹਨ। ਜਪੁਜੀ ਦੀ ਦੂਜੀ ਪਉੜੀ ਵਿਚ ਇਹ ਭਾਵ ਸਪੱਸ਼ਟ ਹੋ ਰਿਹਾ ਹੈ -

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*
*ਅੰਗ- ੧*

ਕਰਤਾ ਪੁਰਖ ਪ੍ਰਭੂ ਆਪ ਬੇਅੰਤ ਹੈ, ਉਸ ਦੀ ਰਚਨਾ ਵੀ ਬੇਅੰਤ ਹੈ। ਇਸ ਰਚਨਾ ਵਿਚ ਕਈ ਜਾਤਾਂ, ਕਈ ਕਿਸਮਾਂ ਅਤੇ ਕਈ ਨਾਵਾਂ ਦੇ ਜੀਵ ਹਨ। ਜਪੁ ਜੀ ਦੀ ਪਉੜੀ 17 ਵਿਚ ਦਸਿਆ ਹੈ ਕਿ ਅਸੰਖਾਂ ਜੀਵ ਜਪ ਤਪ ਵਿਚ ਲੱਗੇ ਹੋਏ ਹਨ, ਅਸੰਖਾ ਜੀਵ ਵੇਦ ਆਦਿ ਧਾਰਮਿਕ ਗ੍ਰੰਥਾਂ ਦੇ ਅਧਿਐਨ ਕਰ ਰਹੇ ਹਨ, ਬੇਅੰਤ ਜੋਗ ਸਾਧਨਾ ਵਿਚ ਲੱਗੇ ਹੋਏ ਹਨ, ਅਣਗਿਣਤ ਭਗਤ ਹਨ, ਅਣਗਿਣਤ ਦਾਨੀ ਅਤੇ ਦਾਤੇ ਹਨ, ਬੇਅੰਤ ਸੂਰਮੇ, ਬੇਅੰਤ ਜੋਗੀ, ਸਿੱਧ ਅਤੇ ਮੋਨੀ ਸਾਤਵਿਕ ਬਿਰਤੀ ਵਾਲੇ ਹਨ। ਦੂਜੇ ਪਾਸੇ ਤਾਮਸਿਕ ਅਤੇ ਰਾਜਸਿਕ ਗੁਣਾਂ ਵਾਲੇ ਜੀਵ ਮਹਾਂਮੂਰਖ ਹਨ, ਅਨੇਕਾਂ ਪਰਾਇਆ ਮਾਲ ਚੋਰੀ ਕਰਨ ਵਾਲੇ, ਅਨੇਕਾਂ ਹੀ ਖ਼ੂਨੀ, ਦੂਜਿਆਂ ਦਾ ਗਲ ਵੱਢਣ ਵਾਲੇ, ਪਾਪੀ, ਕੂੜਿਆਰ, ਮਲੇਛ, ਮਲੀਨ ਮਤ ਵਾਲੇ, ਅਖਾਜ ਖਾਣ ਵਾਲੇ, ਨਿੰਦਕ ਇਨ੍ਹਾਂ ਸਭ ਕੁਕਰਮੀ ਜੀਵਾਂ ਦੀ ਗਿਣਤੀ ਵੀ ਬੇਅੰਤ ਹੈ। ਪਰ ਇਨ੍ਹਾਂ ਸਭਨਾਂ ਚੰਗੇ ਮਾੜੇ ਜੀਵਾਂ ਦਾ ਕਰਤਾ ਇਕੋ ਪ੍ਰਭੂ ਹੈ। ਬਸ ਇਹ ਗੱਲ ਬੁੱਝਣ ਵਾਲੀ ਹੈ ਜਿਸ ਦੀ ਸੋਝੀ ਗੁਰੂ ਤੋਂ ਹੀ ਪ੍ਰਾਪਤ ਹੁੰਦੀ ਹੈ -

*ਗੁਰਾ ਇਕ ਦੇਹਿ ਬੁਝਾਈ ॥*
*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥*
*ਅੰਗ- ੨*

ਇਨ੍ਹਾਂ ਸਭਨਾਂ ਜਾਤਾਂ, ਜਿਨਸਾਂ, ਕਿਸਮਾਂ ਦੇ ਜੀਵਾਂ ਦੀ ਕਿਰਤ ਵਿਰਤ ਦਾ ਲੇਖ ਹੁਕਮ ਦੀ ਇਕ ਤਾਰ ਚਲਦੀ ਕਲਮ ਨਾਲ ਲਿਖ ਦਿਤਾ ਗਿਆ ਹੈ। ਉਸ ਦੇ ਬੇਅੰਤ ਰੂਪ ਰੰਗ ਹਨ, ਬੇਅੰਤ ਹੀ ਉਸ ਦੀਆਂ ਦਾਤਾਂ ਹਨ, ਇਸ ਦਾ ਅਨੁਮਾਨ ਕੌਣ ਲਾ ਸਕਦਾ ਹੈ? -

*ਜੀਅ ਜਾਤਿ ਰੰਗਾ ਕੇ ਨਾਵ ॥*
*ਸਭਨਾ ਲਿਖਿਆ ਵੁੜੀ ਕਲਾਮ ॥*
*ਏਹੁ ਲੇਖਾ ਲਿਖਿ ਜਾਣੈ ਕੋਇ ॥*
*ਲੇਖਾ ਲਿਖਿਆ ਕੇਤਾ ਹੋਇ ॥ ਅੰਗ - ੩*

ਇਹ ਸਭ ਉਸ ਦੇ ਹੁਕਮ ਦੀ ਖੇਡ ਹੈ। ਅਕਾਲ ਪੁਰਖ ਨੇ ਆਪਣੇ ਇਕ ਕਵਾਉ ਨਾਲ, ਹੁਕਮ ਨਾਲ, ਸਾਰਾ ਸੰਸਾਰ ਬਣਾ ਦਿਤਾ, ਉਸ ਹੁਕਮ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਹੋਂਦ ਵਿਚ ਆ ਗਏ॥

*ਕੀਤਾ ਪਸਾਉ ਏਕੋ ਕਵਾਉ ॥*
*ਤਿਸ ਤੇ ਹੋਏ ਲਖ ਦਰੀਆਉ ॥ ਅੰਗ- ੩*

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਦੀ 10ਵੀਂ ਅਸਟਪਦੀ ਵਿਚ ਵੀ ਸ੍ਰਿਸ਼ਟੀ ਰਚਨਾ ਦੀ ਅਨੇਕਤਾ ਅਤੇ ਵਿਸ਼ੇਸ਼ ਕਰ ਕੇ ਜੀਵਾਂ ਦੀ ਬਹੁ-ਭਾਂਤੀ ਰਚਨਾ ਅਤੇ ਕਿਰਿਆ ਦਾ ਬਖਾਨ ਹੈ। ਇਥੇ ਦਸਿਆ ਹੈ ਕਿ ਕ੍ਰੋੜਾਂ ਪ੍ਰਾਣੀ ਪੂਜਾ ਪਾਠ ਧਾਰਮਿਕ ਰੀਤਾਂ ਰਸਮਾਂ ਕਰਨ ਵਾਲੇ, ਕ੍ਰੋੜਾਂ ਬੰਦੇ ਤੀਰਥਾਂ ਦੇ ਵਸਨੀਕ, ਕ੍ਰੋੜਾਂ ਉਪਰਾਮ, ਜੰਗਲਾਂ ਵਿਚ ਵਸਣ ਵਾਲੇ, ਕ੍ਰੋੜਾਂ ਵਿਦਵਾਨ, ਕ੍ਰੋੜਾਂ ਤਪੀਏ, ਕ੍ਰੋੜਾਂ ਨਾਮ ਅਭਿਆਸੀ ਹਨ। ਇਹ ਵਰਣਨ ਜਪੁਜੀ ਸਾਹਿਬ ਦੀ 17ਵੀਂ ਪਉੜੀ 'ਅਸੰਖ ਜਪੁ ਅਸੰਖ ਭਾਉ' ਅਨੁਸਾਰ ਹੀ ਹੈ -

*ਕਈ ਕੋਟਿ ਹੋਏ ਪੂਜਾਰੀ ॥*
*ਕਈ ਕੋਟਿ ਆਚਾਰ ਬਿਉਹਾਰੀ ॥*
*ਕਈ ਕੋਟਿ ਭਏ ਤੀਰਥ ਵਾਸੀ ॥*
*ਕਈ ਕੋਟਿ ਬਨ ਭ੍ਰਮਹਿ ਉਦਾਸੀ ॥*
*ਕਈ ਕੋਟਿ ਬੇਦ ਕੇ ਸ੍ਰੋਤੇ ॥*
*ਕਈ ਕੋਟਿ ਤਪੀਸੁਰ ਹੋਤੇ ॥*
*ਕਈ ਕੋਟਿ ਆਤਮ ਧਿਆਨੁ ਧਾਰਹਿ ॥*
*ਕਈ ਕੋਟਿ ਕਬਿ ਕਾਬਿ ਬੀਚਾਰਹਿ ॥ ਅੰਗ- ੨੭੫*

ਅਗਲੇ ਬੰਦ ਵਿਚ ਰਜੋ ਅਤੇ ਤਮੋ ਗੁਣੀ ਜੀਵਾਂ ਦਾ ਜ਼ਿਕਰ ਹੈ, ਬਿਲਕੁਲ ਓਵੇਂ ਹੀ ਜਿਵੇਂ ਜਪੁਜੀ ਸਾਹਿਬ ਦੀ 18ਵੀਂ ਪਉੜੀ 'ਅਸੰਖ ਮੂਰਖ ਅੰਧ ਘੋਰ' ਵਿਚ ਹੋਇਆ ਹੈ -

*ਕਈ ਕੋਟਿ ਭਏ ਅਭਿਮਾਨੀ ॥*
*ਕਈ ਕੋਟਿ ਅੰਧ ਅਗਿਆਨੀ ॥*
*ਕਈ ਕੋਟਿ ਕਿਰਪਨ ਕਠੋਰ ॥*
*ਕਈ ਕੋਟਿ ਅਭਿਗ ਆਤਮ ਨਿਕੋਰ ॥ ਅੰਗ - ੨੭੫*

ਅੰਤਲੇ ਬੰਦ ਵਿਚ ਕ੍ਰੋੜਾਂ ਖੰਡਾਂ ਬ੍ਰਹਿਮੰਡਾਂ ਦੀ ਰਚਨਾ ਦਾ ਜ਼ਿਕਰ ਹੈ ਪਰ ਕੋਈ ਮਨੁੱਖ ਇਸ ਬੇਅੰਤ ਰਚਨਾ ਦਾ ਅੰਤ ਨਹੀਂ ਪਾ ਸਕਦਾ। ਇਹ ਵੀ ਸਪੱਸ਼ਟ ਕੀਤਾ ਹੈ ਕਿ ਇਹ ਪਸਾਰਾ ਕਈ ਵਾਰ ਹੋਂਦ ਵਿਚ ਆਇਆ ਅਤੇ ਮੁੜ ਉਸ ਪ੍ਰਭੂ ਵਿਚ ਹੀ ਸਮਾ ਗਿਆ -

*ਕਈ ਬਾਰ ਪਸਰਿਓ ਪਾਸਾਰ ॥*
*ਸਦਾ ਸਦਾ ਇਕੁ ਏਕੰਕਾਰ ॥*
*ਕਈ ਕੋਟਿ ਕੀਨੇ ਬਹੁ ਭਾਤਿ ॥*
*ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥*
*ਤਾ ਕਾ ਅੰਤੁ ਨ ਜਾਨੈ ਕੋਇ ॥*
*ਆਪੇ ਆਪਿ ਨਾਨਕ ਪ੍ਰਭੁ ਸੋਇ ॥ ੭ ॥ ਅੰਗ- ੨੭੬*

ਉਸ ਦਾ ਦੂਜਾ ਮੀਰੀ ਗੁਣ ਸਾਰੀ ਕਾਇਨਾਤ ਦੀ ਪਾਲਣਾ ਹੈ। ਸਭਨਾਂ ਜੀਆਂ ਦਾ ਦਾਤਾਰ ਪ੍ਰਭੂ ਆਪ ਹੈ - ਸਭਨਾ ਜੀਆ ਕਾ ਇਕ ਦਾਤਾ' ਕਿਸੇ ਦੁਨਿਆਵੀ ਮਨੁੱਖ ਨੂੰ ਦਾਤਾ ਮੰਨਣਾ ਅਤੇ ਉਸ ਦਾ ਆਸਰਾ ਤਕਣਾ ਬਹੁਤ ਵੱਡੀ ਭੁੱਲ ਹੈ। ਕੋਈ ਮਨੁੱਖ ਕਿਸੇ ਨੂੰ ਕੀ ਦੇ ਸਕਦਾ ਹੈ? ਕੇਵਲ ਪ੍ਰਮਾਤਮਾ ਦੇ ਦਿਤਿਆਂ ਹੀ ਮਨੁੱਖ ਰੱਜਿਆ ਰਹਿੰਦਾ ਹੈ - ਗੁਰੂ ਜੀ ਦਾ ਫੁਰਮਾਨ ਹੈ -

*ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥*
*ਦੇਵਨ ਕਉ ਏਕੈ ਭਗਵਾਨੁ ॥*
*ਜਿਸ ਕੈ ਦੀਐ ਰਹੈ ਅਘਾਇ ॥*
*ਬਹੁਰਿ ਨ ਤ੍ਰਿਸਨਾ ਲਾਗੈ ਆਇ ॥ ਅੰਗ- ੨੮੧*

ਜਿਵੇਂ ਪ੍ਰਭੂ ਬੇਅੰਤ ਹੈ, ਤਿਵੇਂ ਉਸ ਦੀਆਂ ਦਾਤਾਂ ਵੀ ਬੇਅੰਤ ਹਨ। ਜਿਵੇਂ ਅਕਾਲ ਪੁਰਖ ਦੇ ਗੁਣਾਂ ਦਾ ਕੋਈ ਹੱਦ ਬੰਨਾ ਨਹੀਂ, ਤਿਵੇਂ ਉਸ ਦੀ ਰਚਨਾ ਅਤੇ ਦਾਤਾਂ ਦਾ ਵੀ ਕੋਈ ਅੰਤ ਨਹੀਂ -

*ਅੰਤੁ ਨ ਸਿਫਤੀ ਕਹਣਿ ਨ ਅੰਤੁ ॥*
*ਅੰਤੁ ਨ ਕਰਣੈ ਦੇਣਿ ਨ ਅੰਤੁ ॥*
*ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥*
*ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਗ- ੫*

ਉਸ ਦੀਆਂ ਅਨੇਕ ਦਾਤਾਂ ਦਾ ਅੰਦਾਜ਼ਾ ਕਉਣ ਲਾ ਸਕਦਾ ਹੈ -

*ਕੇਤੀ ਦਾਤਿ ਜਾਣੈ ਕੌਣੁ ਕੂਤੁ ॥ ਅੰਗ- ੩*

ਸੁਖਮਨੀ ਸਾਹਿਬ ਦੀ ਅਸ਼ਟਪਦੀ ਛੇਵੀਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁੱਖ ਦਾ ਧਿਆਨ ਉਨ੍ਹਾਂ ਕੁਝ ਦਾਤਾਂ ਵਲ ਦਿਵਾਇਆ ਹੈ ਜੋ ਪ੍ਰਭੂ ਦੀ ਕ੍ਰਿਪਾ ਰਾਹੀਂ ਮਨੁੱਖ ਨੂੰ ਪ੍ਰਾਪਤ ਹਨ। ਜਿਵੇਂ ਛੱਤੀ

ਪ੍ਰਕਾਰ ਦੇ ਭੋਜਨ, ਕਈ ਪ੍ਰਕਾਰ ਦੀਆਂ ਸੁਗੰਧੀਆਂ, ਰਹਿਣ ਲਈ ਸੋਹਣੇ ਪੱਕੇ ਮਹੱਲ, ਅਨੇਕਾਂ ਸੁਖ, ਚੋਜ ਤਮਾਸ਼ੇ, ਸਵਾਦਲੇ ਪਦਾਰਥ, ਸੋਹਣੇ ਰੇਸ਼ਮੀ ਬਸਤਰ, ਸੁਖੀ-ਸੇਜਾਂ, ਸੋਨੇ ਵਰਗਾ ਨਰੋਆ ਸਰੀਰ, ਸਜਾਵਟ ਲਈ ਭੂਸ਼ਨ, ਸਵਾਰੀ ਲਈ ਘੋੜੇ ਹਾਥੀ, ਬਾਗ ਬਗੀਚੇ, ਜ਼ਮੀਨਾਂ ਅਤੇ ਧਨ ਦੀ ਮਾਲਕੀ, ਦੇਖਣ ਨੂੰ ਅਸਚਰਜ ਨਜ਼ਾਰੇ, ਕੰਨਾਂ ਨਾਲ ਸੁਣਨ ਲਈ ਸੰਗੀਤ ਦੀਆਂ ਮਧੁਰ ਧੁਨੀਆਂ, ਮਿੱਠੇ ਬੋਲ, ਬੋਲਣ ਲਈ ਜੀਭਾ, ਕਾਰ ਵਿਹਾਰ ਅਤੇ ਸੇਵਾ ਲਈ ਹੱਥ ਪੈਰ ਅਤੇ ਹੋਰ ਅੰਗ, ਸੁਖ ਅਤੇ ਆਰਾਮ ਲਈ ਬੇਅੰਤ ਸਹੂਲਤਾਂ, ਇਹ ਸਭ ਕੁਝ ਉਸ ਦਾਤਾਰ ਦੀ ਕ੍ਰਿਪਾ ਸਦਕਾ ਪ੍ਰਾਪਤ ਹਨ, ਐਸੇ ਪ੍ਰਭੂ ਨੂੰ ਸਦਾ ਮਨ ਵਿਚ ਚੇਤੇ ਰਖਣਾ ਚਾਹੀਦਾ ਹੈ। ਅਸ਼ਟਪਦੀ ਦੀਆਂ ਕੁਝ ਪੰਕਤੀਆਂ ਇਸ ਪ੍ਰਕਾਰ ਹਨ -

*ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥*
*ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥*
*ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥ ...ਅੰਗ - ੨੬੯*

*ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥.......*
*ਅੰਗ - ੨੭੦*

*ਜਿਹ ਪ੍ਰਸਾਦਿ ਆਭੂਖਨ ਪਹਿਰੀਜੈ ॥*
*ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ ॥ ਅੰਗ - ੨੭੦*

ਬੇਅੰਤ ਲੋਕ ਉਸ ਦੀਆਂ ਦਾਤਾਂ ਦਾ ਅਨੰਦ ਮਾਣ ਰਹੇ ਹਨ ਪਰ ਕਈ ਲੋਕ ਉਸ ਦੀਆਂ ਦਾਤਾਂ ਦਾ ਦੁਰਉਪਯੋਗ ਕਰ ਕੇ ਵਿਕਾਰਾਂ ਵਿਚ ਪੈ ਕੇ ਜੀਵਨ ਨਸ਼ਟ ਕਰ ਰਹੇ ਹਨ। ਕਈ ਲੋਕ ਦਾਤਾਂ ਪ੍ਰਾਪਤ ਕਰ ਕੇ ਮੁਨਕਰ ਹੋ ਜਾਂਦੇ ਹਨ, ਕਦੇ ਸ਼ੁਕਰਾਨੇ ਵਿਚ ਨਹੀਂ ਆਉਂਦੇ। 'ਦਾਤ ਪਿਆਰੀ ਵਿਸਰਿਆ ਦਾਤਾਰਾ', ਕਈ ਦਾਤਾਂ ਲੈ ਕੇ ਖਾਈ ਤਾਂ ਜਾਂਦੇ ਹਨ ਪਰ ਦਾਤਾਰ ਨੂੰ ਚੇਤੇ ਨਹੀਂ ਕਰਦੇ -

*ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥*
*ਅੰਗ- ੨੫*

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਦਾਤਾਰ ਦੀਆਂ ਅਨੇਕ ਦਾਤਾਂ ਵਿਚੋਂ ਉਹ ਕਿਹੜੀ ਦਾਤ ਹੈ ਜਿਸ ਨੂੰ ਅਸੀਂ ਸਰਵੋਤਮ ਦਾਤ ਕਹਿ ਸਕਦੇ ਹਾਂ? ਮੁੱਖ ਤੌਰ ਤੇ ਚਾਰ ਦਾਤਾਂ ਦੀ ਹੀ ਯਾਚਨਾ ਕੀਤੀ ਜਾਂਦੀ ਹੈ -

ਧਰਮ, ਅਰਥ, ਕਾਮ, ਮੋਕਸ਼ ਪਰ ਗੁਰੂ ਜੀ ਅਨੁਸਾਰ, ਸਰਵੋਤਮ ਦਾਤ, ਸਰਵੋਤਮ ਵਸਤੂ ਪ੍ਰਭੂ ਦੀ ਸਿਫਤਿ ਸਾਲਾਹ ਹੈ। ਗੁਰੂ ਜੀ ਅਨੁਸਾਰ ਜਿਸ ਮਨੁੱਖ ਨੂੰ ਅਕਾਲ ਪੁਰਖ ਆਪਣੀ ਸਿਫਤਿ ਸਲਾਹ ਦੀ ਦਾਤ ਬਖਸ਼ਦਾ ਹੈ, ਉਸ ਦਾ ਦਰਜਾ ਪਾਤਸ਼ਾਹਾਂ ਦੇ ਪਾਤਸ਼ਾਹ ਵਾਲਾ ਬਣ ਜਾਂਦਾ ਹੈ - ***'ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥'*** ਕਾਰਨ ਇਹ ਹੈ ਕਿ ਦੁਨਿਆਵੀ ਮਾਇਕ ਪਦਾਰਥ ਛਿਨਭੰਗਰ ਹੁੰਦੇ ਹਨ, ਤਿੰਨਾਂ ਗੁਣਾਂ, ਰਜੋ, ਸਤੋ, ਤਮੋ ਨਾਲ ਸਬੰਧਿਤ ਹੁੰਦੇ ਹਨ, ਛਲਾਵਾ ਹੁੰਦੇ ਹਨ, ਪ੍ਰਾਪਤ ਹੋਣ ਤੇ ਸੁਖ ਦਾ ਅਨੁਭਵ ਹੁੰਦਾ ਹੈ ਪਰ ਬਿਨਸ ਜਾਣ ਜਾਂ ਖੁਸ ਜਾਣ ਤੇ ਓਨਾ ਹੀ ਵਧੇਰੇ ਦੁਖ ਹੁੰਦਾ ਹੈ। ਫੇਰ ਇਹ ਪਦਾਰਥ ਮਰਨ ਉਪਰੰਤ ਕਿਸੇ ਨਾਲ ਨਹੀਂ ਜਾਂਦੇ। ਸੰਸਾਰ ਤੋਂ ਤੁਰਨ ਲੱਗਿਆਂ ਬਹੁਤ ਅਫਸੋਸ ਹੁੰਦਾ ਹੈ ਕਿ ਕੱਚਾ ਧੰਨ ਹੀ ਇਕੱਤਰ ਕਰਦੇ ਰਹੇ, ***'ਕਾਚਾ ਧਨ ਸੰਚਹਿ ਮੂਰਖ ਗਾਵਾਰ'।*** ਇਹ ਕੋਠੇ ਮੰਡਪ ਮਾੜੀਆਂ ਜਿਨ੍ਹਾਂ ਨੂੰ ਉਸਾਰਨ ਵਿਚ ਸਾਰਾ ਤਾਣ ਲਾਇਆ, ਹੁਣ ਇਹ ਮਿੱਟੀ ਦਾ ਢੇਰ ਕਿਸ ਕੰਮ? ***'ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥'*** *(ਅੰਗ-੧੩੮੦)*ਕਿਸੇ ਨਾਲ ਸਾਥ ਨਹੀਂ ਦਿਤਾ। ਪਰ ਕੇਵਲ ਪ੍ਰਭੂ ਸਿਮਰਨ, ਪ੍ਰਭੂ ਦੀ ਸਿਫਤਿ ਸਾਲਾਹ ਹੀ ਮਰਨ ਉਪਰੰਤ ਮਨੁੱਖ ਦੇ ਨਾਲ ਨਿਭਦੀ ਹੈ, ਇਸ ਲਈ 'ਨਾਮ' ਦੀ ਦਾਤ ਨੂੰ ਅਮੋਲਕ ਵਸਤੂ ਕਿਹਾ ਹੈ, ***'ਸਾਈ ਨਾਮੁ ਅਮੋਲ ਕੀਮ ਨ ਕੋਈ ਜਾਣਦੋ। ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ।'*** *(ਅੰਗ-੮੧)* ਸਿਫਤਿ ਸਾਲਾਹ ਦਾ ਗੁਣ ਅਮੋਲਕ ਗੁਣ ਹੈ। ਇਸ ਦਾ ਵਾਪਾਰ ਕਰਨ ਵਾਲੇ ਵਪਾਰੀ ਵੀ ਅਮੋਲਕ ਹਨ। ਫੁਰਮਾਨ ਹੈ -

*ਅਮੁਲ ਗੁਣ ਅਮੁਲ ਵਾਪਾਰ ॥*
*ਅਮੁਲ ਵਾਪਾਰੀਏ ਅਮੁਲ ਭੰਡਾਰ ॥ ਅੰਗ - ੫*

ਭਾਰਤੀ ਪਰੰਪਰਾ ਵਿਚ ਇਕ ਵਿਚਾਰ ਇਹ ਵੀ ਚਲਦੀ ਹੈ ਕਿ ਮਾਇਆ ਵੀ ਪ੍ਰਭੂ ਵਾਂਗ ਅਨਾਦੀ ਹੈ ਤੇ ਕਿਸੇ ਜੁਗਤੀ ਨਾਲ ਪ੍ਰਸੂਤ ਹੋਈ ਤੇ ਉਸ ਨੇ ਤਿੰਨ ਪੁੱਤ ਜੰਮੇ - ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ, ਬ੍ਰਹਮਾ ਜੀਵ ਜੰਤਾਂ ਨੂੰ ਪੈਦਾ ਕਰਦਾ ਹੈ, ਵਿਸ਼ਨੂੰ ਭੰਡਾਰੇ ਦਾ ਮਾਲਕ ਹੈ, ਅਰਥਾਤ ਸਭਨਾ ਜੀਆਂ ਰਿਜ਼ਕ ਅਪੜਾਉਂਦਾ ਹੈ ਅਤੇ ਸ਼ਿਵ ਜੀਆਂ ਦਾ ਸੰਘਾਰ ਕਰਦਾ ਹੈ ਪਰ ਗੁਰੂ ਨਾਨਕ ਦੇਵ ਜੀ ਮਾਇਆ ਨੂੰ ਅਨਾਦੀ ਨਹੀਂ ਮੰਨਦੇ। ਮਾਇਆ ਵੀ ਰੱਬ ਦੀ ਕਿਰਤ ਹੈ, ਕਲਾ-ਸ਼ਕਤੀ ਹੈ। ਸੰਸਾਰ ਦੀ ਸੰਚਾਲਕ ਮਾਇਆ ਨਹੀਂ, ਆਪ ਕਰਤਾ ਪੁਰਖ ਹੈ, ਜਿਵੇਂ

ਉਸ ਨੂੰ ਚੰਗਾ ਲਗਦਾ ਹੈ, ਹੁਕਮ ਅਨੁਸਾਰ ਉਹ ਸੰਸਾਰ ਖੇਡ ਚਲਾਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ –

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥*
*ਅੰਗ- ੭*

ਕਰਤਾ ਪੁਰਖ ਕੇਵਲ ਇਸ ਧਰਤੀ ਦੇ ਜੀਵਾਂ ਦਾ ਹੀ ਦਾਤਾ ਨਹੀਂ, ਸਗੋਂ ਉਸ ਦੇ ਭੰਡਾਰਿਆਂ ਦਾ ਟਿਕਾਣਾ ਹਰੇਕ ਭਵਨ ਵਿਚ ਹੋ, ਹਰੇਕ ਗ੍ਰਹਿ ਤੇ ਉਸ ਦੇ ਭੰਡਾਰੇ ਚਲ ਰਹੇ ਹਨ। ਅਜਿਹਾ ਕਰਨ ਵਿਚ ਉਸ ਨੂੰ ਕੋਈ ਸਮਾਂ ਨਹੀਂ ਲੱਗਿਆ, ਸਗੋਂ ਜੋ ਕੁਝ ਅਕਾਲ ਪੁਰਖ ਨੇ ਇਨ੍ਹਾਂ ਭੰਡਾਰਿਆਂ ਵਿਚ ਪਾਇਆ ਹੈ, ਉਹ ਇਕ ਵਾਰੀ ਪਾ ਦਿਤਾ ਹੈ, ਅਖੁੱਟ ਭੰਡਾਰੇ ਇਕੋ ਵਾਰੀ ਭਰ ਦਿਤੇ ਹਨ –

*ਆਸਣੁ ਲੋਇ ਲੋਇ ਭੰਡਾਰ ॥*
*ਜੋ ਕਿਛੁ ਪਾਇਆ ਸੁ ਏਕਾ ਵਾਰ ॥*
*ਕਰਿ ਕਰਿ ਵੇਖੈ ਸਿਰਜਣਹਾਰੁ ॥*
*ਨਾਨਕ ਸਚੇ ਕੀ ਸਾਚੀ ਕਾਰ ॥* *ਅੰਗ- ੭*

ਜੀਵਾਂ ਦੀ ਪ੍ਰਿਤਪਾਲਨਾ ਦਾ ਇਹ ਸਿਧਾਂਤ ਏਨਾ ਪੂਰਨਤਾ ਸਪੰਨ ਹੈ ਕਿ ਧਰਤੀ, ਆਕਾਸ਼, ਪਾਣੀ, ਪੱਥਰ, ਪਹਾੜ, ਸਮੁੰਦਰ ਜਿਥੇ ਵੀ ਜੀਅ ਜੰਤ ਪੈਦਾ ਕੀਤੇ ਹਨ, ਰਾਜਕ ਦਾਤਾਰ ਨੇ ਉਨ੍ਹਾਂ ਦੇ ਰਿਜ਼ਕ ਦਾ ਪ੍ਰਬੰਧ ਓਥੇ ਹੀ ਕਰ ਦਿਤਾ ਹੈ। ਅੱਧੀ ਕਾਇਨਾਤ ਸਮੁੰਦਰਾਂ ਦਰਿਆਵਾਂ ਦੇ ਪਾਣੀ ਵਿਚ ਵਸਦੀ ਹੈ ਜਿਥੇ ਨਾ ਖੇਤੀਬਾੜੀ ਹੈ, ਨਾ ਬਾਗਬਾਨੀ, ਨਾ ਬਾਜ਼ਾਰ ਹਨ, ਨਾ ਵਾਪਾਰੀ ਪਰ ਸਭ ਨੂੰ ਰੋਜ਼ੀ ਮਿਲ ਰਹੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਇਕ ਸ਼ਬਦ ਵਿਚ ਦਸਦੇ ਹਨ ਕਿ ਮਨੁੱਖ ਨੂੰ ਉਦਮ ਤਾਂ ਜ਼ਰੂਰ ਕਰਨਾ ਚਾਹੀਦਾ ਹੈ ਪਰ ਰੋਜ਼ੀ ਲਈ ਚਿੰਤਾ ਨਹੀਂ ਕਰਨੀ ਚਾਹੀਦੀ। ਜਦ ਮਨੁੱਖ ਦੇ ਆਹਰ ਵਿਚ ਪ੍ਰਮਾਤਮਾ ਆਪ ਲੱਗਾ ਹੋਇਆ ਹੈ, ਤਾਂ ਮਨੁੱਖ ਕਿਉਂ ਸੋਚਾਂ ਫਿਕਰਾਂ ਵਿਚ ਪਿਆ ਰਹਿੰਦਾ ਹੈ। ਜਿਹੜੇ ਜੀਵ ਪ੍ਰਭੂ ਨੇ ਚਟਾਨਾਂ ਤੇ ਪੱਥਰਾਂ ਵਿਚ ਪੈਦਾ ਕੀਤੇ ਹਨ, ਉਨ੍ਹਾਂ ਦਾ ਵੀ ਰਿਜ਼ਕ ਉਸ ਨੇ ਉਨ੍ਹਾਂ ਨੂੰ ਪੈਦਾ ਕਰਨ ਤੋਂ ਪਹਿਲਾਂ ਓਥੇ ਰਖ ਦਿਤਾ ਹੈ। ਗੁਰੂ ਜੀ ਇਕ ਉਦਾਹਰਣ ਰਾਹੀਂ ਸਮਝਾਉਂਦੇ ਹਨ ਕਿ ਵੇਖੋ, ਕੂੰਜ ਉਡ-ਉਡ ਕੇ ਸੈਂਕੜੇ ਕੋਹਾਂ ਤੇ ਆ ਜਾਂਦੀ ਹੈ, ਪਿੱਛੇ ਉਸ ਦੇ ਬੱਚੇ ਇਕੱਲੇ ਛੱਡੇ ਹੋਏ ਹੁੰਦੇ ਹਨ, ਉਨ੍ਹਾਂ ਨੂੰ ਖੁਆਲਣ ਵਾਲਾ, ਚੋਗਾ ਦੇਣ ਵਾਲਾ, ਕੋਈ ਨਹੀਂ ਹੁੰਦਾ ਪਰ ਕੂੰਜ ਆਪਣੇ ਬੱਚਿਆਂ ਦਾ ਧਿਆਨ ਮਨ ਵਿਚ ਰਖਦੀ ਹੈ ਤੇ ਪ੍ਰਭੂ, ਇਸ ਧਿਆਨ ਸਦਕਾ ਹੀ ਉਨ੍ਹਾਂ ਬੱਚਿਆਂ ਦੀ ਪਾਲਣਾ ਕਰਦਾ ਹੈ। ਫੁਰਮਾਨ ਹੈ –

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ੧ ॥*
*ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥*
*ਗੁਰ ਪਰਸਾਦਿ ਪਰਮ ਪਦੁ ਪਾਇਆ*
*ਸੂਕੇ ਕਾਸਟ ਹਰਿਆ ॥ ੧ ॥ ਰਹਾਉ ॥*
*ਜਨਨਿ ਪਿਤਾ ਲੋਕ ਸੁਤ ਬਨਿਤਾ*
*ਕੋਇ ਨ ਕਿਸ ਕੀ ਧਰਿਆ ॥*
*ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ*
*ਕਾਹੇ ਮਨ ਭਉ ਕਰਿਆ ॥ ੨ ॥*
*ਊਡੇ ਊਡਿ ਆਵੈ ਸੈ ਕੋਸਾ*
*ਤਿਸੁ ਪਾਛੈ ਬਚਰੇ ਛਰਿਆ ॥*
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ*
*ਮਨ ਮਹਿ ਸਿਮਰਨੁ ਕਰਿਆ ॥* *ਅੰਗ- ੧੦*

ਜਗਤ ਦੇ ਸਾਰੇ ਖਜ਼ਾਨੇ, ਸਭ ਸਿੱਧੀਆਂ ਮਾਨੋ ਉਸ ਜਗਤ ਦੇ ਸਿਰਜਨਹਾਰ ਅਤੇ ਪਾਲਣਹਾਰ ਪ੍ਰਭੂ ਦੀ ਤਲੀ ਉਪਰ ਰੱਖੇ ਪਏ ਹਨ, ਜਿਸ ਪ੍ਰਭੂ ਦੇ ਅੰਤ ਦਾ ਪਾਰਾਵਾਰ ਹੀ ਨਹੀਂ, ਉਸ ਤੋਂ ਕੇਵਲ ਬਲਿਹਾਰ ਹੀ ਜਾ ਸਕਦੇ ਹਾਂ।

*ਸਭਿ ਨਿਧਾਨ ਦਸ ਅਸਟ ਸਿਧਾਨ*
*ਠਾਕੁਰ ਕਰ ਤਲ ਧਰਿਆ ॥*
*ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ*
*ਤੇਰਾ ਅੰਤੁ ਨ ਪਾਰਾਵਰਿਆ ॥* *ਅੰਗ- ੧੦*

ਤਾਂ ਤੇ ਮਨੁੱਖ ਦੀ ਭਲਾਈ ਇਸ ਵਿਚ ਹੈ ਕਿ ਉਹ ਇਸ ਵਿਚਾਰ ਨੂੰ ਮੰਨ ਕੇ ਹਿਰਦੇ ਵਿਚ ਵਸਾ ਲਵੇ –

*ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥*
*ਅੰਗ – ੩੪੮*

# ਈਸ਼੍ਵਰ ਅਮੋਲਕ ਲਾਲ

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

## ਯੋਗ ਚਾਰ ਕਿਸਮ ਕਾ ਹੈ

1. ਭਗਤ ਯੋਗ 2. ਹਠ ਯੋਗ 3. ਸੁਰਤ ਸ਼ਬਦ ਯੋਗ 4. ਗਿਆਨ ਯੋਗ

1. ਭਗਤ ਯੋਗ : ਨੌਂ ਕਿਸਮ ਕੀ ਭਗਤੀ ਕਰਤਾ ਹੂਆ ਪ੍ਰਮੇਸ਼ਰ ਸੇ ਮਿਲਾਪ ਕਰੇ।

2. ਪ੍ਰਾਣਾਯਾਮ ਦੁਆਰਾ ਮਨ ਕੋ ਅਕਾਲ ਪੁਰਖ ਮੇਂ ਲੈਅ ਕਰੇ।

3. ਅਨਹਦ ਧੁਨੀ ਮੇਂ ਬਿਰਤੀ ਲਗਾ ਕਰ ਆਹਿਸਤਾ ਆਹਿਸਤਾ ਲਿਵਲੀਨ ਹੋ ਜਾਵੇ।

4. ਯੇਹ ਬ੍ਰਹਮ ਗਿਆਨ ਕੀ ਪ੍ਰਾਪਤੀ ਸੇ ਬਾਦ ਕੀ ਅਵਸਥਾ ਹੈ। ਗਿਆਨ ਦੁਆਰਾ ਹਮੇਸ਼ਾ ਹੀ ਨਿਰਾਕਾਰ ਮੇਂ ਇਸਥਿਤ ਰਹਿਨੇ ਕੋ ਕਹਿਤੇ ਹੈਂ। ਗਿਆਨ ਯੋਗੀ ਕੋ ਕਭੀ ਭੀ ਵਿਯੋਗ ਨਹੀਂ ਹੂਆ ਕਰਤਾ। ਯੇਹ ਸਭ ਸੇ ਆਲ੍ਹਾ (ਉਤਮ) ਯੋਗ ਹੈ। ਪਹਿਲੇ ਤੀਨ ਯੋਗ ਸਾਧਨ ਰੂਪ ਹੈਂ ਲੇਕਿਨ ਗਿਆਨ ਯੋਗ ਤੋ ਸਿੱਧੀ ਯੋਗ ਹੈ। ਗਿਆਨ ਯੋਗੀ ਕਾ ਜਨਮ ਬੰਦ ਹੋ ਜਾਤਾ ਹੈ ਔਰ ਫਿਰ ਲੌਟ ਕਰ ਸੰਸਾਰ ਮੇਂ ਨਹੀਂ ਆਤਾ।

## ਹਠ ਯੋਗ ਕੇ ਆਠ ਅੰਗ ਹੈਂ

1. ਯਮ 2. ਨੇਮ 3. ਆਸਨ 4. ਪ੍ਰਾਣਾਯਾਮ 5. ਪ੍ਰਤਿਆਹਾਰ 6. ਧਾਰਣਾ 7. ਧਿਆਨ 8. ਸਮਾਧ

1. ਯਮ - 1. ਅਹਿੰਸਾ 2. ਸੱਤਯ 3. ਬ੍ਰਹਮਚਰਯ 4. ਅਪ੍ਰਗ੍ਰਹਿ

ਰਾਜ ਯੋਗ - ਮਨ ਕੇ ਵਿਚਾਰ ਯਾ ਉਸ ਕੀ ਬ੍ਰਿਤੀਓਂ ਕੇ ਨਿਰੋਧ ਕੋ ਰਾਜ ਯੋਗ ਕਹਿਤੇ ਹੈਂ। ਪ੍ਰਮਾਤਮਾ ਯਾ ਈਸ਼੍ਵਰ ਸੇ ਮੇਲ ਕਾ ਨਾਮ ਹੀ ਯੋਗ ਹੈ।

ਯੋਗ ਕੇ ਲਾਭ - ਯੋਗ ਸਰੀਰਕ ਔਰ ਮਾਨਸਿਕ ਯੋਗਤਾ ਪ੍ਰਦਾਨ ਕਰਤਾ ਹੈ 1. ਮੋਕਸ਼ 2. ਇਕਾਗਰਤਾ, 3. ਸ਼ਾਂਤੀ 4. ਪ੍ਰਮਾਨੰਦਤਾ 5 ਸਿੱਧੀ। ਆਦਿ ਬਹੁਤ ਲਾਭ ਦੇਤਾ ਹੈ।

## ਯੋਗ ਕਾ ਅਧਿਕਾਰੀ

ਯੋਗ ਕੇ ਵਿਦਿਆਰਥੀ ਕੀ ਪਰਮ ਸ਼ਰਧਾ ਅਰ ਭਗਤੀ ਆਪਣੇ ਗੁਰੂ ਅਰ ਈਸ਼੍ਵਰ ਮੇਂ ਹੋਣੀ ਜ਼ਰੂਰੀ ਹੈ। ਉੱਦਮ, ਬ੍ਰਹਮਚਰਯ ਅਰ ਦੈਵੀ ਗੁਣ ਹੋਣੇ ਜ਼ਰੂਰੀ ਹੈ। ਯੋਗ ਭੋਜਨ ਚਾਹੀਏ। ਸਤੋਗੁਣੀ, ਸਨਿਗਧ, ਅਲਪ ਔਰ ਦਿਮਾਗੀ ਤਾਕਤ ਵਧਾਉਣ ਵਾਲਾ ਭੋਜਨ ਚਾਹੀਏ। ਯੋਗ ਕੇ ਸਮੇਂ 1/2 (ਆਧਾ) ਪੇਟ ਭੋਜਨ ਸੇ ਭਰੇ ਔਰ 1/4 ਪਾਣੀ ਸੇ ਔਰ 1/4 ਮੇਂ ਹਵਾ ਹੋਣੀ ਚਾਹੀਏ।

## ਮਨ ਕਾ ਨਿਗਰਹਿ

ਵੈਰਾਗ ਔਰ ਅਭਿਆਸ ਸੇ ਧੀਰੇ-ਧੀਰੇ ਆਪਣੇ ਮਨ ਕੋ ਨਿਗਰਹਿ ਕਰ ਸਕਤੇ ਹੈਂ। ਉਤਸ਼ਾਹ ਔਰ ਸ਼ਰਧਾ ਸੇ ਦੀਰਘ ਕਾਲ ਤਕ ਅਭਿਆਸ ਕਰਨੇ ਸੇ ਆਪ ਸਮਾਧ ਮੇਂ ਇਸਥਿਤ ਹੋ ਸਕਤੇ ਹੈਂ।

2. ਨੇਮ ਪਾਂਚ ਹੈਂ - 1. ਸੌਚ 2. ਸੰਤੋਸ਼ 3. ਤਪ 4. ਸ੍ਵੈ-ਅਧਯਾਏ 5. ਆਤਮ ਨਿਵੇਦਨ

3. ਆਸਣ - 1. ਪਦਮ ਆਸਣ 2. ਸਿੱਧ ਆਸਣ 3. ਸੁਤੇ ਆਸਣ ਮੁਖ ਆਸਣ ਹਨ।

4. ਪ੍ਰਾਣਾਯਾਮ - ਪ੍ਰਾਣੋਂ ਕੋ ਕਾਬੂ ਕਰਨਾ ਪ੍ਰਾਣਾਯਾਮ ਹੈ। ਯੋਗੀਸ਼੍ਵਰੋਂ ਨੇ ਪ੍ਰਾਣ ਔਰ ਮਨ ਏਕ ਮਾਨੇ ਹੈਂ। ਮਨ ਕੋ ਕਾਬੂ ਕਰੀਏ ਤੋ ਪ੍ਰਾਣੋਂ ਕਾ ਕਾਬੂ ਹੋ ਜਾਤਾ ਹੈ। ਤਿੰਨ ਕਿਸਮ ਕਾ ਪ੍ਰਾਣਾਯਾਮ -

1. ਪੂਰਕ 2. ਕੁੰਭਕ 3. ਰੇਚਕ

ਸ੍ਵਾਸ ਅੰਦਰ ਖੈਂਚਨਾ = ਪੂਰਕ ਪ੍ਰਾਣਾਯਾਮ ਹੈ।

ਸ੍ਵਾਸ ਰੋਕਣਾ = ਕੁੰਭਕ ਪ੍ਰਾਣਾਯਾਮ ਹੈ।

ਸ੍ਵਾਸ ਬਾਹਰ ਨਿਕਾਲਨਾ = ਰੇਚਕ ਪ੍ਰਾਣਾਯਾਮ ਹੈ।

ਇਕ - ਚਾਰ - ਦੋ

1 : 2 : 4 Ratio

5. ਪ੍ਰਤਿਆਹਾਰ : ਇੰਦ੍ਰੀਓ ਕੋ ਬਾਰ-ਬਾਰ ਉਨ ਕੇ ਵਿਸ਼ਿਓਂ ਸੇ ਰੋਕਨੇ ਕਾ ਨਾਮ ਹੈ (ਇੰਦ੍ਰੀਏਂ ਦਮਨ)

6. ਧਾਰਣਾ - ਚਿਤ ਕੀ ਇਕਾਗਤਾ ਕਾ ਨਾਮ ਹੈ। ਅਗਰ ਆਪ ਅਪਨੇ ਮਨ ਕੋ 12 ਸੈਕਿੰਡ ਕਿਸੀ ਬਿੰਦੂ ਯਾ ਨਿਸ਼ਾਨੇ ਪਰ ਕਿਟਾ ਸਕੇ ਤੋਂ ਇਕ ਧਾਰਣਾ ਹੂਈ। ਇਸੀ ਪ੍ਰਕਾਰ ਬਾਰਹ (12) ਧਾਰਣਾਓਂ ਕਾ ਏਕ ਧਿਆਨ ਹੋ ਜਾਏਗਾ। ਇਸੀ ਤਰ੍ਹਾਂ 12 ਧਿਆਨੋਂ ਕੀ ਏਕ ਸਮਾਧ ਬਣ ਜਾਏਗੀ।

7. ਧਿਆਨ : ਧਾਰਣਾ 12X12X12=144 ਸੈਕਿੰਡ ਕਿਸੀ ਵਸਤੂ ਪਰ ਤੇਲ ਧਾਰਾ ਵਤ ਮਨ ਕੋ ਲਗਾਨਾ ਧਿਆਨ ਕਹਿਲਾਤਾ ਹੈ।

8. ਸਮਾਧ : ਧਾਰਣਾ 12X12X12 ਤਕਰੀਬਨ 1/2 ਘੰਟਾ (ਅੱਧਾ ਘੰਟਾ) ਪੂਰਨ ਗਿਆਨ ਕੀ ਅਵਸਥਾ ਹੈ। ਵੁਹ ਪਾਰਬ੍ਰਹਮ ਪ੍ਰਮਾਤਮਾ ਕੇ ਸਾਥ ਮੇਲ ਹੈ। ਸਭ ਸੰਕਲਪ ਸ਼ਾਂਤ ਹੋਨੇ ਪਰ ਸਮਾਧ ਕੀ ਅਵਸਥਾ ਅਕਥਨੀਯ ਹੈ।

## ਭਗਤ ਯੋਗ

*ਭਗਤਿ ਨਵੈ ਪਰਕਾਰਾ॥ ਪੰਡਿਤੁ ਵੇਦੁ ਪੁਕਾਰਾ॥* *ਅੰਗ - ੭੧*

ਨੌਂ ਕਿਸਮ ਕੀ ਭਗਤੀ ਮਾਨੀ ਗਈ ਹੈ।

1. ਸਰਵਨ 2. ਕੀਰਤਨ 3. ਸਿਮਰਨ 4. ਬੰਦਨ 5. ਅਰਚਨ 6. ਪਾਦ ਸੇਵਨ 7. ਦਾਸਾ ਭਾਉ 8. ਸਖਾ ਯਾ ਸਖੀ ਭਾਉ 9. ਆਤਮ ਨਿਵੇਦਨ

ਭਗਤੀ ਦੋ ਸੇ ਸ਼ੁਰੂ ਹੋ ਕਰ ਏਕ ਮੇਂ ਸਮਾ ਜਾਤੀ ਹੈ ਯਾਨਿ ਭਗਤ ਅਪਨੇ ਭਗਵਾਨ ਕੀ ਭਗਤੀ ਕਰਤਾ-ਕਰਤਾ ਉਸੀ ਮੇਂ ਲੀਨ ਹੋ ਜਾਤਾ ਹੈ। ਬੂੰਦ ਸਮੁੰਦਰ ਮੇਂ ਮਿਲ ਕਰ ਸਮੁੰਦਰ ਹੀ ਬਨ ਜਾਤੀ ਹੈ। ਅਤਿਅੰਤ ਸ਼ਰਧਾ ਔਰ ਭਗਤੀ ਅਪਨੇ ਇਸ਼ਟ ਦੇਵ ਮੇਂ ਪ੍ਰਮੇਸ਼ਰ ਭਾਉ ਸੇ ਹੋਨੀ ਚਾਹੀਏ।

ਗੁਰੂ ਕੇ ਬ ਚਨੋਂ ਮੇਂ ਅਤਿਅੰਤ ਸ਼ਰਧਾ ਹੀ ਸਫਲਤਾ ਕਾ ਕਾਰਨ ਹੋਤੀ ਹੈ। ਹੰਗਤਾ ਬਿਲਕੁਲ ਖਤਮ ਹੋਨੇ ਸੇ ਅਭੇਦਤਾਈ ਪ੍ਰਾਪਤ ਹੋਤੀ ਹੈ। ਨੌਧਾ ਭਗਤੀ ਕਰਤੇ-ਕਰਤੇ ਪ੍ਰੇਮਾ ਭਗਤੀ ਪ੍ਰਾਪਤੀ ਹੋਤੀ ਹੈ। ਜਿਸ ਸੇ ਮਿਲਾਪ ਹੋਤਾ ਹੈ। ਨੌਧਾ ਭਗਤੀ ਕਾ ਫਲ ਹੋਤਾ ਹੈ-ਪ੍ਰੇਮਾ ਭਗਤੀ। ਪ੍ਰੇਮ ਔਰ ਪ੍ਰਮੇਸ਼ਰ ਦੋਨੋਂ ਏਕ ਹੀ ਰੂਪ ਹੈਂ। ਪ੍ਰੇਮ ਸੇ ਹੀ ਪ੍ਰਭੂ ਮਿਲਾਪ ਹੋਤਾ ਹੈ।

*ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥* *ਪਾਤਿਸ਼ਾਹੀ ੧੦*

## ਜ਼ਰੂਰੀ ਸੂਚਨਾ

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਸੰਨਿਮਰ ਬੇਨਤੀ ਹੈ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਬਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।

### ਫਾਸਟਵੇਅ ਕੇਬਲ ਟੀ.ਵੀ. ਨੈਟਵਰਕ

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**

**4.45 ਤੋਂ 6.45 ਤੱਕ (2 ਘੰਟੇ)**



ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

ਇਹ ਕੀਰਤਨ ਪ੍ਰਬਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇਂ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**
**ਪੂਰਨਮਾਸ਼ੀ - 25 ਜਨਵਰੀ, ਦਿਨ ਵੀਰਵਾਰ (ਸਮਾਂ - 10.00 ਤੋਂ 3.30 ਵਜੇ ਤੱਕ)**
**ਪੋਖਿ ਸੰਗਰਾਂਦ - 14 ਜਨਵਰੀ, ਦਿਨ ਐਤਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**
**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20 Year) | Rs 3000/3020 |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**
**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

# PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

## LIST OF CORRESPONDENT BANKS

### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

### Canada

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

### Germany

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

### Italy

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

### United Kingdom

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

### United States

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor’s ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 200/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 40/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
